BUYING/SELLING In Michigan
Homes, Gas Stations, Liquor Stores, Plazas, Hotels
RAJ SHERGILL
Associate Broker
Landmark Realty
40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com

Truck Insurance Specialist
• Preferred Carriers (A++)
• Bobtail Insurance
• Cargo and Primary Liability
TRI COUNTY INSURANCE
734 655 9090
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੋਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333


Eighteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

ਪੰਜਾਬ ਟਾਈਮਜ਼

Punjab Times, Vol 18, Issue 16, April 22, 2017
20451 N Plum Grove Rd., Palatine, IL 60074
Ph:847-359-0746, Fax:847-705-9388

# ਡੇਰੇ ਜਾਣ ਵਾਲੇ ਆਗੂ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਵੋਟਾਂ ਖਾਤਰ ਡੇਰਾ ਸਿਰਸਾ ਜਾਣ ਵਾਲੇ ਸਿੱਖ ਸਿਆਸੀ ਆਗੂਆਂ ਨੂੰ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਤਨਖਾਹ ਲਾਈ ਗਈ ਹੈ। ਤਨਖਾਹ ਲਾਉਣ ਸਮੇਂ ਸਾਬਤ ਸੂਰਤ ਸਿੱਖ ਆਗੂਆਂ ਅਤੇ ਪਤਿਤ ਸਿੱਖਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਗਿਆ। ਇਸ ਤੋਂ ਪਹਿਲਾਂ ਸਾਰੇ ਆਗੂਆਂ ਨੇ ਆਪੋ-ਆਪਣੇ ਸਪਸ਼ਟੀਕਰਨ ਸੌਂਪੇ। ਇਕੱਤਰਤਾ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਗੈਰਹਾਜ਼ਰ ਰਹੇ।

ਅਕਾਲ ਤਖਤ ਵਿਖੇ ਤਲਬ ਕੀਤੇ 44 ਸਿੱਖ ਆਗੂਆਂ ਵਿਚੋਂ ਚਾਰ ਨਹੀਂ ਪੁੱਜੇ। ਇਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਅਜਾਇਬ ਸਿੰਘ ਭੱਟੀ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਪੁੱਤਰ ਅਰਜਨ ਸਿੰਘ ਬਾਦਲ (ਸਾਰੇ ਕਾਂਗਰਸੀ) ਅਤੇ ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਸ਼ਾਮਲ ਹਨ। ਗੈਰਹਾਜ਼ਰ ਆਗੂਆਂ ਨੂੰ ਅਗਲੀ ਇਕੱਤਰਤਾ ਸਮੇਂ ਪੇਸ਼ ਹੋਣਾ ਪਵੇਗਾ। ਪੰਜ ਸਿੰਘ ਸਾਹਿਬਾਨ ਨੇ 39 ਆਗੂਆਂ ਨੂੰ ਤਨਖਾਹ ਲਾਈ ਜਿਨ੍ਹਾਂ ਵਿਚ 27 ਅਕਾਲੀ ਦਲ, 11 ਕਾਂਗਰਸ ਅਤੇ ਇਕ ਆਮ ਆਦਮੀ ਪਾਰਟੀ ਨਾਲ ਸਬੰਧਤ ਹੈ, ਜਦੋਂ ਕਿ ਅਕਾਲੀ ਆਗੂ ਮਨਪ੍ਰੀਤ ਸਿੰਘ ਇਆਲੀ ਨੂੰ ਇਸ ਦੋਸ਼ ਤੋਂ ਮੁਆਫ ਕਰ ਦਿੱਤਾ ਗਿਆ। ਉਨ੍ਹਾਂ ਆਪਣੇ ਸਪਸ਼ਟੀਕਰਨ ਵਿਚ ਸਾਬਤ ਕੀਤਾ ਕਿ ਉਹ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਵਿਚ ਸ਼ਾਮਲ ਨਹੀਂ ਸੀ।

ਗੁਰਸਿੱਖ ਆਗੂਆਂ ਨੂੰ ਪੰਥਕ ਰਵਾਇਤ ਮੁਤਾਬਕ ਅਕਾਲ ਤਖਤ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਨੇ ਤਨਖਾਹ ਸੁਣਾਈ। ਇਨ੍ਹਾਂ ਕੁੱਲ 21 ਆਗੂਆਂ ਵਿਚ 20 ਸ਼੍ਰੋਮਣੀ ਅਕਾਲੀ ਦਲ ਦੇ ਅਤੇ ਇਕ ਕਾਂਗਰਸੀ (ਅਜੀਤਇੰਦਰ ਸਿੰਘ ਮੋਫਰ) ਹੈ। ਅਕਾਲੀ ਆਗੂਆਂ ਵਿਚ ਅਜੀਤ ਸਿੰਘ ਸ਼ਾਂਤ, ਦਰਬਾਰਾ ਸਿੰਘ ਗੁਰੂ, ਪਰਮਿੰਦਰ ਸਿੰਘ ਢੀਂਡਸਾ, ਵਰਿੰਦਰ ਕੌਰ, ਇੰਦਰ ਇਕਬਾਲ ਸਿੰਘ ਅਟਵਾਲ, ਮਨਤਾਰ ਸਿੰਘ ਬਰਾੜ, ਪ੍ਰਕਾਸ਼ ਸਿੰਘ ਭੱਟੀ, ਸਿਕੰਦਰ ਸਿੰਘ ਮਲੂਕਾ, ਗੁਰਪ੍ਰੀਤ ਸਿੰਘ ਰਾਜੂ, ਜੀਤਮਹਿੰਦਰ ਸਿੰਘ ਸਿੱਧੂ, ਪਰਮਬੰਸ ਸਿੰਘ, ਕੰਵਲਜੀਤ ਸਿੰਘ ਰੋਜ਼ੀ ਬਰਕੰਦੀ, ਹਰਪ੍ਰੀਤ ਸਿੰਘ ਕੋਟਭਾਈ, ਸੁਰਜੀਤ ਸਿੰਘ ਰੱਖੜਾ, ਇਕਬਾਲ ਸਿੰਘ ਝੂੰਦਾ, ਈਸ਼ਰ ਸਿੰਘ ਮਿਹਰਬਾਨ, ਗੋਬਿੰਦ ਸਿੰਘ ਲੌਂਗੋਵਾਲ, ਰਣਜੀਤ ਸਿੰਘ ਤਲਵੰਡੀ, ਹਰੀ ਸਿੰਘ ਨਾਭਾ ਅਤੇ ਦੀਦਾਰ ਸਿੰਘ ਭੱਟੀ ਸ਼ਾਮਲ ਹਨ। ਇਹ ਸਾਰੇ ਆਗੂ ਸਮੂਹਿਕ ਰੂਪ ਵਿਚ ਪੰਜ ਦਿਨ ਵੱਖ-ਵੱਖ ਸੇਵਾਵਾਂ ਪੂਰੀਆਂ ਕਰਨਗੇ। ਇਕ ਦਿਨ ਇਹ ਸਾਰੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਤੋਂ ਦਰਸ਼ਨੀ ਡਿਓਢੀ ਤੱਕ

*(ਬਾਕੀ ਸਫਾ 6 'ਤੇ)*



## ਤਨਖਾਹੀਆਂ ਦੀ ਵੀ.ਆਈ.ਪੀ. ਸੇਵਾ

**ਅੰਮ੍ਰਿਤਸਰ:** ਸਿੰਘ ਸਾਹਿਬਾਨ ਵੱਲੋਂ ਤਨਖਾਹ ਸੁਣਾਏ ਜਾਣ ਤੋਂ ਪਹਿਲਾਂ ਸਾਰੇ ਸਿਆਸੀ ਆਗੂਆਂ ਨੂੰ ਵੀ.ਆਈ.ਪੀ. ਸੇਵਾ ਦਿੱਤੀ ਗਈ। ਇਨ੍ਹਾਂ ਸਾਰਿਆਂ ਨੂੰ ਸ੍ਰੀ ਅਕਾਲ ਤਖਤ ਦੀ ਮੁੱਖ ਇਮਾਰਤ ਹੇਠਾਂ ਬਣੇ ਭੋਰੇ ਵਿਚ ਏ.ਸੀ. ਦੀ ਠੰਢੀ ਹਵਾ ਵਿਚ ਬਿਠਾਇਆ ਗਿਆ ਅਤੇ ਉਥੇ ਹੀ ਚਾਹ-ਪਾਣੀ ਵਰਤਾਇਆ ਗਿਆ, ਜਦੋਂ ਕਿ ਆਮ ਤੌਰ 'ਤੇ ਤਲਬ ਕੀਤੇ ਦੋਸ਼ੀਆਂ ਨੂੰ ਅਕਾਲ ਤਖਤ ਦੇ ਸਕੱਤਰੇਤ ਦੇ ਬਾਹਰ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ।

# ਗਿਆਨੀ ਗੁਰਮੁਖ ਸਿੰਘ ਨੇ ਕਸੂਤੇ ਫਸਾਏ ਜਥੇਦਾਰ



**ਅੰਮ੍ਰਿਤਸਰ:** ਡੇਰਾ ਸਿਰਸਾ ਦੀ ਸਿਆਸੀ ਹਮਾਇਤ ਲੈਣ ਗਏ ਲੀਡਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਜ਼ਾ ਲਾਏ ਜਾਣ ਤੋਂ ਬਾਅਦ ਇਕ ਹੋਰ ਵਿਵਾਦ ਛਿੜ ਗਿਆ ਹੈ। ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਦਾਅਵਾ ਕੀਤਾ ਹੈ ਕਿ ਤਖਤ ਸਾਹਿਬਾਨ ਦੇ ਜਥੇਦਾਰਾਂ ਨੂੰ ਸਿਆਸੀ ਦਬਾਅ ਹੇਠ ਫੈਸਲੇ ਲੈਣੇ ਪੈਂਦੇ ਹਨ। ਇਹ ਵਿਵਾਦ ਉਸ ਵੇਲੇ ਸ਼ੁਰੂ ਹੋਇਆ ਜਦੋਂ ਡੇਰਾ ਹਮਾਇਤ ਮਾਮਲੇ ਵਿਚ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਹੋਣ ਵਾਲੀ ਬੈਠਕ ਨਾਲ ਗਿਆਨੀ ਗੁਰਮੁਖ ਸਿੰਘ ਸਹਿਮਤ ਨਾ ਹੋਏ।

ਭਾਈ ਗੁਰਮੁਖ ਸਿੰਘ ਨੇ ਖੁਲਾਸਾ ਕੀਤਾ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਵਾਲਾ ਫੈਸਲਾ ਸਿਆਸੀ ਦਬਾਅ ਹੇਠ ਕੀਤਾ ਗਿਆ ਸੀ। ਇਸ ਤੋਂ ਇਲਾਵਾ ਵੀ ਕਈ ਫੈਸਲੇ ਸਿਆਸੀ ਦਬਾਅ ਹੇਠ ਹੋਏ ਹਨ। ਸਿੰਘ ਸਾਹਿਬਾਨ ਦੀ ਇਕੱਤਰਾ ਵਿਚ ਸ਼ਾਮਲ ਨਾ ਹੋਣ ਉਤੇ ਅੜੇ ਭਾਈ ਗੁਰਮੁਖ ਸਿੰਘ ਨੂੰ ਤਿੰਨ ਤਖਤਾਂ ਦੇ ਜਥੇਦਾਰ ਮਨਾਉਣ ਗਏ, ਪਰ ਉਨ੍ਹਾਂ ਨੇ ਸ਼ਰਤ ਰੱਖੀ ਕਿ ਪਹਿਲਾਂ ਇਹ ਦੱਸਿਆ ਜਾਵੇ ਕਿ ਡੇਰਾ ਮੁਖੀ ਦੀ ਮੁਆਫੀ ਵਾਲਾ ਪੱਤਰ ਕੌਣ ਲੈ ਕੇ ਆਇਆ ਸੀ ਅਤੇ ਕਿਸ ਕੋਲ ਆਇਆ ਸੀ। ਉਹ ਪਿਛਲੇ ਡੇਢ ਸਾਲ ਤੋਂ ਮੰਗ ਕਰ ਰਹੇ ਹਨ ਕਿ ਡੇਰਾ ਮੁਖੀ ਦੀ ਮੁਆਫੀ ਸਬੰਧੀ ਚਿੱਠੀ ਬਾਰੇ ਪੰਥ ਨੂੰ ਸਪੱਸ਼ਟ ਕੀਤਾ ਜਾਵੇ। ਇਸ ਚਿੱਠੀ ਨੂੰ ਲਿਆਉਣ ਨਾਲ ਉਨ੍ਹਾਂ ਦਾ ਨਾਂ ਜੋੜਿਆ ਜਾ ਰਿਹਾ ਹੈ ਜਿਸ ਨਾਲ ਉਨ੍ਹਾਂ ਦੀ ਬਦਨਾਮੀ ਹੋਈ ਹੈ।

ਗਿਆਨੀ ਗੁਰਮੁਖ ਸਿੰਘ ਨੇ ਜਲੰਧਰ ਤੋਂ ਛਪਦੇ ਇਕ ਪੰਜਾਬੀ ਅਖਬਾਰ ਦੇ ਸੰਪਾਦਕ 'ਤੇ ਵੀ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿਵਾਉਣ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ। ਉਨ੍ਹਾਂ ਕਿਹਾ ਕਿ ਦਲਜੀਤ ਸਿੰਘ ਚੀਮਾ ਕਹਿੰਦੇ ਸਨ ਕਿ ਸੰਪਾਦਕ, ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਚਾਹੁੰਦੇ ਸਨ। ਉਨ੍ਹਾਂ ਦਾਅਵਾ ਕੀਤਾ

*(ਬਾਕੀ ਸਫਾ 6 'ਤੇ)*

Best Fare Guarantee
AMRITSAR $915
DELHI $875
Mumbai $865
866 66 INDIA
4 6 3 4 2
Harpreet Singh
WorldWide
www.fly2world.com
Travel
Detroit 734 838 9998
Chicago 312 224 8800
Fares shown above are from Chicago and may change without notice, please call our office for more details. Other conditions apply.




RENU SINGH TAKHAR
YOUR REALTOR FOR LIFE
■Residential
■Commercial
■Buying ■Selling
■Financing
■Notary ■Consultation
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
For your home buying and selling, please call or e-mail:
Ph: 248-982-4441
RENU.TAKHAR@GMAIL.COM


# ਲੈਨਸਿੰਗ ਵਿਚ ਸਾਲਾਨਾ ਨਗਰ ਕੀਰਤਨ 6 ਮਈ ਨੂੰ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਵਲੋਂ ਸੰਗਤ ਦੇ ਸਹਿਯੋਗ ਨਾਲ ਖਾਲਸੇ ਦੇ ਜਨਮ ਦਿਹਾੜੇ 'ਤੇ ਮਹਾਨ ਨਗਰ ਕੀਰਤਨ ਅਤੇ ਵਿਸਾਖੀ ਮੇਲਾ ਸਨਿਚਰਵਾਰ, 6 ਮਈ 2017 ਨੂੰ ਕੀਤਾ ਜਾ ਰਿਹਾ ਹੈ।

ਪ੍ਰਬੰਧਕਾਂ ਵਲੋਂ ਜਾਰੀ ਬਿਆਨ ਅਨੁਸਾਰ 6 ਮਈ ਨੂੰ ਸਵੇਰੇ 7 ਵਜੇ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਉਪਰੰਤ ਪੰਥ ਪ੍ਰਸਿਧ ਕੀਰਤਨੀਏ ਅਤੇ ਕਥਾਵਾਚਕ ਸ਼ਬਦ ਕੀਰਤਨ ਤੇ ਕਥਾ ਰਾਹੀਂ ਅਤੇ ਢਾਡੀ ਜਥਾ ਦੇਸਰਾਜ ਸਿੰਘ ਦੀਵਾਨਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ (300 ਨਾਰਥ ਗਰੈਂਡ ਐਵੇਨਿਊ, ਲੈਨਸਿੰਗ) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ 'ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਪਰੇਡ ਦੀ ਸਮਾਪਤੀ 'ਤੇ ਅਡੈਡੋ ਰਿਵਰਫਰੰਟ ਪਾਰਕ 'ਚ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ। ਤਾਜ਼ਾ ਜਲੇਬੀਆਂ ਤੇ ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਧਾਰਮਿਕ ਤਸਵੀਰਾਂ ਅਤੇ ਪੇਂਟਿੰਗ ਦਾ ਸਟਾਲ ਵੀ ਲੱਗੇਗਾ। ਲੰਗਰ ਦੀ ਸੇਵਾ ਗਰਿੱਲ ਆਫ ਇੰਡੀਆ ਤੇ ਫਲਿੰਟ ਦੀ ਸੰਗਤ ਵਲੋਂ, ਗੰਨੇ ਦੇ ਰਸ ਦੀ ਸੇਵਾ ਜੈਕਸਨ ਦੀ ਸੰਗਤ ਵਲੋਂ ਅਤੇ ਛੋਲੇ-ਭਠੂਰਿਆਂ ਦੀ ਸੇਵਾ ਡਿਟਰਾਇਟ ਦੀ ਸੰਗਤ ਵਲੋਂ ਹੋਵੇਗੀ। ਇਸ ਤੋਂ ਇਲਾਵਾ ਪੀਜ਼ੇ ਦੀ ਸੇਵਾ ਅਮਰਜੀਤ ਸਿੰਘ ਵਲੋਂ ਅਤੇ ਪਾਣੀ ਦੀ ਸੇਵਾ ਜਸਵੀਰ ਸਿੰਘ ਗਰੈਂਡ ਰੈਪਿਡਜ਼ ਕਰਨਗੇ।

ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਗਾਇਕ ਮਿਸ ਪੂਜਾ ਅਤੇ ਗਿੱਧੇ-ਭੰਗੜੇ ਦੀਆਂ ਟੀਮਾਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਪ੍ਰਬੰਧਕਾਂ ਨੇ ਬੇਨਤੀ ਕੀਤੀ ਹੈ ਕਿ ਕੋਈ ਵੀ ਸੱਜਣ ਸ਼ਰਾਬ ਪੀ ਕੇ ਜਾਂ ਕੋਈ ਹੋਰ ਨਸ਼ੀਲੀ ਵਸਤੂ ਦਾ ਸੇਵਨ ਕਰਕੇ ਪਰੇਡ ਵਿਚ ਸ਼ਾਮਲ ਨਾ ਹੋਵੇ। ਹੋਰ ਜਾਣਕਾਰੀ ਲਾਡੀ ਮੁਲਤਾਨੀ (ਫੋਨ: 517-204-4171), ਬਲਬੀਰ ਸਿੰਘ (517-402-1811) ਜਾਂ ਕੁਲਦੀਪ ਸਿੰਘ (517-402-4910) ਪਾਸੋਂ ਲਈ ਜਾ ਸਕਦੀ ਹੈ।

# ਸੰਤ ਮੁਰਾਲੇਵਾਲਿਆਂ ਦੀ 67ਵੀਂ ਬਰਸੀ 'ਤੇ ਸਮਾਗਮ 28 ਮਈ ਨੂੰ


ਸੰਤ ਪ੍ਰੇਮ ਸਿੰਘ ਮੁਰਾਲੇਵਾਲੇ

**ਕਰਾਊਨ ਪੁਆਇੰਟ, ਇੰਡੀਆਨਾ (ਬਿਊਰੋ):** ਸੇਵਾ ਦੇ ਪੁੰਜ, ਗੁਰਮਤਿ ਦੇ ਪ੍ਰਚਾਰਕ ਅਤੇ ਗੁਰਬਾਣੀ ਦੇ ਪ੍ਰੇਮੀ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 67ਵੀਂ ਬਰਸੀ 28 ਮਈ 2017 ਨੂੰ ਇਥੇ ਗੁਰਦੁਆਰਾ ਕਰਾਊਨ ਪੁਆਇੰਟ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਸੁਸਾਇਟੀ, ਇੰਡੀਆਨਾ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

ਸੁਸਾਇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਬੰਧੀ 26 ਮਈ, ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਅਰੰਭ ਹੋਵੇਗਾ। 27 ਮਈ, ਸਨਿਚਰਵਾਰ ਨੂੰ ਸ਼ਾਮ 6 ਵਜੇ ਤੋਂ 8:30 ਵਜੇ ਤੱਕ ਵਿਸ਼ੇਸ਼ ਕੀਰਤਨ ਦਰਬਾਰ ਸਜੇਗਾ ਜਿਸ ਵਿਚ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਹੈਡ ਗ੍ਰੰਥੀ ਭਾਈ ਰਣਜੀਤ ਸਿੰਘ ਸ਼ਬਦ ਵਿਆਖਿਆ ਅਤੇ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲੁਆਉਣਗੇ। 28 ਮਈ, ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜੇਗਾ ਜਿਸ ਵਿਚ ਭਾਈ ਰਣਜੀਤ ਸਿੰਘ ਅਤੇ ਭਾਈ ਬਲਦੇਵ ਸਿੰਘ ਵਡਾਲਾ ਤੋਂ ਇਲਾਵਾ ਗੁਰਦੁਆਰਾ ਕਰਾਊਨ ਪੁਆਇੰਟ, ਗੁਰਦੁਆਰਾ ਮਿਸ਼ਵਾਕਾ ਅਤੇ ਗੁਰਦੁਆਰਾ ਸਾਊਥਬੈਂਡ ਦੇ ਕੀਰਤਨੀ ਜਥੇ ਸ਼ਬਦ ਗਾਇਨ ਕਰਨਗੇ।


ਭਾਈ ਰਣਜੀਤ ਸਿੰਘ


ਭਾਈ ਬਲਦੇਵ ਸਿੰਘ ਵਡਾਲਾ

ਹੋਰ ਜਾਣਕਾਰੀ ਕੁਲਦੀਪ ਸਿੰਘ ਟਾਂਡਾ ਪਾਸੋਂ ਫੋਨ: 219-775-5903 ਰਾਹੀਂ ਲਈ ਜਾ ਸਕਦੀ ਹੈ।


ਪਲੈਜ਼ੈਂਟ ਟਰੈਵਲ ਐਂਡ ਟੂਰਜ਼

Pleasant Travel & Tours

6257 N. Clark Street, Chicago, IL 60660

Serving Community For Over 25 Years

Fly to Any Destination with the Best Price

Chicago-Amritsar = $ 795.00
Chicago-Delhi = $695.00
Chicago-Mumbai = $ 695.00
Restriction do apply

Ph:773-508-1927

ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ

Pleasanttravel@hotmail.com
www.pleasanttravelchicago.com

TURKISH AIRLINES · ETIHAD AIRWAYS · QATAR AIRWAYS · Emirates



Singh Tax & Accounting Services LLC.

Individual & Business Taxes, Accounting, Payroll & Financial Consulting Services.

File your taxes on time, Tax planning, start new business, to resolve tax related matters with IRS. Free consultation for tax matters. Translation from Punjabi to English and Notary Services.

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph:248-982-2036

Fax:616-855-5575



Mohan Singh M.COM, MBA (Finance), ACA Master in Taxation. IRS Enrolled agent, Notary Public

Office Locations
38969 Cheshire Dr., Northville, MI 48167
38565 Joy Rd., Westland, MI 48185

Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com



# ਗੁਰਦੁਆਰਾ ਸਿੰਘ ਸਭਾ ਆਫ ਕੈਂਟਨ ਮਿਸ਼ੀਗਨ

3310 S. CANTON CENTER RD., CANTON, MI 48188, Ph# 734-397-7281

ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ

## ਅੰਮ੍ਰਿਤ ਸੰਚਾਰ

29 ਅਪਰੈਲ 2017 (ਸਨਿਚਰਵਾਰ) ਸਵੇਰੇ 10 ਵਜੇ



ਹੋਰ ਜਾਣਕਾਰੀ ਲਈ ਸੰਪਰਕ ਕਰੋ: ਭਾਈ ਤੇਜਕਿਰਨ ਸਿੰਘ 734-756-7338


ਗੁਰੂ ਘਰ ਦੀ ਨਵੀਂ ਇਮਾਰਤ

## ਖੂਨ ਦਾਨ ਕੈਂਪ

9 ਜੁਲਾਈ 2017 (ਐਤਵਾਰ)

ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਬੀਬੀ ਗੁਰਮੀਤ ਕੌਰ, ਫੋਨ: 734-674-0316

ਹੋਰ ਜਾਣਕਾਰੀ ਲਈ ਗੁਰੂਘਰ ਦੇ ਫੋਨ 734-397-7281 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ

# ਸਿੱਖ ਰਿਲੀਜੀਅਸ ਸੁਸਾਇਟੀ (ਵਿਸਕਾਨਸਿਨ)

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥

## ਸਮੂਹ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਵਿਸਾਖੀ ਦੀ ਕੋਟਾਨਿ ਕੋਟਿ ਵਧਾਈ



ਪੀਵਹੁ ਪਾਹਲੁ ਖੰਡੇਧਾਰ ਹੋਇ ਜਨਮ ਸੁਹੇਲਾ

## ਅੰਮ੍ਰਿਤ ਸੰਚਾਰ ਸਮਾਗਮ

ਐਤਵਾਰ 23 ਅਪਰੈਲ ਨੂੰ ਸਵੇਰੇ 7 ਵਜੇ



ਕੱਕਾਰ ਗੁਰਦੁਆਰਾ ਸਾਹਿਬ ਦੀ ਤਰਫੋਂ ਮੁਹੱਈਆ ਕਰਵਾਏ ਜਾਣਗੇ। ਅੰਮ੍ਰਿਤ ਛਕਣ ਦੇ ਚਾਹਵਾਨ ਸੱਜਣ ਜੋਗਿੰਦਰ ਸਿੰਘ ਸੰਧਾਵਾਲੀਆ (414-241-7562) ਜਾਂ ਭਾਈ ਗੁਰਮੁਖ ਸਿੰਘ (262-366-2174) ਕੋਲ ਆਪਣਾ ਨਾਂ ਲਿਖਵਾ ਦੇਣ।

ਕਮੇਟੀ ਮੈਂਬਰ ->

SIKH RELIGIOUS SOCIETY OF WISCONSIN

ਜੋਗਿੰਦਰ ਸਿੰਘ ਸੰਧਾਵਾਲੀਆ (ਪ੍ਰਧਾਨ) ਫੋਨ: 414-241-7562
ਜਗਦੀਸ਼ਰ ਸਿੰਘ ਕਲੇਰ (ਮੀਤ ਪ੍ਰਧਾਨ) ਫੋਨ: 414-460-7118
ਨਮਰਤਾ ਕੌਰ ਸੰਧੂ (ਪਬਲਿਕ ਰਿਲੇਸ਼ਨ ਇੰਚਾਰਜ) ਫੋਨ: 414-731-8387
ਕੰਵਲ ਸਿੰਘ (ਸਕੱਤਰ) ਫੋਨ: 414-737-0570
ਲਖਵੀਰ ਸਿੰਘ ਸੀਹਰਾ (ਬਿਲਡਿੰਗ ਇੰਚਾਰਜ) ਫੋਨ: 262-613-5173
ਅਨੂਪ ਸਿੰਘ (ਲੰਗਰ ਤੇ ਤਕਨੀਕੀ ਇੰਚਾਰਜ) ਫੋਨ: 414-477-6392
ਮੋਹਿੰਦਰ ਸਿੰਘ ਔਲਖ (ਖਜ਼ਾਨਚੀ) ਫੋਨ: 262-716-5859

# Sikh Religious Society of Wisconsin

3675 N Calhoun Rd, Brookfield WI 53207 Ph: 262-790-1600

# ਵਿਸਾਖੀ ਕਾਨਫਰੰਸਾਂ ਵਿਚ ਧਰਮ ਦੀ ਓਟ 'ਚ ਚੱਲੇ ਸਿਆਸੀ ਤੀਰ

## ਚੋਣ ਵਾਅਦਿਆਂ ਵੱਲ ਧਿਆਨ ਦੇਵੇ ਕੈਪਟਨ



**ਤਲਵੰਡੀ ਸਾਬੋ:** ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਤਖਤ ਦਮਦਮਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਕੀਤੀ ਸਿਆਸੀ ਕਾਨਫਰੰਸ ਵਿਚ ਸਿਆਸੀ ਆਗੂਆਂ ਨੇ ਧਰਮ ਦੀ ਓਟ ਵਿਚ ਸਿਆਸੀ ਤੀਰਾਂ ਦੀ ਰਜਵੀਂ ਬੁਛਾੜ ਕੀਤੀ। ਅਕਾਲੀ ਦਲ (ਬਾਦਲ) ਦੀ ਸਟੇਜ ਤੋਂ ਆਗੂਆਂ ਨੇ ਕਾਂਗਰਸ 'ਤੇ ਝੂਠੇ ਵਾਅਦਿਆਂ, ਨਸ਼ਿਆਂ ਅਤੇ ਬੇਅਦਬੀਆਂ ਬਾਰੇ ਅਕਾਲੀ ਦਲ ਵਿਰੁੱਧ ਕੂੜ ਪ੍ਰਚਾਰ ਜ਼ਰੀਏ ਸੱਤਾ ਹਥਿਆਉਣ ਦੇ ਦੋਸ਼ ਲਗਾਏ। ਤਖਤ ਸ੍ਰੀ ਦਮਦਮਾ ਸਾਹਿਬ ਨੇੜੇ ਸਥਿਤ ਭਾਈ ਡੱਲ ਸਿੰਘ ਦੀਵਾਨ ਹਾਲ ਵਿਖੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਇਕ ਮਹੀਨੇ ਵਿਚ ਫੜਨ ਲਈ ਗੁਟਕਾ ਸਾਹਿਬ ਹੱਥ 'ਚ ਫੜ ਚੁੱਕੀ ਸਹੁੰ ਦੇ ਪੂਰਾ ਹੋਣ ਵਿਚ ਸਿਰਫ ਗਿਣਤੀ ਦੇ ਦਿਨ ਬਚੇ ਹਨ, ਪਰ ਸਰਕਾਰ ਦੋਸ਼ੀਆਂ ਨੂੰ ਫੜਨਾ ਤਾਂ ਦੂਰ ਮੁਲਜ਼ਮਾਂ ਦੇ ਨੇੜੇ-ਤੇੜੇ ਵੀ ਨਹੀਂ ਪੁੱਜ ਸਕੀ। ਉਨ੍ਹਾਂ ਅਕਾਲੀ ਵਰਕਰਾਂ ਨੂੰ ਪਿੰਡ ਤਰਮਾਲਾ ਵਿਖੇ ਪੁਲਿਸ ਛਾਪੇਮਾਰੀ 'ਚ ਮਰੇ ਅਕਾਲੀ ਵਰਕਰ ਦੀ ਘਟਨਾ ਵਾਂਗ ਇਕਜੁਟ ਰਹਿਣ ਦਾ ਸੱਦਾ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਿੱਖ ਕੌਮ ਨੇ ਆਪਣੀ ਜੁਝਾਰੂ ਸੁਭਾਅ ਕਰ ਕੇ ਦੁਨੀਆਂ ਵਿਚ ਨਾਂ ਬਣਾਇਆ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸਮਾਜ ਵਿਚੋਂ ਭਰੂਣ ਹੱਤਿਆ ਅਤੇ ਦਾਜ ਜਿਹੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਸੁਨੇਹਾ ਦਿੱਤਾ।

## ਬਾਦਲਾਂ ਨੇ ਅਬਦਾਲੀ ਨੂੰ ਵੀ ਮਾਤ ਪਾਈ



**ਤਲਵੰਡੀ ਸਾਬੋ:** ਸੱਤਾਧਾਰੀ ਕਾਂਗਰਸ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰਹਾਜ਼ਰੀ ਵਿਚ ਸਿਆਸੀ ਕਾਨਫਰੰਸ ਕੀਤੀ ਗਈ। ਮੁੱਖ ਮੰਤਰੀ ਦੀ ਗੈਰਹਾਜ਼ਰੀ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੂਹਰੇ ਹੋ ਸਰਕਾਰ ਦੀ ਨੁਮਾਇੰਦਗੀ ਕੀਤੀ। ਵਿੱਤ ਮੰਤਰੀ ਨੇ ਕਿਸਾਨੀ ਕਰਜ਼ਿਆਂ, ਲੋਕਪਾਲ ਬਿੱਲ ਸਮੇਤ ਕਈ ਅਹਿਮ ਫੈਸਲਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੰਜਾਬ ਦੀ ਜਨਤਾ ਤੋਂ ਤਿੰਨ ਮਹੀਨੇ ਦਾ ਸਮਾਂ ਮੰਗਿਆ। ਪਿਛਲੀ ਬਾਦਲ ਸਰਕਾਰ ਨੇ ਪੰਜਾਬ ਦੇ ਖਜ਼ਾਨੇ ਨੂੰ ਜਿਸ ਤਰ੍ਹਾਂ ਲੁੱਟਿਆ, ਉਨ੍ਹਾਂ ਅਹਿਮਦਸ਼ਾਹ ਅਬਦਾਲੀ ਜਿਹੇ ਲੁਟੇਰੇ ਅਤੇ ਅੰਗਰੇਜ਼ਾਂ ਨੂੰ ਮਾਤ ਪਾ ਦਿੱਤੀ। ਪੰਜਾਬ ਨੂੰ ਨਵੀਂ ਲੀਹਾਂ 'ਤੇ ਲਿਆਉਣਾ ਵੱਡਾ ਕੰਮ ਹੈ, ਪਰ ਫਿਰ ਵੀ ਸਰਕਾਰ ਪੰਜਾਬ ਦੇ ਵਿਕਾਸ ਲਈ ਆਮਦਨ ਦੇ ਨਵੇਂ ਸਰੋਤ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਚੋਣ ਮੈਨੀਫੈਸਟੋ ਵਿਚ ਕੀਤੇ ਵਾਅਦੇ ਪੂਰੇ ਕਰੇਗੀ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਵੱਡੇ ਉਦਯੋਗ ਇਥੇ ਲਿਆਂਦੇ ਜਾ ਰਹੇ ਹਨ। ਮੁੰਬਈ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਪੰਜਾਬ ਦੇ ਮੰਤਰੀਆਂ ਦੀ ਇਕ ਮੀਟਿੰਗ 27 ਵੱਡੇ ਉਦਯੋਗਪਤੀਆਂ ਨਾਲ ਹੋ ਚੁੱਕੀ ਹੈ। ਮੁੱਖ ਮੰਤਰੀ ਜਲਦੀ ਹੀ ਬਠਿੰਡਾ ਨੂੰ ਵੱਡਾ ਤੋਹਫਾ ਦੇਣਗੇ। ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੇ ਪੰਥ ਵਿਰੋਧੀ ਹੋਣ ਦਾ ਕੂੜ ਪ੍ਰਚਾਰ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਪਿਛਲੀ ਕੈਪਟਨ ਸਰਕਾਰ ਨੇ 19 ਹਜ਼ਾਰ ਕਰੋੜ ਦਾ ਕਰਜ਼ਾ ਲੈ ਕੇ ਪੰਜਾਬ ਨੂੰ ਖੁਸ਼ਹਾਲ ਕੀਤਾ ਸੀ, ਪਰ ਬਾਦਲ ਸਰਕਾਰ ਨੇ 1.34 ਲੱਖ ਹਜ਼ਾਰ ਕਰੋੜ ਦਾ ਕਰਜ਼ਾ ਲੈ ਕੇ ਰਾਜ ਨੂੰ ਬਰਬਾਦ ਕਰ ਦਿੱਤਾ।

## 'ਆਪ' ਵੱਲੋਂ ਕੇਂਦਰੀ ਲੀਡਰਸ਼ਿਪ ਦੀ ਭੰਡੀ



**ਤਲਵੰਡੀ ਸਾਬੋ:** ਵਿਸਾਖੀ ਮੌਕੇ ਆਮ ਆਦਮੀ ਪਾਰਟੀ ਦੀ ਸਿਆਸੀ ਕਾਨਫਰੰਸ ਵਿਚ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੀ ਆਲੋਚਨਾ ਅਤੇ ਪਾਰਟੀ ਦੀ ਪੰਜਾਬ ਇਕਾਈ ਨੂੰ ਖੁਦਮੁਖਤਿਆਰੀ ਦਿੱਤੇ ਜਾਣ ਦਾ ਮੁੱਦਾ ਭਾਰੂ ਰਿਹਾ। ਪੰਜਾਬ ਵਿਧਾਨ ਸਭਾ ਵਿਚ ਪਾਰਟੀ ਦੇ ਚੀਫ ਵ੍ਹਿਪ ਸੁਖਪਾਲ ਸਿੰਘ ਖਹਿਰਾ ਨੇ ਇਸ ਮੁੱਦੇ ਨੂੰ ਜ਼ੋਰ ਸ਼ੋਰ ਨਾਲ ਉਠਾਇਆ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਦੀ ਪੜਚੋਲ ਕਰ ਕੇ ਪਾਰਟੀ ਨੂੰ ਨਵੇਂ ਸਿਰੇ ਤੋਂ ਲਾਮਬੰਦ ਕੀਤਾ ਜਾਵੇ। ਚੋਣਾਂ ਦੌਰਾਨ ਮੁੱਖ ਮੰਤਰੀ ਦਾ ਚਿਹਰਾ ਨਾ ਦੇਣਾ ਵੱਡੀ ਭੁੱਲ ਸੀ।

ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸੁਖਪਾਲ ਸਿੰਘ ਖਹਿਰਾ ਵੱਲੋਂ ਉਠਾਏ ਮੁੱਦੇ ਦੀ ਤਾਈਦ ਕਰਦੇ ਹਨ। ਜੇਕਰ ਅੰਦਰੂਨੀ ਲੋਕਤੰਤਰ ਮੁਤਾਬਕ ਇਸ ਮੁੱਦੇ ਨੂੰ ਉਭਾਰਿਆ ਜਾਂਦਾ ਹੈ ਤਾਂ ਅੰਦਰੂਨੀ ਅਨੁਸ਼ਾਸਨ ਦਾ ਧਿਆਨ ਰੱਖਣ ਦੀ ਵੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਪ੍ਰਾਪਤੀ ਖਾਤਰ ਨਹੀਂ ਬਲਕਿ ਰਾਜਸੀ ਸਿਸਟਮ ਬਦਲਣ ਖਾਤਰ ਚੋਣਾਂ ਲੜੀਆਂ ਸਨ। ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਪਹਿਲਾਂ ਅਜਿਹਾ ਮੌਕਾ ਹੈ ਜਦੋਂ 'ਆਪ' ਤੀਜੀ ਧਿਰ ਵਜੋਂ ਸਥਾਪਤ ਹੋਈ ਹੈ। ਪੰਜਾਬ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਆਗੂ ਹਰਵਿੰਦਰ ਸਿੰਘ ਫੂਲਕਾ ਨੇ ਖਹਿਰਾ ਵੱਲੋਂ ਖੁਦਮੁਖਤਿਆਰੀ ਦੇ ਉਠਾਏ ਮੁੱਦੇ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਅਜਿਹੇ ਮੁੱਦੇ ਜਨਤਕ ਤੌਰ 'ਤੇ ਉਠਾਉਣ ਦੀ ਥਾਂ ਪਾਰਟੀ ਅੰਦਰ ਬੈਠ ਕੇ ਹੱਲ ਕੀਤੇ ਜਾਣੇ ਚਾਹੀਦੇ ਹਨ।

# ਮੇਅ ਨੇ ਸਿੱਖਾਂ ਦੇ ਸੋਹਲੇ ਗਾਏ

**ਲੰਡਨ:** ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਕਿਹਾ ਕਿ ਜਦੋਂ ਬ੍ਰਿਐਗਜ਼ਿਟ ਤੋਂ ਬਾਅਦ ਮੁਲਕ ਵਿਸ਼ਵ ਵਿਚ ਆਪਣੀ ਨਵੀਂ ਤੇ ਸ਼ਾਨਦਾਰ ਭੂਮਿਕਾ ਲਈ ਅੱਗੇ ਵਧ ਰਿਹਾ ਹੈ ਤਾਂ ਇਸ ਨੂੰ ਸਿੱਖਾਂ ਦੇ ਬਰਾਬਰੀ ਤੇ ਸਤਿਕਾਰ ਵਾਲੇ ਸਿਧਾਂਤਾਂ ਦੀ ਸਭ ਤੋਂ ਵੱਧ ਲੋੜ ਹੈ।



ਵਿਸਾਖੀ ਮੌਕੇ ਸਿੱਖ ਭਾਈਚਾਰੇ ਨੂੰ ਮੁਬਾਰਕਾਂ ਦਿੰਦਿਆਂ ਮੇਅ ਨੇ ਕਿਹਾ ਕਿ ਸਿੱਖਾਂ ਨੇ ਸਾਰਿਆਂ ਲਈ ਮਿਸਾਲ ਕਾਇਮ ਕੀਤੀ ਹੈ। 'ਡਾਊਨਿੰਗ ਸਟਰੀਟ' ਵੱਲੋਂ ਜਾਰੀ ਵੀਡੀਓ ਸੰਦੇਸ਼ ਵਿਚ ਉਨ੍ਹਾਂ ਕਿਹਾ, "ਮੈਂ ਬਰਤਾਨੀਆ ਤੇ ਵਿਸ਼ਵ ਭਰ ਵਿਚ ਵਿਸਾਖੀ ਮਨਾ ਰਹੇ ਹਰੇਕ ਸ਼ਖਸ ਨੂੰ ਵਧਾਈ ਦਿੰਦੀ ਹਾਂ।" ਉਨ੍ਹਾਂ ਕਿਹਾ ਕਿ ਦੇਸ਼ ਵਿਚ ਸਿੱਖ ਲਗਾਤਾਰ ਆਪਣੇ ਧਰਮ ਦੇ ਥੰਮ੍ਹ ਬਣੇ ਹੋਏ ਹਨ।

ਸਾਂਝੀਵਾਲਤਾ, ਨਿਰਪੱਖਤਾ, ਬਰਾਬਰੀ ਤੇ ਸਤਿਕਾਰ ਵਾਲੀਆਂ ਸਿੱਖ ਕਦਰਾਂ-ਕੀਮਤਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਸਿਧਾਂਤਾਂ ਦੀ ਬਰਤਾਨੀਆ ਨੂੰ ਹੁਣ ਸਭ ਤੋਂ ਵੱਧ ਲੋੜ ਹੈ ਕਿਉਂਕਿ ਉਹ ਵਿਸ਼ਵ ਵਿਚ ਆਪਣੀ 'ਨਵੀਂ ਤੇ ਸ਼ਾਨਦਾਰ ਭੂਮਿਕਾ' ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ, 'ਜਿਉਂ ਹੀ ਵਿਸ਼ਵ ਭਰ ਵਿਚ ਸਿੱਖ ਇਨ੍ਹਾਂ ਸ਼ਾਨਮੱਤੇ ਜਸ਼ਨਾਂ ਵਿਚ ਭਾਗ ਲੈਣਗੇ ਅਤੇ ਤੁਹਾਡੇ ਗੁਆਂਢ ਵਾਲੇ ਗੁਰਦੁਆਰਿਆਂ ਵਿਚ ਰੌਣਕਾਂ ਲੱਗਣਗੀਆਂ ਤਾਂ ਮੈਂ ਇਸ ਮੌਕੇ ਨੂੰ ਸਾਡੇ ਮੁਲਕ ਲਈ ਬਰਤਾਨਵੀ ਸਿੱਖਾਂ ਵੱਲੋਂ ਪਾਏ ਯੋਗਦਾਨ ਦੇ ਜਸ਼ਨ ਵਜੋਂ ਮਨਾਵਾਂਗੀ।'

# ਵਿਸਾਖੀ ਮੇਲੇ ਵਿਚ ਨਿਹੰਗ ਸਿੰਘਾਂ ਨੇ ਦਿਖਾਏ ਜੌਹਰ

**ਤਲਵੰਡੀ ਸਾਬੋ:** ਸ੍ਰੀ ਦਮਦਮਾ ਸਾਹਿਬ ਵਿਖੇ ਚਾਰ ਰੋਜ਼ਾ ਵਿਸਾਖੀ ਮੇਲੇ ਦੇ ਆਖਰੀ ਦਿਨ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਵੱਖ-ਵੱਖ ਜਥੇਬੰਦੀਆਂ ਦੇ ਘੋੜ ਸਵਾਰ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਗਿਆ। ਪਹਿਲੇ ਮੇਲਿਆਂ ਨਾਲੋਂ ਐਤਕੀ ਇਕੱਠ ਘੱਟ ਰਿਹਾ। ਚਾਰ ਦਿਨ ਚੱਲੇ ਇਸ ਮੇਲੇ ਦੌਰਾਨ ਤਖਤ ਸਾਹਿਬ ਦੇ ਪੰਜ ਪਿਆਰਿਆਂ ਅਤੇ ਨਿਹੰਗ ਸਿੰਘ ਧਾਰਮਿਕ ਜਥੇਬੰਦੀ ਬੁੱਢਾ ਦਲ ਵੱਲੋਂ ਅੰਮ੍ਰਿਤ ਸੰਚਾਰ ਕਰ ਕੇ ਵੱਡੀ ਗਿਣਤੀ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ।

ਬੁੱਢਾ ਦਲ ਵੱਲੋਂ ਨਿਹੰਗ ਸਿੰਘਾਂ ਦੇ ਨਵੇਂ ਲਾਇਸੰਸ ਬਣਾਏ ਗਏ ਅਤੇ ਪੁਰਾਣੇ ਰੀਨਿਊ ਕੀਤੇ ਗਏ। ਮੇਲੇ ਮੌਕੇ ਬੁੱਢਾ ਦਲ ਵੱਲੋਂ ਇੰਟਰਨੈਸ਼ਨਲ ਗਤਕਾ ਮੁਕਾਬਲੇ ਵੀ ਕਰਵਾਏ ਗਏ। ਨੀਲੇ ਬਾਣਿਆਂ ਵਿਚ ਸਜੀਆਂ ਗੁਰੂ ਕੀਆਂ ਲਾਡਲੀਆਂ ਫੌਜਾਂ ਮੁੱਖ ਨਿਸ਼ਾਨ ਦੀਆਂ ਦੇਗਾਂ ਛਕ ਕੇ ਅਤੇ ਸ਼ਿੰਗਾਰੇ ਹੋਏ ਘੋੜਿਆਂ 'ਤੇ ਸਵਾਰ ਹੋ ਕੇ ਪਹਿਲਾਂ ਨਿਹੰਗਾਂ ਦੀ ਮੁੱਖ ਛਾਉਣੀ ਗੁਰਦੁਆਰਾ ਦੇਗਸਰ ਬੇਰ ਸਾਹਿਬ ਵਿਖੇ ਇਕੱਠੇ ਹੋਏ। ਜਿਥੋਂ ਉਹ ਛਿਆਨਵੇਂ ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਅਰਦਾਸ ਕਰਨ ਉਪਰੰਤ ਨਗਾਰਿਆਂ ਦੀਆਂ ਚੋਟਾਂ ਅਤੇ ਖਾਲਸਾਈ ਜੈਕਾਰਿਆਂ ਦੀ ਗੂੰਜ ਨਾਲ ਸਖਤ ਸੁਰੱਖਿਆ ਪ੍ਰਬੰਧਾਂ ਵਿਚ ਹੇਠ ਰਵਾਨਾ ਹੋਏ। ਜਿੱਥੇ ਘੋੜ ਸਵਾਰ ਨਿਹੰਗ ਸਿੰਘਾਂ ਨੇ ਦੋ, ਤਿੰਨ ਤੇ ਚਾਰ ਘੋੜਿਆਂ ਦੀ ਘੋੜ ਸਵਾਰੀ, ਕਿੱਲਾ ਪੁੱਟਣ ਅਤੇ ਗਤਕੇ ਦੇ ਕਰਤਬ ਦਿਖਾਏ।



# 101 ਮੁਲਕਾਂ ਦੇ 600 ਜੀਆਂ ਨੂੰ ਲੰਗਰ ਛਕਾ ਕੇ ਬਣਾਇਆ ਰਿਕਾਰਡ

**ਦੁਬਈ:** ਦੁਬਈ ਦੇ ਇਕ ਗੁਰਦੁਆਰਾ ਸਾਹਿਬ ਦਾ ਨਾਂ ਗਿਨੀਜ਼ ਬੁੱਕ ਵਿਚ ਦਰਜ ਕੀਤਾ ਗਿਆ ਹੈ। ਜੱਬਲ ਅਲੀ ਇਲਾਕੇ ਵਿਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਵੱਲੋਂ 'ਬਰੇਕਫਾਸਟ ਫਾਰ ਡਾਈਵਰਸਿਟੀ' ਦੇ ਸਿਰਲੇਖ ਹੇਠ ਇਕ ਘੰਟੇ ਵਿਚ 101 ਵੱਖ-ਵੱਖ ਮੁਲਕਾਂ ਦੇ 600 ਵਿਅਕਤੀਆਂ ਨੂੰ ਮੁਫਤ ਲੰਗਰ ਛਕਾਇਆ ਗਿਆ, ਇਕ ਸਮੇਂ 'ਤੇ ਸਭ ਤੋਂ ਵੱਧ ਵਿਭਿੰਨ ਮੁਲਕਾਂ ਦੇ ਲੋਕਾਂ ਦਾ ਇਕੱਠ ਹੋਣ ਨਾਲ ਗੁਰਦੁਆਰਾ ਸਾਹਿਬ ਦਾ ਨਾਂ ਗਿਨੀਜ਼ ਬੁੱਕ ਵਿਚ ਦਰਜ ਕੀਤਾ ਗਿਆ। ਸੂਤਰਾਂ ਮੁਤਾਬਕ ਇਸ ਮੌਕੇ ਸਭ ਲੋਕ ਆਪੋ-ਆਪਣੇ ਖੇਤਰ ਦੇ ਰਵਾਇਤੀ ਪਹਿਰਾਵਿਆਂ ਵਿਚ ਮੌਜੂਦ ਸਨ।

## ਦੁਬਈ ਦੇ ਗੁਰਦੁਆਰੇ ਦਾ ਨਾਂ ਗਿਨੀਜ਼ ਬੁੱਕ ਵਿਚ ਦਰਜ



ਇਸ ਮੌਕੇ ਯੂ.ਏ.ਈ. ਵਿਚ ਭਾਰਤ ਦੇ ਰਾਜਦੂਤ ਨਵਦੀਪ ਸਿੰਘ ਸੂਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਤੋਂ ਪਹਿਲਾ ਰਿਕਾਰਡ ਸਤੰਬਰ, 2015 ਵਿਚ ਇਟਲੀ ਵਿਖੇ ਨਿਊਟੇਲਾ ਵੱਲੋਂ ਵਰਤਾਏ ਗਏ ਭੋਜਨ ਨਾਲ ਬਣਾਇਆ ਗਿਆ ਸੀ, ਜਿਸ 'ਚ 55 ਵੱਖ-ਵੱਖ ਮੁਲਕਾਂ ਦੇ ਲੋਕ ਸ਼ਾਮਲ ਹੋਏ ਸਨ। ਜ਼ਿਕਰਯੋਗ ਹੈ ਕਿ ਇਸ ਲੰਗਰ ਵਿਚ ਸ਼ਾਮਲ ਹੋਣ ਲਈ ਪਹਿਲਾਂ ਹੀ ਨਾਂ ਦਰਜ ਕਰਵਾਏ ਗਏ ਸਨ, ਜਿਸ 'ਚ ਸਕੂਲੀ ਵਿਦਿਆਰਥੀ, ਰਾਜਦੂਤ ਅਤੇ ਹੋਰ ਸਰਕਾਰੀ ਅਧਿਕਾਰੀ ਸ਼ਾਮਲ ਹੋਏ।

ਗੁਰਦੁਆਰਾ ਸਾਹਿਬ ਦਾ ਨਾਂ ਗਿੰਨੀਜ਼ ਬੁੱਕ 'ਚ ਦਰਜ ਹੋਣ ਤੋਂ ਬਾਅਦ ਰਿਕਾਰਡ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਲੋਕਾਂ ਨੇ ਪੰਜਾਬੀ ਗਾਣਿਆਂ ਉਤੇ ਨੱਚ ਕੇ ਖੁਸ਼ੀ ਮਨਾਈ। ਇਸ ਗੁਰਦੁਆਰਾ ਸਾਹਿਬ ਨੂੰ ਮੁਫਤ ਲੰਗਰ ਲਈ ਸਾਰੇ ਦੁਬਈ 'ਚ ਜਾਣਿਆ ਜਾਂਦਾ ਹੈ, ਜਿਥੇ ਕਿ ਤਕਰੀਬਨ 50 ਹਜ਼ਾਰ ਸਿੱਖ ਸੰਗਤ ਸੇਵਾ ਕਰਦੀ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਨੇ ਕਿਹਾ ਕਿ ਸਿੱਖ ਧਰਮ ਹਮੇਸ਼ਾ ਤੋਂ ਹੀ ਭੇਦ-ਭਾਵ ਨੂੰ ਖਤਮ ਕਰਦਾ ਆਇਆ ਹੈ ਤੇ ਸਾਰੇ ਲੋਕਾਂ ਨੂੰ ਇਕ ਹੀ ਸਨਮਾਨ ਦਿੰਦਾ ਹੈ। ਇਸ ਗੁਰਦੁਆਰਾ ਸਾਹਿਬ 'ਚ ਨਾ ਸਿਰਫ ਸਿੱਖ ਸੰਗਤ ਹੀ ਦਾਨ ਦਿੰਦੀ ਹੈ, ਸਗੋਂ ਯੂ.ਏ.ਈ. ਵਿਚ ਵਸਦੇ ਸਾਰੇ ਭਾਈਚਾਰੇ ਲੋਕ ਦਾਨ ਦਿੰਦੇ ਤੇ ਸੇਵਾ ਵੀ ਕਰਦੇ ਹਨ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਸ਼ਾਂਤੀ, ਸਭਿਆਚਾਰਕ ਏਕਤਾ ਤੇ ਸਹਿਣਸ਼ੀਲਤਾ ਨੂੰ ਬਣਾਏ ਰੱਖਣਾ ਸੀ।

ਗੁਰਦੁਆਰਾ ਸਾਹਿਬ 'ਚ ਬਾਕੀ ਸਾਰੇ ਦਿਨ ਜਿਥੇ ਕਰੀਬ 1 ਹਜ਼ਾਰ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ, ਉਥੇ ਛੁੱਟੀ ਵਾਲੇ ਦਿਨਾਂ ਕਰੀਬ 10 ਹਜ਼ਾਰ ਵਿਅਕਤੀਆਂ ਨੂੰ ਲੰਗਰ ਛਕਾਇਆ ਜਾਂਦਾ ਹੈ। ਇਸ ਮੌਕੇ ਗਿਨੀਜ਼ ਵਿਸ਼ਵ ਰਿਕਾਰਡ ਦੇ ਦੁਬਈ 'ਚ ਪ੍ਰਬੰਧਕ ਤਲਾਲ ਓਮਰ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵੱਲੋਂ ਕੀਤੇ ਗਏ ਇਸ ਕਾਰਜ ਦੀ ਅਸੀਂ ਸ਼ਲਾਘਾ ਕਰਦੇ ਹਾਂ ਤੇ ਇਸ ਕਾਰਜ 'ਚ ਵੱਖ-ਵੱਖ ਸੱਭਿਆਚਾਰ ਤੇ ਧਰਮ ਦੇ ਲੋਕਾਂ ਵੱਲੋਂ ਕੀਤੀ ਸ਼ਿਰਕਤ ਲਈ ਗੁਰਦੁਆਰਾ ਸਾਹਿਬ ਦਾ ਨਾਂ ਦਰਜ ਕਰਨ ਉਤੇ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ।

# ਅਕਾਲੀ ਸਰਕਾਰ ਦੀ ਫਜ਼ੂਲਖਰਚੀ ਦਾ ਭਾਰ ਕੈਪਟਨ ਸਰਕਾਰ ਸਿਰ ਪਿਆ

**ਚੰਡੀਗੜ੍ਹ:** ਪੰਜਾਬ ਦੀ ਪਿਛਲੀ ਬਾਦਲ ਸਰਕਾਰ ਵੱਲੋਂ ਚੋਣ ਸਿਆਸਤ ਤਹਿਤ ਸੂਬੇ ਦੇ ਲੋਕਾਂ ਨੂੰ ਕਰਵਾਈ ਤੀਰਥ ਯਾਤਰਾ ਦੇ ਕਰੋੜਾਂ ਰੁਪਏ ਦੇ ਭੁਗਤਾਨ ਹੁਣ ਮੌਜੂਦਾ ਕੈਪਟਨ ਸਰਕਾਰ ਨੂੰ ਕਰਨੇ ਪੈਣਗੇ। ਵਿੱਤੀ ਸੰਕਟ ਵਿਚ ਘਿਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ 'ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ਸਕੀਮ' ਅਧੀਨ ਬਾਦਲ ਸਰਕਾਰ ਵੱਲੋਂ ਲੋਕਾਂ ਨੂੰ ਕਰਵਾਈ ਮੁਫਤ ਤੀਰਥ ਯਾਤਰਾ ਤਹਿਤ ਰੇਲਵੇ ਵਿਭਾਗ ਨੂੰ ਫੌਰੀ 126 ਕਰੋੜ ਰੁਪਏ ਦਾ ਭੁਗਤਾਨ ਕਰਨਾ ਪਵੇਗਾ।

ਜੈਤੋ (ਫਰੀਦਕੋਟ) ਦੇ ਸਮਾਜ ਸੇਵੀ ਡਾਲ ਚੰਦ ਪਵਾਰ ਵੱਲੋਂ ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਕੋਲੋਂ ਆਰ.ਟੀ.ਆਈ. ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਅਨੁਸਾਰ ਮੁਫਤ ਤੀਰਥ ਯਾਤਰਾ ਸਬੰਧੀ ਪੰਜਾਬ ਸਰਕਾਰ ਸਿਰ ਰੇਲਵੇ ਵਿਭਾਗ ਦੀ ਅੱਜ ਵੀ 1,26,08,45,008 ਰੁਪਏ ਦੀ ਦੇਣਦਾਰੀ ਖੜ੍ਹੀ ਹੈ, ਜਿਸ ਦਾ ਭੁਗਤਾਨ ਹੁਣ ਕੈਪਟਨ ਸਰਕਾਰ ਨੂੰ ਕਰਨਾ ਪਵੇਗਾ। ਟਰਾਂਸਪੋਰਟ ਕਮਿਸ਼ਨਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਹੁਣ ਤੱਕ ਮੁਫਤ ਤੀਰਥ ਯਾਤਰਾ ਸਕੀਮ ਤਹਿਤ ਇੰਡੀਅਨ ਰੇਲਵੇ ਸਮੇਤ ਡਾਇਰੈਕਟਰ ਸਟੇਟ ਟਰਾਂਸਪੋਰਟ ਅਤੇ ਪੀ.ਆਰ.ਟੀ.ਸੀ. ਪਟਿਆਲਾ ਦੇ ਮੈਨੇਜਿੰਗ ਡਾਇਰੈਕਟਰ ਨੂੰ 1,39,39,00,873 ਰੁਪਏ ਦੇ ਬਿੱਲ ਤਾਰ ਚੁੱਕੀ ਹੈ। ਜਿਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਇਸ ਸਕੀਮ ਤਹਿਤ ਪੰਜਾਬ ਸਰਕਾਰ ਨੇ ਘੱਟੋ-ਘੱਟ 266 ਕਰੋੜ ਰੁਪਏ ਖਰਚੇ ਹਨ। ਟਰਾਂਸਪੋਰਟ ਕਮਿਸ਼ਨਰ ਪੰਜਾਬ ਵੱਲੋਂ ਦਿੱਤੀ ਸੂਚਨਾ ਅਨੁਸਾਰ ਪੰਜਾਬ ਸਰਕਾਰ ਨੇ ਇਸ ਸਕੀਮ ਅਧੀਨ ਸਾਲ 2015-16 ਦੌਰਾਨ 46.50 ਕਰੋੜ ਰੁਪਏ ਅਤੇ ਸਾਲ 2016-17 ਦੌਰਾਨ 139.50 ਕਰੋੜ ਰੁਪਏ ਫੰਡ ਮੁਹੱਈਆ ਕਰਵਾਏ ਸਨ। ਬਾਦਲ ਸਰਕਾਰ ਨੇ ਸਿਰਫ ਰੇਲ ਗੱਡੀਆਂ ਰਾਹੀਂ ਹੀ 1,22,636 ਯਾਤਰੂਆਂ ਨੂੰ ਧਾਰਮਿਕ ਅਸਥਾਨਾਂ ਦੀ ਮੁਫਤ ਯਾਤਰਾ ਕਰਵਾਈ ਹੈ। ਦੂਜੇ ਪਾਸੇ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਰਾਹੀਂ ਤੀਰਥ ਅਸਥਾਨਾਂ 'ਤੇ ਜਾਣ ਵਾਲੇ ਵਿਅਕਤੀਆਂ ਦੀ ਟਰਾਂਸਪੋਰਟ ਕਮਿਸ਼ਨਰ ਕੋਲ ਜਾਣਕਾਰੀ ਹੀ ਨਹੀਂ ਹੈ। ਉਂਜ ਟਰਾਂਸਪੋਰਟ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਹੈ ਕਿ ਮੁਫਤ ਤੀਰਥ ਯਾਤਰਾ ਸਕੀਮ ਅਧੀਨ 8689 ਸਰਕਾਰੀ ਬੱਸਾਂ ਸਰਕਾਰ ਦੀ ਟਹਿਲ ਸੇਵਾ ਵਿਚ ਲੱਗੀਆਂ ਰਹੀਆਂ।

ਇਨ੍ਹਾਂ ਵਿਚੋਂ 6481 ਬੱਸਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ 1191 ਬੱਸਾਂ ਨੇ ਸਾਲਾਸਰ ਧਾਮ (ਰਾਜਸਥਾਨ) ਦੀ ਯਾਤਰਾ ਕਰਵਾਈ ਹੈ। ਇਸੇ ਤਰ੍ਹਾਂ 413 ਸਰਕਾਰੀ ਬੱਸਾਂ ਨੇ ਮਾਤਾ ਚਿੰਤਪੂਰਨੀ (ਹਿਮਾਚਲ ਪ੍ਰਦੇਸ਼), 337 ਬੱਸਾਂ ਨੇ ਸ੍ਰੀ ਆਨੰਦਪੁਰ ਸਾਹਿਬ, 223 ਬੱਸਾਂ ਨੇ ਸ੍ਰੀ ਪਟਨਾ ਸਾਹਿਬ, 39 ਬੱਸਾਂ ਨੇ ਖੁਰਾਲਗੜ੍ਹ (ਹੁਸ਼ਿਆਰਪੁਰ) ਅਤੇ ਪੰਜ ਸਰਕਾਰੀ ਬੱਸਾਂ ਨੇ ਜਵਾਲਾ ਜੀ (ਹਿਮਾਚਲ ਪ੍ਰਦੇਸ਼) ਦੇ ਦਰਸ਼ਨ ਕਰਵਾਏ ਹਨ। ਪਿਛਲੀ ਸਰਕਾਰ ਨੇ ਇਸ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਚੋਣਵੇਂ ਵਿਅਕਤੀਆਂ ਨੂੰ ਮੁਫਤ ਤੀਰਥ ਯਾਤਰਾ ਕਰਵਾਈ ਸੀ।

ਇਸ ਦੌਰਾਨ ਪੰਜਾਬ ਸਰਕਾਰ ਵੱਲੋਂ ਯਾਤਰੂਆਂ ਨੂੰ ਜਿਥੇ ਮੁਫਤ ਸਫਰ ਦੀ ਸਹੂਲਤ ਦਿੱਤੀ ਜਾਂਦੀ ਸੀ, ਉਥੇ ਖਾਣ-ਪੀਣ ਅਤੇ ਰਿਹਾਇਸ਼ ਦਾ ਵੀ ਮੁਫਤ ਪ੍ਰਬੰਧ ਕੀਤਾ ਜਾਂਦਾ ਸੀ। ਬਾਦਲ ਸਰਕਾਰ ਨੇ ਇਹ ਮੁਫਤ ਯਾਤਰਾ ਸਕੀਮ ਉਦੋਂ ਸ਼ੁਰੂ ਕੀਤੀ ਸੀ ਜਦੋਂ ਸਰਕਾਰ ਓਵਰ ਡਰਾਫਟਿੰਗ ਅਤੇ ਵਿੱਤੀ ਸੰਕਟ ਵਿਚ ਘਿਰੀ ਪਈ ਸੀ। ਹੁਣ ਇਸ ਸਕੀਮ ਤਹਿਤ ਹੋਏ ਖਰਚਿਆਂ ਦੀ ਰੇਲਵੇ ਵਿਭਾਗ ਦੀ 126 ਕਰੋੜ ਰੁਪਏ ਦੀ ਦੇਣਦਾਰੀ ਮੌਜੂਦਾ ਕੈਪਟਨ ਸਰਕਾਰ ਦੇ ਸਿਰ ਪੈਣ ਕਾਰਨ ਖਜ਼ਾਨੇ ਦੀ ਹਾਲਤ ਹੋਰ ਪਤਲੀ ਹੋਣ ਦੇ ਅਸਾਰ ਬਣ ਗਏ ਹਨ।

## ਬਾਦਲਾਂ ਦੇ ਲਾਡਲਿਆਂ ਨੂੰ ਪਾਇਆ ਘੇਰਾ

**ਬਠਿੰਡਾ:** ਭਾਰਤੀ ਖੁਰਾਕ ਨਿਗਮ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨੇੜਲੇ ਦਿਆਲ ਸਿੰਘ ਕੋਲਿਆਂਵਾਲੀ ਦੇ ਓਪਨ ਪਲਿੰਥਾਂ ਨੂੰ ਅਨਾਜ ਭੰਡਾਰਨ ਲਈ ਅਣਫਿੱਟ ਐਲਾਨ ਦਿੱਤਾ ਹੈ। ਖਰੀਦ ਏਜੰਸੀਆਂ ਵਰ੍ਹਿਆਂ ਤੋਂ ਇਨ੍ਹਾਂ ਪਲਿੰਥਾਂ 'ਤੇ ਕਣਕ ਭੰਡਾਰ ਕਰ ਰਹੀਆਂ ਸਨ। ਕੋਲਿਆਂਵਾਲੀ ਪਰਿਵਾਰ ਦੀਆਂ ਤਿੰਨ ਓਪਨ ਪਲਿੰਥਾਂ ਹਨ, ਜਿਨ੍ਹਾਂ ਦੀ ਸਮਰੱਥਾ ਤਕਰੀਬਨ 5.50 ਲੱਖ ਬੋਰੀ ਭੰਡਾਰਨ ਦੀ ਹੈ। ਇਨ੍ਹਾਂ ਵਿਚੋਂ ਦੋ ਪਲਿੰਥਾਂ ਦਿਆਲ ਸਿੰਘ ਕੋਲਿਆਂਵਾਲੀ ਦੇ ਨਾਮ ਉਤੇ ਹਨ, ਜਦੋਂ ਕਿ ਇਕ ਪਲਿੰਥ ਉਨ੍ਹਾਂ ਦੇ ਲੜਕੇ ਪਰਮਿੰਦਰ ਸਿੰਘ ਦੇ ਨਾਂ ਉਤੇ ਹੈ। ਭਾਰਤੀ ਖੁਰਾਕ ਨਿਗਮ ਦੇ ਮੈਨੇਜਰ (ਕੁਆਲਟੀ ਕੰਟਰੋਲ) ਅਤੇ ਡਿੱਪੂ ਮੈਨੇਜਰ ਮਲੋਟ ਨੇ ਇਨ੍ਹਾਂ ਪਲਿੰਥਾਂ ਦੀ ਪੜਤਾਲ ਮਗਰੋਂ 12 ਅਪਰੈਲ ਨੂੰ ਉਚ ਅਫਸਰਾਂ ਨੂੰ ਪੱਤਰ ਲਿਖ ਕੇ ਇਨ੍ਹਾਂ ਨੂੰ ਅਨਾਜ ਭੰਡਾਰਨ ਲਈ ਅਣਫਿੱਟ ਐਲਾਨ ਦਿੱਤਾ ਹੈ। ਪੰਜਾਬ ਐਗਰੋ ਫੂਡਗਰੇਨ ਕਾਰਪੋਰੇਸ਼ਨ ਦੇ ਦਿਆਲ ਸਿੰਘ ਕੋਲਿਆਂਵਾਲੀ ਖੁਦ ਚੇਅਰਮੈਨ ਰਹੇ ਹਨ ਅਤੇ ਪੰਜਾਬ ਐਗਰੋ ਨੇ ਪਿਛਲੇ ਵਰ੍ਹੇ ਕਰੀਬ ਅੱਠ ਹਜ਼ਾਰ ਟਨ ਕਣਕ ਇਨ੍ਹਾਂ ਓਪਨ ਪਲਿੰਥਾਂ ਉਤੇ ਭੰਡਾਰ ਕੀਤੀ ਹੋਈ ਸੀ।

## ਪੀ ਸੀ ਐਸ ਸ਼ਿਕਾਗੋ ਦਾ 'ਰੰਗਲਾ ਪੰਜਾਬ' ਪ੍ਰੋਗਰਾਮ 29 ਅਪਰੈਲ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਵਲੋਂ ਵਿਸਾਖੀ ਮੌਕੇ ਹਰ ਸਾਲ ਕਰਵਾਇਆ ਜਾਂਦਾ ਪ੍ਰੋਗਰਾਮ 'ਰੰਗਲਾ ਪੰਜਾਬ' ਇਸ ਵਾਰ 29 ਅਪਰੈਲ, ਸਨਿਚਰਵਾਰ ਨੂੰ ਸ਼ਾਮੀ 7 ਵਜੇ ਰੋਲਿੰਗ ਮੈਡੋਜ਼ ਟਾਊਨ ਦੇ ਮੈਡੋਜ਼ ਕਲੱਬ (2950 ਵੈਸਟ ਗੌਲਫ ਰੋਡ) ਵਿਚ ਹੋਵੇਗਾ। ਇਸ ਪ੍ਰੋਗਰਾਮ ਦੌਰਾਨ ਵੱਖ ਵੱਖ ਉਮਰ ਵਰਗਾਂ ਦੇ ਕਲਾਕਾਰ 30 ਦੇ ਕਰੀਬ ਆਈਟਮਾਂ ਪੇਸ਼ ਕਰਕੇ ਆਏ ਦਰਸ਼ਕਾਂ ਨੂੰ ਲੁਭਾਉਣਗੇ। ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਪ੍ਰੋਗਰਾਮ ਲਈ ਤਿਆਰੀਆਂ ਕਰੀਬ ਮੁਕੰਮਲ ਹਨ ਅਤੇ ਬੱਚਿਆਂ ਤੇ ਨੌਜਵਾਨਾਂ ਨੂੰ ਗਿੱਧੇ-ਭੰਗੜੇ ਦੀ ਟਰੇਨਿੰਗ ਦੇਣ ਲਈ ਵਾਲੰਟੀਅਰ ਪੂਰੀ ਨਿਸ਼ਠਾ ਨਾਲ ਕੰਮ ਕਰ ਰਹੇ ਹਨ। ਇਸ ਤਰ੍ਹਾਂ ਪੰਜਾਬੀ ਬੱਚੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਨੇੜੇ ਆਉਂਦੇ ਹਨ ਅਤੇ ਉਨ੍ਹਾਂ ਵਿਚ ਦੋਸਤੀ ਦੀ ਭਾਵਨਾ ਪੈਦਾ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਪੀ ਸੀ ਐਸ ਪਿਛਲੇ ਕਰੀਬ ਦੋ ਦਹਾਕਿਆਂ ਤੋਂ 'ਰੰਗਲਾ ਪੰਜਾਬ' ਪ੍ਰੋਗਰਾਮ ਕਰਵਾਉਂਦੀ ਆ ਰਹੀ ਹੈ ਜੋ ਕਿ ਸ਼ਿਕਾਗੋਲੈਂਡ ਵਿਚ ਸਭ ਤੋਂ ਵੱਡਾ ਸਾਲਾਨਾ ਸਭਿਆਚਾਰਕ ਪ੍ਰੋਗਰਾਮ ਹੈ। ਸੰਸਥਾ ਅਨੁਸਾਰ ਇਸ ਵਾਰ ਇਲੀਨਾਏ, ਵਿਸਕਾਨਸਿਨ ਅਤੇ ਇੰਡੀਆਨਾ ਤੋਂ ਕਰੀਬ 250 ਕਲਾਕਾਰ ਆਪਣੇ ਫਨ ਦਾ ਮੁਜਾਹਰਾ ਕਰਨਗੇ ਅਤੇ ਇਕ ਹਜ਼ਾਰ ਦੇ ਕਰੀਬ ਦਰਸ਼ਕ ਇਸ ਦਾ ਅਨੰਦ ਮਾਣਨਗੇ। ਭੰਗੜੇ ਤੇ ਗਿੱਧੇ ਤੋਂ ਇਲਾਵਾ ਕਾਮੇਡੀ ਸਕਿੱਟਾਂ, ਸ਼ੇਅਰੋ ਸ਼ਾਇਰੀ ਅਤੇ ਗੀਤ-ਸੰਗੀਤ ਦੀਆਂ ਆਈਟਮਾਂ ਵੀ ਦਰਸ਼ਕਾਂ ਦੇ ਮਨੋਰੰਜਨ ਲਈ ਹੋਣਗੀਆਂ। ਬੱਚਿਆਂ ਲਈ ਕੋਈ ਟਿਕਟ ਨਹੀਂ ਹੋਵੇਗੀ ਪਰ ਆਮ ਦਾਖਲਾ $20 ਹੋਵੇਗਾ। ਇਸ ਤੋਂ ਇਲਾਵਾ ਮਿਡਲ ਸੀਟਾਂ ਲਈ ਟਿਕਟ $50 ਦੀ ਹੋਵੇਗੀ। ਸੌ ਡਾਲਰ ਅਤੇ ਵੀ ਆਈ ਪੀ ਟਿਕਟਾਂ ਨਾਲ ਭੋਜਨ ਮੁਫਤ ਹੋਵੇਗਾ।

ਟਿਕਟ ਸੁਲੇਖਾ ਡਾਟ ਕਾਮ ਵੈਬਸਾਈਟ (http://events.sulekha.com/rangla-punjab-2017) 'ਤੇ ਜਾ ਕੇ ਰਿਜ਼ਰਵ ਕਰਵਾਈ ਜਾ ਸਕਦੀ ਹੈ। ਹੋਰ ਜਾਣਕਾਰੀ ਪੀ ਸੀ ਐਸ ਦੀ ਈ-ਮੇਲ info@pcschicago.org ਜਾਂ ਫੋਨ 847-359-5727 ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

ਪੰਜਾਬ ਟਾਈਮਜ਼

ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

ਲੋੜ ਹੈ ਲੋੜ ਹੈ ਲੋੜ ਹੈ
ਕੁੱਕ, ਤੰਦੂਰੀਏ ਅਤੇ ਵੇਟਰਾਂ ਦੀ ਲੋੜ
ਸਿਨਸਿਨੈਟੀ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ
ਵਧੀਆ ਤਨਖਾਹ, ਖਾਣਾ ਮੁਫਤ

SWAD
INDIAN RESTAURANT
1810 W. GALBRAITH RD
CINCINNATI OH 45239
GRILL OF INDIA RESTAURANT
354 LUDLOW AVE.
CINCINNATI OH. 45220


CHARANJIT BRAR
Ph. 317-903-7400

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜੰਮੂ ਕਸ਼ਮੀਰ ਵਿਚ ਹਾਲਾਤ ਹੋਰ ਵਿਗੜੇ



**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਪੀ.ਡੀ.ਪੀ. ਅਤੇ ਭਾਜਪਾ ਸਰਕਾਰ ਆਉਣ ਮਗਰੋਂ ਖਿੱਤੇ ਵਿਚ ਅਮਨ-ਸ਼ਾਂਤੀ ਪੱਖੋਂ ਅਤਿ ਦਾ ਨਿਘਾਰ ਆਇਆ ਹੈ। ਖਾਸ ਕਰ ਨੌਜਵਾਨਾਂ ਵਿਚ ਬੇਚੈਨੀ ਨੇ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਕ ਖੁਲਾਸੇ ਮੁਤਾਬਕ ਵੱਡੀ ਗਿਣਤੀ ਕਸ਼ਮੀਰੀ ਨੌਜਵਾਨ ਅਤਿਵਾਦੀ ਸੰਗਠਨਾਂ ਦਾ ਹਿੱਸਾ ਬਣ ਰਹੇ ਹਨ। ਪਿਛਲੇ ਸਾਲ ਜੁਲਾਈ ਮਹੀਨੇ ਵਿਚ ਹੋਏ ਵੱਡੇ ਪੱਧਰ ਦੇ ਪ੍ਰਦਰਸ਼ਨ ਮਗਰੋਂ ਮਾਰਚ ਤੱਕ ਤਕਰੀਬਨ 250 ਨੌਜਵਾਨਾਂ ਨੇ ਹਥਿਆਰ ਚੁੱਕੇ ਹਨ। ਸੂਬੇ ਦੀ ਪੁਲਿਸ ਇਸ ਮਾਮਲੇ ਬਾਰੇ ਬਿਲਕੁਲ ਖਾਮੋਸ਼ ਹੈ ਤੇ ਸਿਰਫ ਇੰਨਾ ਹੀ ਆਖ ਰਹੀ ਹੈ ਕਿ ਉਹ ਲਾਪਤਾ ਨੌਜਵਾਨਾਂ ਦੀ ਭਾਲ ਕਰ ਰਹੀ ਹੈ। ਲਾਪਤਾ ਨੌਜਵਾਨਾਂ ਦਾ ਇਹ ਉਹ ਅੰਕੜਾ ਹੈ ਜਿਸ ਬਾਰੇ ਮਾਪਿਆਂ ਨੇ ਰਿਪੋਰਟ ਦਰਜ ਕਰਵਾਈ ਹੈ, ਉਨ੍ਹਾਂ ਨੌਜਵਾਨਾਂ ਦੀ ਕੋਈ ਗਿਣਤੀ ਨਹੀਂ ਜਿਨ੍ਹਾਂ ਬਾਰੇ ਪੁਲਿਸ ਕੋਲ ਸ਼ਿਕਾਇਤ ਨਹੀਂ ਆਈ।

ਸੁਰੱਖਿਆ ਏਜੰਸੀਆਂ ਮੁਤਾਬਕ ਵਿਸ਼ੇਸ਼ ਤੌਰ 'ਤੇ ਦੱਖਣੀ ਕਸ਼ਮੀਰ ਵਿਚ ਜ਼ਮੀਨੀ ਹਾਲਤ ਬਹੁਤ ਚਿੰਤਾਜਨਕ ਹਨ ਤੇ ਛੋਟੀ ਤੋਂ ਛੋਟੀ ਕਾਰਵਾਈ ਕਰਨ ਦੀ ਲੋੜ ਹੈ। ਪਿਛਲੇ ਸਾਲ ਅੱਠ ਜੁਲਾਈ ਨੂੰ ਦੱਖਣੀ ਕਸ਼ਮੀਰ ਵਿਚ ਇਕ ਪੁਲਿਸ ਮੁਕਾਬਲੇ ਵਿਚ ਹਿਜ਼ਬੁਲ ਮੁਜਾਹਿਦੀਨ ਅਤਿਵਾਦੀ ਸੰਗਠਨ ਦੇ ਆਗੂ ਬੁਰਹਾਨ ਵਾਨੀ ਦੇ ਮਾਰੇ ਜਾਣ ਤੋਂ ਬਾਅਦ ਸਥਾਨਕ ਮੈਂਬਰਾਂ ਵੱਲੋਂ ਅਤਿਵਾਦੀ ਸੰਗਠਨ ਵਿਚ ਸ਼ਾਮਲ ਹੋਣ ਦੀਆਂ ਘਟਨਾਵਾਂ ਸ਼ੁਰੂ ਹੋਈਆਂ ਸਨ। ਜਿਹੜੇ ਇਲਾਕਿਆਂ ਦੇ ਨੌਜਵਾਨ ਲਾਪਤਾ ਦੱਸੇ ਜਾ ਰਹੇ ਹਨ, ਉਨ੍ਹਾਂ ਵਿਚ ਮੁੱਖ ਤੌਰ 'ਤੇ ਸ਼ੋਪੀਆਂ, ਕੁਲਗਾਮ, ਪੁਲਵਾਮਾ ਤੇ ਦੱਖਣੀ ਕਸ਼ਮੀਰ ਦੇ ਅਵੰਤੀਪੁਰਾ ਦੇ ਕੁਝ ਹਿੱਸੇ ਤੇ ਸ੍ਰੀਨਗਰ ਦੇ ਖਾਸ ਇਲਾਕੇ ਸ਼ਾਮਲ ਹਨ। ਦੱਖਣੀ ਕਸ਼ਮੀਰ ਦੇ ਵੱਖ-ਵੱਖ ਇਲਾਕਿਆਂ ਵਿਚ ਵਿਦੇਸ਼ੀ ਅਤਿਵਾਦੀਆਂ ਦੇ ਸਥਾਨਕ ਸਿਖਲਾਈਸ਼ੁਦਾ ਅਤਿਵਾਦੀਆਂ ਨਾਲ ਘੁੰਮਣ ਦੀ ਵੀ ਸੂਚਨਾ ਹੈ ਜਿਨ੍ਹਾਂ ਨੂੰ ਇਸ ਖੇਤਰ ਬਾਰੇ ਪੂਰੀ ਜਾਣਕਾਰੀ ਹੈ। ਅਤਿਵਾਦੀਆਂ ਨੂੰ ਗ੍ਰਿਫਤਾਰ ਕਰਨ ਜਾਂ ਉਨ੍ਹਾਂ ਨਾਲ ਰਾਬਤਾ ਕਾਇਮ ਕਰਨਾ ਪਹਿਲਾਂ ਤੋਂ ਜ਼ਿਆਦਾ ਮੁਸ਼ਕਿਲ ਹੋ ਗਿਆ ਹੈ, ਕਿਉਂਕਿ ਵਾਦੀ ਵਿਚ ਉਨ੍ਹਾਂ ਦੇ ਕਾਰਕੁਨਾਂ ਦਾ ਸਥਾਨਕ ਨੈੱਟਵਰਕ ਮਜ਼ਬੂਤ ਹੋ ਗਿਆ ਹੈ ਤੇ ਅਤਿਵਾਦੀਆਂ ਨੂੰ ਨੌਜਵਾਨਾਂ ਦੇ ਆਉਣ ਦੀ ਖਬਰ ਮਿਲ ਜਾਂਦੀ ਹੈ। ਜਾਣਕਾਰੀ ਮੁਤਾਬਕ ਵੱਖ-ਵੱਖ ਏਜੰਸੀਆਂ ਵੱਲੋਂ ਹਰ ਦਿਨ ਖੁਫੀਆ ਜਾਣਕਾਰੀਆਂ ਵਿਚ ਅਤਿਵਾਦ ਵਿਚ ਨਵੇਂ ਮੈਂਬਰਾਂ ਦੇ ਨਾਮ ਜੁੜ ਰਹੇ ਹਨ ਜਿਹੜੇ ਇਨ੍ਹਾਂ ਖੇਤਰਾਂ ਵਿਚ ਪੁਲਿਸ ਲਈ ਬੇਹੱਦ ਚਿੰਤਾ ਦਾ ਕਾਰਨ ਹਨ।

ਪਿਛਲੇ ਹਫਤੇ ਤੋਂ ਜਾਰੀ ਪ੍ਰਦਰਸ਼ਨਾਂ 'ਚ ਜ਼ਿਆਦਾਤਰ ਡਿਗਰੀ ਕਾਲਜਾਂ ਤੇ ਯੂਨੀਵਰਸਟੀਆਂ ਦੇ ਵਿਦਿਆਰਥੀ ਸ਼ਾਮਲ ਸਨ। ਜਾਣਕਾਰੀ ਮੁਤਾਬਕ ਜ਼ਿਆਦਾਤਰ ਨੌਜਵਾਨ ਹਿਜ਼ਬੁਲ ਮੁਜਾਹਿਦੀਨ ਸਮੂਹ ਵੱਲ ਜਾ ਰਹੇ ਹਨ; ਜਦਕਿ ਕੁਝ ਪਾਬੰਦੀਸ਼ੁਦਾ ਲਸ਼ਕਰ-ਏ-ਤੋਇਬਾ ਵੱਲ ਖਿੱਚੇ ਜਾ ਰਹੇ ਹਨ। ਸੁਰੱਖਿਆ ਏਜੰਸੀਆਂ ਦਾ ਇਹ ਵੀ ਦਾਅਵਾ ਹੈ ਕਿ ਵਾਨੀ ਦੀ ਮੌਤ ਪਿੱਛੋਂ ਵਾਦੀ ਵਿਚ ਘੁਸਪੈਠ ਲਗਾਤਾਰ ਵਧ ਰਹੀ ਹੈ।

## ਗਿਆਨੀ ਗੁਰਮੁਖ ਸਿੰਘ ਨੇ ਕਸੂਤੇ ਫਸਾਏ ਜਥੇਦਾਰ

*(ਸਫਾ ਇਕ ਦੀ ਬਾਕੀ)*

ਕਿ ਡੇਰਾ ਮੁਖੀ ਨੂੰ ਮੁਆਫੀ ਦੇਣ ਦਾ ਫੈਸਲਾ ਸਿਆਸੀ ਪ੍ਰਭਾਵ ਹੇਠ ਕੀਤਾ ਗਿਆ ਸੀ। ਉਹ ਇਸ ਫੈਸਲੇ ਦੇ ਹੱਕ ਵਿਚ ਨਹੀਂ ਸਨ। ਡੇਰਾ ਮੁਖੀ ਵਾਲੀ ਚਿੱਠੀ ਪਹਿਲਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲ ਪੁੱਜੀ ਸੀ।

ਅਕਾਲ ਤਖਤ ਦੇ ਸਕੱਤਰੇਤ ਵਿਚ ਰੱਖੇ ਰਜਿਸਟਰ ਵਿਚ ਇਸ ਦੇ ਵੇਰਵੇ ਵੀ ਦਰਜ ਹੋਣਗੇ ਕਿ ਇਹ ਚਿੱਠੀ ਕੌਣ ਲੈ ਕੇ ਆਇਆ ਸੀ ਅਤੇ ਕਿਸ ਨੇ ਪ੍ਰਾਪਤ ਕੀਤੀ ਸੀ। ਜੇ ਇਹ ਮਸਲਾ ਹੱਲ ਨਹੀਂ ਹੁੰਦਾ ਤਾਂ ਇਸ ਦੇ ਹੱਲ ਲਈ ਮਰਿਆਦਾ ਕਮੇਟੀ ਬਣਾਈ ਜਾਵੇ ਜਿਸ ਵਿਚ ਸਮੂਹ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਣ। ਉਧਰ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਡੇਰਾ ਮੁਖੀ ਅਤੇ ਗਿਆਨੀ ਗੁਰਬਚਨ ਸਿੰਘ ਦੀ ਦੋਸਤੀ ਸਿੱਖਾਂ ਨੂੰ ਮੂਰਖ ਬਣਾਉਣ ਦਾ ਯਤਨ ਹੈ ਅਤੇ ਗਿਆਨੀ ਗੁਰਮੁਖ ਸਿੰਘ ਨੇ ਇਹ ਦੋਸਤੀ ਜੱਗ ਜ਼ਾਹਿਰ ਕਰ ਕੇ ਸਾਬਤ ਕਰ ਦਿੱਤਾ ਹੈ ਕਿ ਦਾਲ ਵਿਚ ਕਾਲਾ ਹੈ।

**ਜਥੇਦਾਰ ਨੇ ਦੋਸ਼ ਨਕਾਰੇ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਭਾਈ ਗੁਰਮੁਖ ਸਿੰਘ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ ਕਿ ਅਕਾਲ ਤਖਤ ਉਤੇ ਫੈਸਲੇ ਸਿਆਸੀ ਦਬਾਅ ਹੇਠ ਕੀਤੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਸਾਰੇ ਫੈਸਲਿਆਂ ਵਿਚ ਭਾਈ ਗੁਰਮੁਖ ਸਿੰਘ ਦੀ ਸਹਿਮਤੀ ਸ਼ਾਮਲ ਹੁੰਦੀ ਸੀ। ਡੇਰਾ ਮੁਖੀ ਦੀ ਚਿੱਠੀ ਬਾਰੇ ਉਨ੍ਹਾਂ ਆਖਿਆ ਕਿ ਇਸ ਬਾਰੇ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਅਤੇ ਡੇਰਾ ਮੁਖੀ ਦੀ ਮੁਆਫੀ ਰੱਦ ਕਰਨ ਮਗਰੋਂ ਇਹ ਮਾਮਲਾ ਖਤਮ ਹੋ ਚੁੱਕਾ ਹੈ।

## ਡੇਰੇ ਜਾਣ ਵਾਲੇ ਆਗੂ ਤਨਖਾਹੀਆ ਕਰਾਰ

*(ਸਫਾ ਇਕ ਦੀ ਬਾਕੀ)*

ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਰਸਤੇ ਦੀ ਸਫਾਈ ਕਰਨਗੇ, ਦੋ ਘੰਟੇ ਜੋੜਾ ਘਰ ਵਿਚ ਜੋੜਿਆਂ ਨੂੰ ਪਾਲਿਸ਼ ਕਰਨ, ਇਕ ਦਿਨ ਸ੍ਰੀ ਹਰਿਮੰਦਰ ਸਾਹਿਬ ਦੀ ਸਾਰੀ ਪਰਿਕਰਮਾ ਦੀ ਸਫਾਈ ਅਤੇ ਧੁਆਈ, ਦੋ ਘੰਟੇ ਲੰਗਰ ਵਰਤਾਉਣ ਤੇ ਇਕ ਘੰਟਾ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਸੁਣਨ ਦੀ ਸੇਵਾ ਕਰਨਗੇ। ਇਸ ਮਗਰੋਂ 501 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਅਤੇ 5100-5100 ਰੁਪਏ ਗੋਲਕ ਵਿਚ ਪਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਨਗੇ। 18 ਪਤਿਤ ਸਿੱਖਾਂ ਨੂੰ ਆਪੋ-ਆਪਣੇ ਹਲਕੇ ਦੇ ਗੁਰਦੁਆਰਿਆਂ ਵਿਚ 10 ਦਿਨ ਝਾੜੂ ਮਾਰਨ ਅਤੇ ਲੰਗਰ ਦੀ ਸੇਵਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਨ੍ਹਾਂ ਵਿਚ 10 ਕਾਂਗਰਸ, ਸੱਤ ਸ਼੍ਰੋਮਣੀ ਅਕਾਲੀ ਦਲ ਅਤੇ ਇਕ ਆਮ ਆਦਮੀ ਪਾਰਟੀ ਨਾਲ ਸਬੰਧਤ ਹੈ। ਕਾਂਗਰਸ ਵੱਲੋਂ ਸਾਧੂ ਸਿੰਘ ਧਰਮਸੋਤ, ਅਮਰਿੰਦਰ ਸਿੰਘ ਰਾਜਾ ਵੜਿੰਗ, ਕੁਸ਼ਲਦੀਪ ਸਿੰਘ, ਕੇਵਲ ਸਿੰਘ, ਕਰਨ ਕੌਰ, ਦਰਸ਼ਨ ਸਿੰਘ, ਰਣਦੀਪ ਸਿੰਘ ਨਾਭਾ, ਰਜਿੰਦਰ ਸਿੰਘ ਸਮਾਣਾ, ਖੁਸ਼ਬਾਜ ਸਿੰਘ ਜਟਾਣਾ, ਦਮਨ ਕੌਰ, ਨਰਿੰਦਰ ਸਿੰਘ (ਆਪ) ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਰਿੰਦਰ ਪਾਲ ਸਿੰਘ, ਗੁਲਜ਼ਾਰ ਸਿੰਘ, ਹਰਦੀਪ ਸਿੰਘ, ਨਿਸ਼ਾਨ ਸਿੰਘ ਬੁਢਲਾਡਾ, ਦਰਸ਼ਨ ਸਿੰਘ ਕੋਟਫੱਤਾ, ਦਿਲਰਾਜ ਸਿੰਘ ਭੂੰਦੜ ਤੇ ਜਗਦੀਪ ਸਿੰਘ ਨਕਈ ਸ਼ਾਮਲ ਹਨ।

## ਆਟਾ-ਦਾਲ ਸਕੀਮ ਦੇ ਜਾਅਲੀ ਲਾਭਪਾਤਰੀਆਂ ਦੀ ਸ਼ਾਮਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਟਾ-ਦਾਲ ਸਕੀਮ ਦਾ ਲਾਹਾ ਲੈਣ ਵਾਲੇ ਨੀਲਾ ਕਾਰਡ ਲਾਭਪਾਤਰੀਆਂ ਦੀ ਸੂਚੀ ਦੀ ਮੁੜ ਪੜਤਾਲ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਲਾਭਪਾਤਰੀਆਂ ਨੂੰ ਆਧਾਰ ਕਾਰਡ ਨਾਲ ਜੋੜਨ ਦਾ ਫੈਸਲਾ ਵੀ ਕੀਤਾ ਹੈ। ਇਸ ਸਕੀਮ ਦੇ ਘੇਰੇ ਵਿਚ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਵੀ ਲਿਆਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਮੌਜੂਦਾ ਨੀਲੇ ਕਾਰਡਾਂ ਨੂੰ ਸਮਾਰਟ ਰਾਸ਼ਨ ਕਾਰਡਾਂ ਵਿਚ ਤਬਦੀਲ ਕਰ ਕੇ ਇਸ ਸਕੀਮ ਨੂੰ ਹੋਰ ਜ਼ਿਆਦਾ ਬਿਹਤਰ ਬਣਾਉਣ ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਮੌਜੂਦਾ ਕਾਰਡਾਂ ਨੂੰ ਸਿਆਸੀ ਨੇਤਾਵਾਂ ਨਾਲ ਜੋੜਨ ਤੋਂ ਛੁਟਕਾਰਾ ਦਿਵਾਉਣ ਦਾ ਵੀ ਫੈਸਲਾ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ ਆਪਣੇ ਕਾਰਜਕਾਲ ਦੇ ਪਿਛਲੇ 6-7 ਮਹੀਨਿਆਂ ਵਿਚ ਹੀ ਇਸ ਸਕੀਮ ਹੇਠ ਸੱਤ ਲੱਖ ਲਾਭਪਾਤਰੀਆਂ ਨੂੰ ਜੋੜਿਆ ਸੀ।

## ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਤਿੰਨ ਮੈਂਬਰ ਕਾਬੂ

**ਅੰਮ੍ਰਿਤਸਰ:** ਅੰਮ੍ਰਿਤਸਰ ਤੋਂ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਤਿੰਨ ਸਰਗਰਮ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਮੁਤਾਬਕ, ਇਨ੍ਹਾਂ ਕੋਲੋਂ ਨੋ ਚਾਰ ਪਿਸਤੌਲ, 46 ਕਾਰਤੂਸ, ਦੋ ਮੈਗਜ਼ੀਨ ਬਰਾਮਦ ਕੀਤੇ ਹਨ। ਗ੍ਰਿਫਤਾਰ ਕੀਤੇ ਮੈਂਬਰਾਂ ਵਿਚ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਜਰਮਨ ਰਹਿੰਦੇ ਆਗੂ ਸ਼ਮਿੰਦਰ ਸਿੰਘ ਸੈਰੀ ਦੀ ਮਾਤਾ ਜਸਵਿੰਦਰ ਕੌਰ ਵਾਸੀ ਪਿੰਡ ਬੱਲ (ਬਟਾਲਾ) ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ ਪਲਵਿੰਦਰ ਸਿੰਘ ਉਰਫ ਘੋਦੂ ਵਾਸੀ ਪਿੰਡ ਬੱਲ ਅਤੇ ਸੰਦੀਪ ਸਿੰਘ ਕਾਲੂ ਵਾਸੀ ਪੁਰੀਆ ਮੁਹੱਲਾ ਬਟਾਲਾ ਨੂੰ ਵੀ ਫੜਿਆ ਗਿਆ ਹੈ।

## ਬਾਬਰੀ ਮਸਜਿਦ: ਲਾਅ ਬੋਰਡ ਨੇ ਠੁਕਰਾਈ ਅਦਾਲਤ ਦੀ ਸਲਾਹ



**ਲਖਨਊ:** ਬਾਬਰੀ ਮਸਜਿਦ ਮਾਮਲੇ ਨੂੰ ਅਦਾਲਤ ਤੋਂ ਬਾਹਰ ਨਿਪਟਾਉਣ ਦੀ ਸੁਪਰੀਮ ਕੋਰਟ ਵੱਲੋਂ ਦਿੱਤੀ ਸਲਾਹ ਨੂੰ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਠੁਕਰਾ ਦਿੱਤਾ ਹੈ। ਬੋਰਡ ਦਾ ਕਹਿਣਾ ਹੈ ਕਿ ਉਹ ਪੂਰੀ ਕਨੂੰਨੀ ਪ੍ਰਕਿਰਿਆ ਮਗਰੋਂ ਉਚ ਅਦਾਲਤ ਵੱਲੋਂ ਸੁਣਾਏ ਫੈਸਲੇ ਨੂੰ ਹੀ ਸਵੀਕਾਰ ਕਰੇਗਾ।

ਬੋਰਡ ਦੇ ਜਨਰਲ ਸਕੱਤਰ ਮੌਲਾਨਾ ਵਲੀ ਰਹਿਮਾਨੀ ਨੇ ਕਿਹਾ ਕਿ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਿਵਾਦ 'ਤੇ ਉਹ ਅਦਾਲਤ ਤੋਂ ਬਾਹਰੀ ਕੋਈ ਸਮਝੌਤਾ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਬੋਰਡ ਦੀ ਕਾਰਜਕਾਰਨੀ ਵੱਲੋਂ ਵੀ ਇਕ ਪ੍ਰਸਤਾਵ ਪਾਸ ਕੀਤਾ ਗਿਆ ਹੈ।

ਸਰਬਉਚ ਅਦਾਲਤ ਨੇ 21 ਮਾਰਚ ਨੂੰ ਅਯੁੱਧਿਆ ਮੁੱਦੇ ਦੀ ਧਾਰਮਿਕ ਤੇ ਜਜ਼ਬਾਤੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਇਸ ਦਾ ਹੱਲ ਅਦਾਲਤ ਤੋਂ ਬਾਹਰ ਗੱਲਬਾਤ ਰਾਹੀਂ ਆਪਸੀ ਸਹਿਮਤੀ ਨਾਲ ਕਰਨ ਦਾ ਸੁਝਾਅ ਦਿੱਤਾ ਸੀ। ਚੀਫ ਜਸਟਿਸ ਜੇ.ਐਸ. ਖੇਹਰ ਨੇ ਮਾਮਲੇ ਦੇ ਹੱਲ ਲਈ ਜੱਜਾਂ ਦੇ ਇਕ ਬੈਂਚ ਨੂੰ ਵਿਚੋਲੇ ਵਜੋਂ ਲੈਣ ਦਾ ਵੀ ਸੁਝਾਅ ਦਿੱਤਾ ਸੀ। ਬੈਂਚ ਦੀ ਅਗਵਾਈ ਉਹ ਖੁਦ ਕਰਨ ਲਈ ਵੀ ਤਿਆਰ ਸਨ। ਜਸਟਿਸ ਖੇਹਰ ਨੇ ਕਿਹਾ ਸੀ ਕਿ ਇਸ ਮੁੱਦੇ ਨੂੰ ਸੁਲਝਾਉਣ ਲਈ ਗੱਲਬਾਤ ਰਾਹੀਂ ਆਪਸੀ ਸਹਿਮਤੀ ਬਣਾਉਣੀ ਅਤਿ ਜ਼ਰੂਰੀ ਹੈ। ਤੀਹਰੇ ਤਲਾਕ ਦੇ ਮੁੱਦੇ 'ਤੇ ਰਹਿਮਾਨੀ ਨੇ ਕਿਹਾ ਕਿ ਬੋਰਡ ਇਸ ਸਬੰਧੀ ਕੁਝ ਨਿਯਮ ਬਣਾਏਗਾ। ਉਨ੍ਹਾਂ ਕਿਹਾ ਕਿ ਜੋ ਵਿਅਕਤੀ 'ਸ਼ਰੀਆ' (ਇਸਲਾਮਿਕ ਲਾਅ) ਤੋਂ ਬਿਨਾਂ ਤਲਾਕ ਦੇਣਗੇ ਉਨ੍ਹਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਦਿੱਲੀ ਵਿਚ 'ਆਪ' ਦੇ ਕਿਲੇ ਨੂੰ ਲੱਗੀ ਸੰਨ੍ਹ

**ਦਿੱਲੀ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਤੋਂ ਬਾਅਦ ਆਮ ਆਦਮੀ ਪਾਰਟੀ ਨੂੰ ਦਿੱਲੀ ਵਿਚ ਵੀ ਵੱਡਾ ਝਟਕਾ ਲੱਗਾ ਹੈ। ਦਿੱਲੀ ਦੀ ਰਾਜੌਰੀ ਗਾਰਡਨ ਸੀਟ ਉਤੇ ਉਪ ਚੋਣ ਵਿਚ ਆਮ ਆਦਮੀ ਪਾਰਟੀ ਤੀਜੇ ਨੰਬਰ ਉਤੇ ਰਹੀ ਹੈ। ਆਪ ਉਮੀਦਵਾਰ ਹਰਜੀਤ ਸਿੰਘ ਨੂੰ ਸਿਰਫ 13 ਫੀਸਦੀ ਵੋਟਾਂ ਮਿਲੀਆਂ ਹਨ ਤੇ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਦੂਜੇ ਅਕਾਲੀ ਭਾਜਪਾ ਉਮੀਦਵਾਰ ਨੂੰ 50 ਫੀਸਦੀ ਤੋਂ ਵੱਧ ਵੋਟਾਂ ਮਿਲੀਆਂ ਹਨ ਤੇ ਕਾਂਗਰਸ ਉਮੀਦਵਾਰ ਨੂੰ 30 ਫੀਸਦੀ ਤੋਂ ਉਪਰ ਵੋਟਾਂ ਹਾਸਲ ਹੋਈਆਂ।

ਰਾਜੌਰੀ ਗਾਰਡਨ ਮੁੱਖ ਤੌਰ 'ਤੇ ਮੱਧ ਵਰਗੀ ਲੋਕਾਂ ਦਾ ਹਲਕਾ ਹੈ। ਉਥੇ ਭਾਜਪਾ ਦੇ ਨਿਸ਼ਾਨ 'ਤੇ ਚੋਣ ਲੜਨ ਵਾਲੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਦੀ ਸਥਿਤੀ ਮਜ਼ਬੂਤ ਹੋਣ ਬਾਰੇ ਚਰਚਾ ਪਹਿਲਾਂ ਹੀ ਤੁਰ ਪਈ ਸੀ, ਪਰ ਜਿੰਨੀਆਂ ਘੱਟ (10,342) ਵੋਟਾਂ 'ਆਪ' ਦੇ ਉਮੀਦਵਾਰ ਹਰਜੀਤ ਸਿੰਘ ਨੂੰ ਪਈਆਂ, ਉਹ ਆਪਣੇ ਆਪ ਵਿਚ ਹੈਰਾਨੀਜਨਕ ਹੈ। 'ਆਪ' ਦੀ ਲੀਡਰਸ਼ਿਪ ਇਸ ਲੋਕ ਫਤਵੇ ਨੂੰ ਇਹ ਕਹਿ ਕੇ ਹਵਾ ਵਿਚ ਉਡਾ ਰਹੀ ਹੈ ਕਿ ਹਲਕੇ ਦੇ ਲੋਕ, ਪਾਰਟੀ ਦੇ ਪਿਛਲੇ ਜੇਤੂ ਉਮੀਦਵਾਰ ਜਰਨੈਲ ਸਿੰਘ ਦੇ ਅਸਤੀਫੇ ਤੋਂ ਨਾਖੁਸ਼ ਸਨ। ਇਸੇ ਨਾਖੁਸ਼ੀ ਕਾਰਨ ਉਨ੍ਹਾਂ ਨੇ ਪਾਰਟੀ ਨੂੰ ਵੋਟਾਂ ਨਹੀਂ ਪਾਈਆਂ। ਜ਼ਿਕਰਯੋਗ ਹੈ ਕਿ ਜਰਨੈਲ ਸਿੰਘ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਤਤਕਾਲੀਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ਼ ਲੰਬੀ ਹਲਕੇ ਤੋਂ ਚੋਣ ਲੜਨ ਲਈ ਰਾਜੌਰੀ ਗਾਰਡਨ ਸੀਟ ਤਿਆਗੀ ਸੀ। ਇਹ ਫੈਸਲਾ ਪਾਰਟੀ ਨੂੰ ਮਹਿੰਗਾ ਪਿਆ। ਉਹ ਨਾ ਤਾਂ ਲੰਬੀ ਹਲਕੇ ਤੋਂ ਵੱਡੇ ਬਾਦਲ ਨੂੰ ਪਸਤ ਕਰ ਸਕੀ ਅਤੇ ਨਾ ਹੀ ਹੁਣ ਦਿੱਲੀ ਵਿਚ ਕੋਈ ਜਲਵਾ ਵਿਖਾ ਸਕੀ। ਦਰਅਸਲ, ਰਾਜੌਰੀ ਗਾਰਡਨ ਵਾਲੀ ਹਾਰ ਨਾਲ 'ਆਪ' ਆਪਣੀ ਇਖਲਾਕੀ ਚਮਕ ਗੁਆ ਬੈਠੀ ਹੈ। ਹੁਣ ਦਿੱਲੀ ਦੀਆਂ ਮਿਉਂਸਪਲ ਚੋਣਾਂ ਆਪ ਲਈ ਵੱਡੀ ਪਰਖ ਹੋਵੇਗੀ।

ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਦਿੱਲੀ ਵਿਚ 70 ਵਿਚੋਂ 67 ਸੀਟਾਂ ਲਿਜਾਣ ਵਾਲੀ ਆਮ ਆਮ ਆਦਮੀ ਪਾਰਟੀ ਦਾ ਇੰਨਾ ਬੁਰਾ ਹਾਲ ਕਿਉਂ ਹੋ ਰਿਹਾ ਹੈ। ਦਰਅਸਲ, ਦਿੱਲੀ ਦੀ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ ਵਿਚ ਕੇਜਰੀਵਾਲ ਨੇ ਆਪਣਾ 'ਪ੍ਰਸਨੈਲਿਟੀ ਕਲਟ' ਬਣਾਇਆ ਹੈ। ਯੋਗਿੰਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਨੂੰ ਬਾਹਰ ਕਰਨ ਤੋਂ ਬਾਅਦ ਉਨ੍ਹਾਂ ਕਦੇ ਵੀ ਪਾਰਟੀ ਦੀ ਸਮੂਹਿਕ ਲੀਡਰਸ਼ਿੱਪ ਨਹੀਂ ਉਭਰਨ ਦਿੱਤੀ। ਆਸ਼ੂਤੋਸ਼ ਜਿਹੇ ਚਰਚਿਤ ਚਿਹਰਿਆਂ ਤੋਂ ਵੀ ਪਾਰਟੀ ਦਾ ਕੰਮ ਨਹੀਂ ਲਿਆ ਜਾ ਰਿਹਾ। ਕੇਜਰੀਵਾਲ ਦੇ ਅਤੀ ਵਿਸ਼ਵਾਸਯੋਗ ਲੋਕਾਂ ਨੂੰ ਹੀ ਜ਼ਿੰਮੇਵਾਰੀਆਂ ਦਿੱਤੀਆਂ ਜਾ ਰਹੀਆਂ ਹਨ। ਦੂਜੇ ਅਰਥਾਂ ਵਿਚ ਆਮ ਆਦਮੀ ਪਾਰਟੀ ਦਾ ਮਤਲਬ ਕੇਜਰੀਵਾਲ ਤੇ ਕੇਜਰੀਵਾਲ ਦਾ ਮਤਲਬ ਆਮ ਆਦਮੀ ਪਾਰਟੀ ਹੋ ਗਿਆ ਹੈ।

ਭਾਰਤੀ ਸਿਆਸਤ 'ਚ ਆਮ ਆਦਮੀ ਪਾਰਟੀ ਨੂੰ ਲੋਕਾਂ ਨੇ ਹੁੰਗਾਰਾ ਇਸ ਕਰ ਕੇ ਦਿੱਤਾ ਸੀ ਕਿਉਂਕਿ ਇਹ ਦੂਜੀਆਂ ਪਾਰਟੀਆਂ ਨਾਲੋਂ ਵੱਖਰੀ ਸੀ। 'ਆਪ' ਨੂੰ ਦਿੱਲੀ ਵਿਚ ਹੁੰਗਾਰਾ ਮਿਲਣ ਤੋਂ ਬਾਅਦ ਪਾਰਟੀ ਬੁਰੀ ਤਰ੍ਹਾਂ ਬਦਲੀ। ਸਭ ਤੋਂ ਪਹਿਲਾਂ ਹਾਈਕਮਾਨ ਕਲਚਰ ਆਇਆ। ਉਸ ਤੋਂ ਬਾਅਦ ਦੂਜੀਆਂ ਪਾਰਟੀਆਂ ਵਾਲੀਆਂ ਅਲਾਮਤਾਂ ਹੀ ਆਮ ਆਦਮੀ ਪਾਰਟੀ 'ਚ ਆਉਣ ਲੱਗੀਆਂ। ਇਸ ਹਲਕੇ ਵਿਚ ਦਿੱਲੀ ਕਮੇਟੀ ਦੀਆਂ ਹੋਈਆਂ ਚੋਣਾਂ ਦੌਰਾਨ ਦੋ ਸਿੱਖ ਹਲਕੇ ਬਾਦਲ ਵਿਰੋਧੀ ਭਾਈ ਰਣਜੀਤ ਸਿੰਘ ਦੇ ਅਕਾਲ ਸਹਾਏ ਦੇ ਉਮੀਦਵਾਰਾਂ ਜਿੱਤੇ ਸਨ। ਸਥਾਨਕ ਸਿੱਖ ਆਗੂਆਂ ਨੇ ਵੀ ਸ੍ਰੀ ਸਿਰਸਾ ਤੋਂ ਦੂਰੀ ਬਣਾਈ ਹੋਈ ਸੀ। ਇਸ ਦੇ ਬਾਵਜੂਦ 'ਆਪ' ਸਿੱਖਾਂ ਨੂੰ ਨਾਲ ਨਾ ਜੋੜ ਸਕੀ।

ਕਾਂਗਰਸ ਦੀ ਉਮੀਦਵਾਰ ਚਾਹੇ ਹਾਰ ਗਈ, ਪਰ ਪਾਰਟੀ ਲਈ ਰਾਹਤ ਵਾਲੀ ਗੱਲ ਇਹ ਹੈ ਕਿ ਉਸ ਦਾ ਵੋਟ ਬੈਂਕ ਵਾਪਸ ਆ ਰਿਹਾ ਹੈ ਜੋ 2015 ਨੂੰ ਖਿਸਕ ਕੇ 'ਆਪ' ਵੱਲ ਚਲਾ ਗਿਆ ਸੀ ਕਿਉਂਕਿ ਉਨ੍ਹਾਂ ਚੋਣਾਂ ਦੌਰਾਨ ਭਾਜਪਾ ਦੇ ਵੋਟ ਫੀਸਦੀ ਵਿਚ ਇਕ ਫੀਸਦੀ ਦਾ ਵਾਧਾ ਹੀ ਹੋਇਆ ਸੀ ਤੇ ਕਾਂਗਰਸ ਨੂੰ ਖਾਸਾ ਖੋਰਾ ਲੱਗਾ ਸੀ। ਹੁਣ ਕਾਂਗਰਸੀਆਂ ਨੂੰ ਉਮੀਦ ਬਣੀ ਹੈ ਕਿ ਨਿਗਮ ਚੋਣਾਂ ਦੌਰਾਨ ਉਮੀਦਵਾਰਾਂ ਦਾ ਪ੍ਰਦਰਸ਼ਨ ਮਾੜਾ ਨਹੀਂ ਰਹੇਗਾ। 2013 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਕਾਂਗਰਸ ਨੂੰ 8 ਸੀਟਾਂ ਮਿਲੀਆਂ ਸਨ, ਪਰ 2015 ਵਿਚ ਉਹ ਬੁਰੀ ਤਰ੍ਹਾਂ ਸਾਰੀਆਂ ਸੀਟਾਂ ਹਾਰੀ ਸੀ।

## 'ਆਪ' ਖੁਦਕੁਸ਼ੀ 'ਤੇ ਉਤਾਰੂ: ਯਾਦਵ


**ਨਵੀਂ ਦਿੱਲੀ:** ਸਵਰਾਜ ਇੰਡੀਆ ਦੇ ਸੰਸਥਾਪਕ ਤੇ 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੇ ਸਾਥੀ ਰਹੇ ਯੋਗਿੰਦਰ ਯਾਦਵ ਨੇ ਕਿਹਾ ਕਿ ਭਾਜਪਾ, ਆਮ ਆਦਮੀ ਪਾਰਟੀ ਦੇ ਕਤਲ ਲਈ ਉਤਾਰੂ ਹੈ, ਪਰ ਇਹ ਵੀ ਤੈਅ ਹੈ ਕਿ ਹੱਤਿਆ ਹੋਣ ਤੋਂ ਪਹਿਲਾਂ ਹੀ 'ਆਪ' ਖੁਦਕੁਸ਼ੀ ਕਰ ਚੁੱਕੀ ਹੋਵੇਗੀ। ਇਹ ਸ਼ਬਦ ਉਨ੍ਹਾਂ ਵਿਧਾਨ ਸਭਾ ਹਲਕਾ ਰਾਜੌਰੀ ਗਾਰਡਨ ਦੇ ਆਏ ਨਤੀਜਿਆਂ ਮਗਰੋਂ ਪ੍ਰਗਟਾਏ।

## ਜਰਨੈਲ ਦੇ ਪੰਜਾਬ ਜਾਣ ਤੋਂ ਵੋਟਰ ਦੁਖੀ ਸਨ: ਸਿਸੋਦੀਆ

**ਨਵੀਂ ਦਿੱਲੀ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਕਹਿਣਾ ਹੈ ਕਿ ਪਾਰਟੀ ਵੱਲੋਂ ਵਿਧਾਇਕ ਜਰਨੈਲ ਸਿੰਘ ਨੂੰ ਵਿਧਾਨ ਸਭਾ ਚੋਣਾਂ ਲੜਨ ਪੰਜਾਬ ਭੇਜਣ ਤੋਂ ਵੋਟਰ ਦੁਖੀ ਸਨ। ਸ੍ਰੀ ਸਿਸੋਦੀਆ ਨੇ ਕਿਹਾ ਕਿ ਲੋਕਾਂ ਵਿਚ ਇਸ ਗੱਲ ਤੋਂ ਗੁੱਸਾ ਸੀ ਕਿ ਵਿਧਾਇਕ ਨੂੰ ਚੋਣ ਲੜਨ ਲਈ ਪੰਜਾਬ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਨੇ ਸਥਾਨਕ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਨਤੀਜਿਆਂ ਤੋਂ ਲੱਗਦਾ ਹੈ ਕਿ ਪਾਰਟੀ ਵੋਟਰਾਂ ਨੂੰ ਮੁਤਾਸਰ ਨਾ ਕਰ ਸਕੀ ਤੇ ਉਨ੍ਹਾਂ ਦਾ ਗੁੱਸਾ ਬਰਕਰਾਰ ਰਿਹਾ।

## 'ਜਰਨੈਲ ਦੇ ਪੰਜਾਬ ਜਾਣ ਦਾ ਹੋਇਆ ਨੁਕਸਾਨ'

**ਨਵੀਂ ਦਿੱਲੀ:** ਦਿੱਲੀ ਦੀ ਰਾਜੌਰੀ ਗਾਰਡਨ ਜ਼ਿਮਨੀ ਚੋਣ ਦੀ ਹਾਰ ਕਬੂਲਦਿਆਂ ਅਰਵਿੰਦ



ਕੇਜਰੀਵਾਲ ਨੇ ਕਿਹਾ ਕਿ ਨਤੀਜਾ ਕਾਫੀ ਖਰਾਬ ਰਿਹਾ ਅਤੇ ਪਾਰਟੀ ਦਾ ਉਮੀਦਵਾਰ ਤੀਜੇ ਨੰਬਰ ਉਤੇ ਰਿਹਾ। ਉਨ੍ਹਾਂ ਕਿਹਾ ਕਿ ਜਦੋਂ ਉਹ ਚੋਣ ਪ੍ਰਚਾਰ ਕਰ ਰਹੇ ਸਨ ਤਾਂ ਲੋਕਾਂ ਦਾ ਗੁੱਸਾ ਸਾਹਮਣੇ ਆ ਰਿਹਾ ਸੀ ਤੇ ਲੋਕ ਕਾਫੀ ਨਾਰਾਜ਼ ਸਨ। ਲੋਕਾਂ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਜਰਨੈਲ ਸਿੰਘ ਦਾ ਵਿਚਾਲੇ ਛੱਡ ਕੇ ਚਲੇ ਜਾਣ ਦਾ ਖਾਸਾ ਨੁਕਸਾਨ ਹੋਇਆ ਹੈ।

## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) 11-18

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 15-

### ਕੰਨਿਆ ਦੀ ਲੋੜ

ਜੱਟ ਸਿੱਖ ਉਮਰ 25 ਸਾਲ ਕੱਦ 5'-10" ਵਰਕ ਪਰਮਿਟ 'ਤੇ ਕੰਮ ਕਰ ਰਹੇ ਲੜਕੇ ਲਈ ਯੂ.ਐਸ.-ਕੈਨੇਡਾ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜਰੂਰਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 612-481-4662 16-19

Wanted suitable US citizen girl for Jatt Sikh Boy, 30, 5'-11", Canadian Citizen & USA Green Card Holder, well Settled in the USA. Contact: Ph.317-603-1000 or 317-979-4740, Email-jagbirsandhu86@yahoo.com 13+

### ਕੰਨਿਆ ਦੀ ਲੋੜ

28 year old Dentist from India clean shaven Arora Sikh, finishing health management course in Australia by the end of April 2017, looking for a suitable educated US citizen girl to marry and settle in US. Contact: Jaytg@aol.com, Ph: 847-830-5361 15-18

30 year old handsome Gursikh priest from Jammu and Kashmir looking to marry US citizen Gursikh girl to settle down in US, presently in the Midwest (USA). Also has a 28 year old priest brother in Australia interested in marrying Gursikh US citizen girl to settle in US. Both fluent in English. Contact: jaytg@aol.com, Ph: 847-830-5361 15-18

Ramgariah family looking for a suitable Ramgariah match for their Sr. Financial Analyst 33 years, U.S. born son. Please contact: jsnov1973@aol.com 14/-4

*To Advertise with Punjab Times*
***Call: 847-359-0746***

## ਹੁਣ ਦਿੱਲੀ ਨਿਗਮ ਚੋਣਾਂ ਕੇਜਰੀਵਾਲ ਲਈ ਚੁਣੌਤੀ

**ਨਵੀਂ ਦਿੱਲੀ:** ਦਿੱਲੀ ਦੇ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਦੀ ਹਾਰ ਮਗਰੋਂ ਦਿੱਲੀ ਨਗਰ ਨਿਗਮ ਚੋਣਾਂ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਈ ਨਵੀਂ ਚੁਣੌਤੀ ਬਣ ਗਏ ਹਨ। ਪੰਜਾਬ ਤੇ ਗੋਆ ਵਿਧਾਨ ਸਭਾ ਚੋਣਾਂ ਵਿਚ ਆਸ ਤੋਂ ਕਿਤੇ ਘੱਟ ਸਫਲਤਾ ਹਾਸਲ ਕਰਨ ਦੀ ਮਾਰ ਝੱਲ ਰਹੀ 'ਆਪ' ਨੂੰ ਹੁਣ ਆਪਣੀ ਰਣਨੀਤੀ ਉਪਰ ਨਵੇਂ ਸਿਰੇ ਤੋਂ ਵਿਚਾਰ ਕਰਨਾ ਹੋਵੇਗਾ। ਸ੍ਰੀ ਕੇਜਰੀਵਾਲ ਆਮ ਆਦਮੀ ਪਾਰਟੀ ਦੇ ਕ੍ਰਿਸ਼ਮਈ ਆਗੂ ਮੰਨੇ ਜਾਂਦੇ ਹਨ, ਪਰ ਇਹ ਚੋਣ ਨਤੀਜੇ ਮੁੱਖ ਮੰਤਰੀ ਦੀ ਸਾਖ ਨੂੰ ਹਲਕਾ ਖੋਰਾ ਲਾ ਸਕਦੇ ਹਨ। ਜਿਵੇਂ ਵੋਟਰਾਂ ਨੇ ਇਸ ਹਲਕੇ ਵਿਚ 'ਆਪ' ਨੂੰ ਤੀਜੇ ਸਥਾਨ ਉਪਰ ਧੱਕਿਆ ਹੈ, ਉਸ ਤੋਂ ਸਾਫ ਹੈ ਕਿ ਲੋਕਾਂ ਵਿਚ ਪਾਰਟੀ ਪ੍ਰਤੀ ਖਾਸੀ ਨਰਾਜ਼ਗੀ ਸੀ। ਇਹ ਹਲਕਾ ਸਿੱਖ ਤੇ ਪੰਜਾਬੀ ਬਹੁਵਸੋਂ ਵਾਲਾ ਇਲਾਕਾ ਹੋਣ ਦੇ ਬਾਵਜੂਦ 'ਆਪ' ਵੱਲੋਂ ਖੜ੍ਹੇ ਕੀਤੇ ਗਏ ਸਿੱਖ ਉਮੀਦਵਾਰ ਨੂੰ ਵੋਟਾਂ ਘੱਟ ਮਿਲੀਆਂ।

## ਇਮਾਨਦਾਰੀ ਨਾਲ ਸਵੈ ਪੜਚੋਲ ਦੀ ਲੋੜ: ਜਰਨੈਲ ਸਿੰਘ



**ਨਵੀਂ ਦਿੱਲੀ:** ਪੰਜਾਬ ਵਿਧਾਨ ਸਭਾ ਚੋਣਾਂ ਲੜਨ ਲਈ ਰਾਜੌਰੀ ਗਾਰਡਨ ਤੋਂ ਅਸਤੀਫਾ ਦੇਣ ਵਾਲੇ ਵਿਧਾਇਕ ਜਰਨੈਲ ਸਿੰਘ ਦਾ ਕਹਿਣਾ ਹੈ ਕਿ ਜ਼ਿਮਨੀ ਚੋਣ 'ਚ ਹਾਰ ਉਤੇ ਪਾਰਟੀ ਨੂੰ ਇਮਾਨਦਾਰੀ ਨਾਲ ਆਤਮ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਜਿੱਤ ਜਾਂ ਹਾਰ ਚੋਣ ਰਾਜਨੀਤੀ ਦਾ ਹਿੱਸਾ ਹੈ, ਪਰ ਪਾਰਟੀ ਨੂੰ ਡੂੰਘਾਈ ਨਾਲ ਅਤੇ ਇਮਾਨਦਾਰੀ ਨਾਲ ਆਤਮ ਵਿਸ਼ਲੇਸ਼ਣ ਕਰਨ ਦੀ ਲੋੜ ਹੈ।

**ਫਲੈਟ ਉਪਲਬਧ ਹਨ**

ਐਨ.ਆਰ.ਆਈ. ਕਾਲੋਨੀ, ਜਲੰਧਰ ਵਿਚ ਬਹੁਤ ਹੀ ਵਾਜਬ ਭਾਅ 'ਤੇ ਫਲੈਟ ਉਪਲਬਧ ਹਨ ਬੀ.ਐਮ.ਸੀ. ਦੇ ਨੇੜੇ

ਸੰਪਰਕ ਕਰੋ, ਫੋਨ: 91-79001-90251

**Flats! Flats!! Flats!!!**

NRI colony reasonably priced flats.
Your own home in paush locality of Jalandhar.
*Cool road near BMC chownk.*
Call, Singh: 91-79001-90251

15-16

**ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ**

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

ਫੋਨ: 757-240-9348

16-18

**INDIAN BAZAAR**
334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

*ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।*

*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*




Ph: 317-534-5151, 916-524-0045

# ਕੈਪਟਨ ਦੀਆਂ ਸੱਜਣ ਬਾਰੇ ਟਿੱਪਣੀਆਂ 'ਤੇ ਸਿਆਸੀ ਘਮਸਾਣ

**ਚੰਡੀਗੜ੍ਹ:** ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 'ਖਾਲਿਸਤਾਨੀ ਸਮਰਥਕ' ਆਖੇ ਜਾਣ ਉਤੇ ਸਿਆਸਤ ਗਰਮਾਈ ਹੋਈ ਹੈ। ਆਮ ਆਦਮੀ ਪਾਰਟੀ ਦੇ ਬੁਲਾਰੇ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਕੈਪਟਨ ਵੱਲੋਂ ਹਰਜੀਤ ਸਿੰਘ ਸੱਜਣ ਨਾਲ ਮੁਲਾਕਾਤ ਨਾ ਕਰਨ ਦੇ ਫੈਸਲੇ ਪਿੱਛੇ ਮੁੱਖ ਮੰਤਰੀ ਦੀ ਨਿੱਜੀ ਬਦਲਾਖੋਰੀ ਹੈ। ਉਨ੍ਹਾਂ ਆਖਿਆ ਕਿ ਕੈਨੇਡੀਅਨ ਲੋਕਾਂ ਨੇ ਵੋਟਾਂ ਰਾਹੀਂ ਪੰਜਾਬੀਆਂ ਨੂੰ ਆਪਣੇ ਨੁਮਾਇੰਦੇ ਚੁਣ ਕੇ ਭਾਰਤ ਅਤੇ ਪੰਜਾਬ ਦਾ ਸਿਰ ਉਚਾ ਕੀਤਾ ਹੈ, ਪਰ ਨਿੱਜੀ ਬਦਲਾਖੋਰੀ ਅਤੇ ਸੌੜੇ ਸਿਆਸੀ ਹਿੱਤਾਂ ਕਾਰਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਿਹੜੇ ਸ਼ਬਦ ਕੈਨੇਡਾ ਦੇ ਰੱਖਿਆ ਮੰਤਰੀ ਬਾਰੇ ਬੋਲੇ ਗਏ ਹਨ, ਉਸ ਪਿੱਛੇ ਉਨ੍ਹਾਂ ਦਾ ਐਨ.ਆਰ.ਆਈਜ਼. ਪ੍ਰਤੀ ਬਦਲੇ ਦੀ ਭਾਵਨਾ ਸਾਫ ਝਲਕਦੀ ਹੈ। ਦਲ ਖਾਲਸਾ ਨੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਦੀ ਤਿੱਖੀ ਆਲੋਚਨਾ ਕੀਤੀ ਹੈ।

ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖਾਲਸਾ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਵਿਦੇਸ਼ਾਂ 'ਚ ਵਸੇ ਸਮੂਹ ਪੰਜਾਬੀਆਂ ਲਈ ਪ੍ਰਤੀਨਿਧ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਕੈਨੇਡਾ ਦੇ ਰੱਖਿਆ ਮੰਤਰੀ ਪ੍ਰਤੀ ਆਪਣੇ ਵਿਚਾਰ ਅਤੇ ਟਿੱਪਣੀ 'ਤੇ ਮੁੜ ਗੌਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਅਜਿਹਾ ਨਾਂਹਪੱਖੀ ਵਤੀਰਾ ਕੈਨੇਡਾ ਵਿਚ ਵਸ ਰਹੇ ਪੰਜਾਬੀ ਭਾਈਚਾਰੇ ਪ੍ਰਤੀ ਚੰਗਾ ਸੰਕੇਤ ਨਹੀਂ ਹੋਵੇਗਾ।




## ਕੈਨੇਡਾ ਦੀਆਂ ਟਿੱਪਣੀਆਂ ਅਫਸੋਸਜਨਕ ਕਰਾਰ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਨੂੰ ਕੈਨੇਡਾ ਨੇ ਨਿਰਾਸ਼ਾ ਭਰਿਆ ਤੇ ਗਲਤ ਕਰਾਰ ਦਿੱਤਾ ਹੈ। ਕੈਨੇਡੀਅਨ ਹਾਈ ਕਮਿਸ਼ਨ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕੈਨੇਡਾ ਪੰਜਾਬ ਦੇ ਲੋਕਾਂ ਤੇ ਸਰਕਾਰ ਨਾਲ ਆਪਣੇ ਸਬੰਧਾਂ ਨੂੰ ਕਾਫੀ ਮਹੱਤਵ ਦਿੰਦਾ ਹੈ ਅਤੇ ਇਸ ਰਿਸ਼ਤੇ ਨੂੰ ਅੱਗੇ ਵਧਾਉਣ ਨੂੰ ਲੈ ਕੇ ਉਤਸ਼ਾਹਿਤ ਹੈ। ਉਨ੍ਹਾਂ ਕਿਹਾ, 'ਸਾਨੂੰ ਅਫਸੋਸ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਨੇਡਾ ਦੇ ਰੱਖਿਆ ਮੰਤਰੀ ਨੂੰ ਮਿਲਣ ਲਈ ਉਪਲੱਬਧ ਨਹੀਂ ਹਨ।'

ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਦਾ ਬਿਆਨ ਅਫਸੋਸਨਾਕ ਤੇ ਨਿੰਦਣਯੋਗ ਅਤੇ ਸ਼ਿਸ਼ਟਾਚਾਰ ਅਤੇ ਇਖਲਾਕ ਦੇ ਤਕਾਜ਼ਿਆਂ ਤੋਂ ਸੱਖਣਾ ਹੈ। ਉਨ੍ਹਾਂ ਕਿਹਾ ਕਿ ਅੱਜ ਕੈਪਟਨ ਸਾਹਿਬ ਪੰਜਾਬ ਦੇ ਮੁੱਖ ਮੰਤਰੀ ਹਨ, ਹੁਣ ਨਿੱਜੀ ਰੰਜਿਸ਼ ਨੂੰ ਦਰਕਿਨਾਰ ਕਰ ਕੇ ਰਾਜ ਧਰਮ ਨਿਭਾਉਣਾ ਉਨ੍ਹਾਂ ਦਾ ਪਹਿਲਾ ਫਰਜ਼ ਹੈ। ਉਧਰ, ਪੰਜਾਬ ਦੇ ਕਾਂਗਰਸੀ ਆਗੂਆਂ ਤੇ ਵਿਧਾਇਕਾਂ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਕਿਹਾ ਹੈ ਕਿ ਉਹ ਖਾਲਿਸਤਾਨ ਦੇ ਮੁੱਦੇ 'ਤੇ ਆਪਣਾ ਪੱਖ ਸਪੱਸ਼ਟ ਕਰਨ। ਇਹ ਭਾਰਤ ਤੇ ਕੈਨੇਡਾ ਦੇ ਚੰਗੇ ਸਬੰਧਾਂ ਲਈ ਜ਼ਰੂਰੀ ਹੈ ਕਿ ਉਹ ਇਸ ਸੰਵੇਦਨਸ਼ੀਲ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨ। ਕੈਨੇਡਾ ਦੇ ਹਾਈ ਕਮਿਸ਼ਨਰ ਵੱਲੋਂ ਇਸ ਮੁੱਦੇ 'ਤੇ ਜਾਰੀ ਬਿਆਨ ਬਾਰੇ ਕਾਂਗਰਸੀ ਆਗੂਆਂ ਨੇ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਵੱਲੋਂ ਸਥਿਤੀ ਸਪਸ਼ਟ ਕਰਨ ਦੀ ਥਾਂ ਉਤੇ ਤੱਥਾਂ ਨੂੰ ਲੁਕਾਉਣ ਦਾ ਯਤਨ ਕੀਤਾ ਗਿਆ ਹੈ। ਕਾਂਗਰਸੀ ਵਿਧਾਇਕਾਂ ਸੁਖਜਿੰਦਰ ਸਿੰਘ ਰੰਧਾਵਾ, ਸੁਖ ਸਰਕਾਰੀਆ ਅਤੇ ਨਵਤੇਜ ਸਿੰਘ ਚੀਮਾ ਨੇ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਵੀ ਇਹ ਸਲਾਹ ਦਿੱਤੀ ਕਿ ਉਹ ਹਰਜੀਤ ਸਿੰਘ ਸੱਜਣ ਦੇ ਵਕੀਲ ਬਣਨ ਦੀ ਕੋਸ਼ਿਸ਼ ਨਾ ਕਰਨ।

## ਕੈਪਟਨ ਦਾ ਆਲੋਚਨਾ ਬਾਰੇ ਮੋੜਵਾਂ ਜਵਾਬ

**ਚੰਡੀਗੜ੍ਹ:** ਮੁੱਖ ਮੰਤਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੇ ਸਟੈਂਡ ਦੀ ਆਲੋਚਨਾ ਕਰਨ ਬਾਰੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਹ ਭੁੱਲ ਚੁੱਕੀ ਹੈ ਕਿ ਉਨ੍ਹਾਂ ਦੇ ਆਗੂਆਂ ਨਾਲ ਕੈਨੇਡਾ ਦੇ ਗਰਮਦਲੀਆਂ ਨੇ ਕੀ ਸਲੂਕ ਕੀਤਾ ਸੀ। ਉਨ੍ਹਾਂ ਪੁੱਛਿਆ ਕਿ ਕੀ ਇਨ੍ਹਾਂ ਲੀਡਰਾਂ ਵਿਚ ਗੈਰਤ ਦੀ ਭਾਵਨਾ ਮਰ ਚੁੱਕੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਉਨ੍ਹਾਂ ਦੇ ਸਿਧਾਂਤਕ ਸਟੈਂਡ ਦੀ ਮੁਖਾਲਫਤ ਕਰਨ ਵਾਲੇ ਇਹ ਲੋਕ ਦਰਅਸਲ ਖਾਲਿਸਤਾਨੀ ਹਮਾਇਤੀਆਂ ਨੂੰ ਹੱਲਾਸ਼ੇਰੀ ਦੇ ਕੇ ਖਾੜਕੂਵਾਦ ਦੇ ਸਿਰ ਚੁੱਕਣ ਦੀ ਸੰਭਾਵਨਾ ਨੂੰ ਹਵਾ ਦੇ ਰਹੇ ਹਨ। ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਸਿੱਖ ਵਿਰੋਧੀ ਦੱਸਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਝੂਠਾ ਪ੍ਰਚਾਰ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਵਸਦੇ ਸਿੱਖਾਂ ਨਾਲ ਉਨ੍ਹਾਂ ਦਾ ਕੋਈ ਵਿਰੋਧ ਨਹੀਂ ਹੈ, ਪਰ ਇਨ੍ਹਾਂ ਵਿਚ ਮੌਜੂਦ ਇਕ ਛੋਟੀ ਜਿਹੀ ਆਬਾਦੀ, ਜੋ ਖਾਲਿਸਤਾਨ ਹਮਾਇਤੀ ਹੈ, ਨਾਲ ਉਨ੍ਹਾਂ ਦਾ ਕੋਈ ਪਿਆਰ ਵੀ ਨਹੀਂ ਹੈ।

## ਕੈਪਟਨ ਨੇ ਖਾਲਿਸਤਾਨੀਆਂ ਨਾਲ ਸਟੇਜਾਂ ਸਾਂਝੀਆਂ ਕੀਤੀਆਂ



**ਚੰਡੀਗੜ੍ਹ:** ਪੰਜਾਬ ਵਿਧਾਨ ਵਿਰੋਧੀ ਧਿਰ ਦੇ ਆਗੂ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਐਚ.ਐਸ. ਫੂਲਕਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਖਾਲਿਸਤਾਨੀ ਦੱਸ ਕੇ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਇਕ ਤਸਵੀਰ ਜਾਰੀ ਕਰ ਕੇ ਦੋਸ਼ ਲਾਇਆ ਕਿ ਉਨ੍ਹਾਂ ਖੁਦ ਕੈਨੇਡਾ 'ਚ ਖਾਲਿਸਤਾਨੀਆਂ ਦੀ ਸਟੇਜ ਤੋਂ ਸੰਬੋਧਨ ਕੀਤਾ ਸੀ ਅਤੇ ਅੱਜ ਸਿੱਖਾਂ ਦਾ ਕਤਲੇਆਮ ਕਰਨ ਵਾਲੀ ਆਪਣੀ ਕਾਂਗਰਸ ਪਾਰਟੀ ਨੂੰ ਬਚਾਉਣ ਲਈ ਇਕ ਸਾਜ਼ਿਸ਼ ਤਹਿਤ ਸ੍ਰੀ ਸੱਜਣ ਵਿਰੁੱਧ ਬੇਹੂਦਾ ਬਿਆਨ ਦਿੱਤਾ ਹੈ।

# ਟਰਾਂਸਪੋਰਟ ਸਿਸਟਮ ਵਿਚ ਮਨਮਾਨੀਆਂ ਰੋਕਣ ਤੋਂ ਝਿਜਕਣ ਲੱਗੀ ਸਰਕਾਰ

**ਬਠਿੰਡਾ:** ਬਠਿੰਡਾ ਬੱਸ ਅੱਡੇ 'ਤੇ ਪਰਮਿਟਾਂ ਦੀ ਚੈਕਿੰਗ ਵਿਚ ਜਦੋਂ ਗੁੱਝੇ ਰਾਜ਼ ਬੇਪਰਦ ਹੋਣ ਲੱਗੇ ਤਾਂ ਉਪਰੋਂ ਤਾਰਾਂ ਖੜਕ ਗਈਆਂ। ਗਰਮਜੋਸ਼ੀ ਨਾਲ ਸ਼ੁਰੂ ਹੋਈ ਮੁਹਿੰਮ ਦੁਪਹਿਰ ਤੋਂ ਪਹਿਲਾਂ ਹੀ ਖਤਮ ਹੋ ਗਈ। ਕੈਪਟਨ ਸਰਕਾਰ ਦੇ ਇਕੋ ਦਬਕੇ ਨੇ ਵੱਡੇ ਘਰਾਂ ਦੀ 'ਬੱਸ ਸੇਵਾ' ਦੀ ਪੋਲ ਖੋਲ੍ਹਣ ਤੁਰੇ ਅਫਸਰਾਂ ਦਾ ਦਬਕਾ ਮੱਠਾ ਕਰ ਦਿੱਤਾ। ਚਰਚੇ ਹਨ ਕਿ 'ਵੱਡੇ ਘਰਾਂ' ਦੀ ਨਵੀਂ ਹਕੂਮਤ 'ਚ ਉਵੇਂ ਹੀ ਤੂਤੀ ਬੋਲਦੀ ਹੈ।

ਪੀ.ਆਰ.ਟੀ.ਸੀ ਦੇ ਨਵੇਂ ਐੱਮ.ਡੀ ਮਨਜੀਤ ਸਿੰਘ ਨਾਰੰਗ ਨੇ ਬੜੀ ਫੁਰਤੀ ਨਾਲ ਡਿੱਪੂ ਮੈਨੇਜਰਾਂ ਨੂੰ 11 ਅਪਰੈਲ ਨੂੰ ਪੱਤਰ ਜਾਰੀ ਕੀਤਾ ਕਿ ਬੱਸ ਅੱਡਿਆਂ ਵਿਚੋਂ ਚੱਲਦੀ ਪ੍ਰਾਈਵੇਟ ਟਰਾਂਸਪੋਰਟ ਦੇ ਪਰਮਿਟਾਂ ਅਤੇ ਸਮਾਂ ਸੂਚੀਆਂ ਦੀ ਚੈਕਿੰਗ ਕੀਤੀ ਜਾਵੇ। ਬਠਿੰਡਾ ਡਿੱਪੂ ਦੇ ਨਵੇਂ ਜਨਰਲ ਮੈਨੇਜਰ ਨੇ 12 ਅਪਰੈਲ ਨੂੰ ਪੱਤਰ ਨੰਬਰ 3/ਟੀ/ਬਠਿੰਡਾ ਤਹਿਤ ਪਰਮਿਟ ਚੈਕਿੰਗ ਲਈ ਅੱਠ ਮੈਂਬਰੀ ਕਮੇਟੀ ਬਣਾ ਦਿੱਤੀ। ਵਿਸਾਖੀ ਵਾਲੇ ਦਿਨ ਜਦੋਂ ਕਮੇਟੀ ਨੇ ਸਵੇਰੇ ਪੰਜ ਵਜੇ ਚੈਕਿੰਗ ਸ਼ੁਰੂ ਕਰ ਦਿੱਤੀ ਤਾਂ ਉਦੋਂ ਹੀ ਧੂੰਆਂ ਉਠਣਾ ਸ਼ੁਰੂ ਹੋ ਗਿਆ। ਸੂਤਰ ਦੱਸਦੇ ਹਨ ਕਿ ਜਦੋਂ ਚੈਕਿੰਗ ਕਮੇਟੀ ਨੇ ਵੱਡਿਆਂ ਦੀਆਂ ਦੋ ਬੱਸਾਂ ਦੀ ਚੈਕਿੰਗ ਕੀਤੀ ਤਾਂ ਦਾਲ ਵਿਚ ਕੁਝ ਕਾਲਾ ਜਾਪਿਆ। ਫਿਰ ਹੋਰ ਕੁਝ ਬੱਸਾਂ ਦੇ ਪਰਮਿਟਾਂ ਵਿਚ ਖਾਮੀਆਂ ਦਿਸੀਆਂ ਅਤੇ ਕਈ ਪਰਮਿਟ ਰੀਨਿਊ ਹੀ ਨਹੀਂ ਹੋਏ ਸਨ। ਵੱਡੇ ਟਰਾਂਸਪੋਰਟਰਾਂ ਦੀ ਇਕ ਬੱਸ ਦਾ ਅਸਲੀ ਪਰਮਿਟ ਹੋਰ ਸੀ ਜਦੋਂਕਿ ਸਮਾਂ ਸੂਚੀ ਵਿਚ ਪਰਮਿਟ ਨੰਬਰ ਕੋਈ ਹੋਰ ਦਰਜ ਸੀ। ਚੈਕਿੰਗ ਕਮੇਟੀ ਨੇ ਦੋ-ਦੋ ਪਰਮਿਟਾਂ ਨੂੰ ਜੋੜ ਕੇ ਚੱਲਦੀਆਂ ਬੱਸਾਂ ਦੀ ਸ਼ਨਾਖ਼ਤ ਵੀ ਕੀਤੀ। ਫਿਰ ਟਰਾਂਸਪੋਰਟਰਾਂ ਨੇ ਪਰਮਿਟ ਦਿਖਾਉਣੇ ਬੰਦ ਕਰ ਦਿੱਤੇ। ਦੁਪਹਿਰ ਤੋਂ ਪਹਿਲਾਂ ਰੌਲਾ ਪੈ ਗਿਆ।

ਪ੍ਰਾਈਵੇਟ ਟਰਾਂਸਪੋਰਟ ਵੀ ਇਸ ਮੁਹਿੰਮ ਖਿਲਾਫ਼ ਕੁੱਦ ਪਏ। ਸੂਤਰਾਂ ਅਨੁਸਾਰ ਉਪਰੋਂ ਜ਼ਬਾਨੀ ਹੁਕਮ ਮਿਲ ਗਏ ਕਿ ਚੈਕਿੰਗ ਬੰਦ ਕਰ ਦਿੱਤੀ ਜਾਵੇ ਅਤੇ ਮਹਿਜ ਪਰਮਿਟਾਂ ਵਗੈਰਾ ਦੀ ਗਿਣਤੀ ਲਿਖ ਲਈ ਜਾਵੇ। ਹੁਕਮਾਂ ਮਗਰੋਂ ਹੀ ਚੈਕਿੰਗ ਕਮੇਟੀ ਨੇ ਪੜਤਾਲ ਬੰਦ ਕਰ ਦਿੱਤੀ। ਇਸ ਕਮੇਟੀ ਨੇ ਮੁੜ ਇਹ ਮੁਹਿੰਮ ਸ਼ੁਰੂ ਨਹੀਂ ਕੀਤੀ। ਚਰਚੇ ਛਿੜੇ ਹਨ ਕਿ ਪੁਰਾਣੀ ਸਰਕਾਰ ਦਾ ਹਾਲੇ ਵੀ ਮੌਜੂਦਾ ਸਰਕਾਰ ਵਿਚ ਦਬਦਬਾ ਹੈ।

ਪੀ.ਆਰ.ਟੀ.ਸੀ. ਕਰਮਚਾਰੀ ਦਲ ਦੇ ਚੇਅਰਮੈਨ ਬਲਦੇਵ ਸਿੰਘ ਦਾ ਕਹਿਣਾ ਸੀ ਕਿ ਜਦੋਂ ਪ੍ਰਾਈਵੇਟ ਬੱਸਾਂ ਦੀਆਂ ਖਾਮੀਆਂ ਜ਼ਾਹਰ ਹੋਣ ਲੱਗੀਆਂ ਤਾਂ ਪ੍ਰਾਈਵੇਟ ਟਰਾਂਸਪੋਰਟਰ ਭੜਕ ਉਠੇ। ਪਰਮਿਟਾਂ ਅਤੇ ਟਾਈਮ ਟੇਬਲ ਵਿਚ ਬਹੁਤ ਗੰਭੀਰ ਖਾਮੀਆਂ ਲੱਭੀਆਂ, ਪਰ ਮਗਰੋਂ ਟਰਾਂਸਪੋਰਟਰਾਂ ਨੇ ਉਤੇ ਦਬਾਅ ਪਾ ਲਿਆ। ਪ੍ਰਾਈਵੇਟ ਬੱਸ ਅਪਰੇਟਰ ਯੂਨੀਅਨ ਦੇ ਪ੍ਰਧਾਨ ਹਰਵਿੰਦਰ ਹੈਪੀ ਦਾ ਕਹਿਣਾ ਸੀ ਕਿ ਪੀ. ਆਰ. ਟੀ. ਸੀ. ਕੋਲ ਪਰਮਿਟ ਚੈਕ ਕਰਨ ਦੀ ਕੋਈ ਅਥਾਰਟੀ ਨਹੀਂ।

## ਅਕਾਲੀਆਂ ਦੀ ਹਲਕਾ ਇੰਚਾਰਜ ਵਿਵਸਥਾ ਖਤਮ

**ਚੰਡੀਗੜ੍ਹ:** ਪੁਲਿਸ ਦੇ ਕੰਮਕਾਜ ਵਿਚ ਸਿਆਸੀ ਦਖਲਅੰਦਾਜ਼ੀ ਖਤਮ ਕਰਨ ਦੇ ਇਰਾਦੇ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਲਕਾ ਇੰਚਾਰਜ ਵਿਵਸਥਾ ਨੂੰ ਫੌਰੀ ਖਤਮ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਪੁਲਿਸ ਥਾਣਿਆਂ ਅਤੇ ਪੁਲਿਸ ਸਬ-ਡਵੀਜ਼ਨਾਂ ਦੇ ਅਧਿਕਾਰ ਖੇਤਰ ਵਿਚ ਤਬਦੀਲੀਆਂ ਸਬੰਧੀ ਸਾਲ 2010 ਦੀਆਂ ਅਧਿਸੂਚਨਾਵਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਨਾਲ ਪੁਲਿਸ ਵਿਵਸਥਾ ਸੁਤੰਤਰ ਅਤੇ ਨਿਰਪੱਖਤਾ ਦੇ ਨਾਲ ਸੁਚਾਰੂ ਬਣਾਉਣ ਲਈ ਰਾਹ ਪੱਧਰਾ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨੇ ਰਾਜ ਦੀ ਵਾਗਡੋਰ ਸੰਭਾਲਣ ਉਪਰੰਤ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਨੇ ਪੁਲਿਸ ਥਾਣਿਆਂ ਅਤੇ ਸਬ-ਡਵੀਜ਼ਨਾਂ ਦੇ ਖੇਤਰੀ ਪੁਨਰਗਠਨ ਦਾ ਫੈਸਲਾ ਕੀਤਾ ਹੈ ਤਾਂ ਜੋ ਕੰਮ ਕਾਜੀ ਅਤੇ ਅਪ੍ਰੇਸ਼ਨਲ ਕਾਰਜ-ਕੁਸ਼ਲਤਾ ਨੂੰ ਹੋਰ ਵਧਾਇਆ ਜਾ ਸਕੇ।

# ਸੱਤਾ ਮਿਲਣ ਪਿੱਛੋਂ ਬੇਲਗਾਮ ਹੋਣ ਲੱਗੇ ਕਾਂਗਰਸੀ ਆਗੂ

**ਚੰਡੀਗੜ੍ਹ:** ਦਸ ਸਾਲਾਂ ਬਾਅਦ ਸੱਤਾ ਵਿਚ ਆਈ ਪੰਜਾਬ ਕਾਂਗਰਸ ਦੇ ਆਗੂਆਂ ਦੇ ਸਿਰ ਨੂੰ ਤਾਕਤ ਦਾ ਨਸ਼ਾ ਚੜ੍ਹ ਗਿਆ ਹੈ। ਸਰਕਾਰ ਬਣਾਉਣ ਤੋਂ ਇਕ ਮਹੀਨੇ ਬਾਅਦ ਪਾਰਟੀ ਆਗੂਆਂ ਤੇ ਮੰਤਰੀਆਂ ਨੇ ਪ੍ਰਸ਼ਾਸਨ ਤੇ ਪੁਲਿਸ ਉਤੇ ਪਕੜ ਬਣਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ।

ਇਹ ਸਾਰਾ ਕੁਝ ਚੰਗੇ ਪ੍ਰਸ਼ਾਸਨ ਦੇ ਵਾਅਦੇ ਨਾਲ ਸੱਤਾ ਵਿਚ ਆਏ ਕੈਪਟਨ ਅਮਰਿੰਦਰ ਸਿੰਘ ਦੀ ਕਥਨੀ ਦੇ ਉਲਟ ਹੋ ਰਿਹਾ ਹੈ। ਸਰਕਾਰ ਵਿਚਲੇ ਸਿਖਰਲੇ ਦਰਜੇ ਉਤੇ ਬੈਠੇ ਅਫਸਰਾਂ ਨੇ ਪੂਰੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਸੰਦੇਸ਼ ਦਿੱਤਾ ਹੈ ਕਿ ਉਹ ਕਿਸੇ ਸਿਆਸਤਦਾਨ ਦੇ ਦਬਾਅ ਅੱਗੇ ਨਾ ਝੁਕਣ ਅਤੇ ਲੋਕ ਹਿੱਤ ਵਿਚ ਕਾਨੂੰਨ ਅਨੁਸਾਰ ਚੱਲਣ। ਇਨ੍ਹਾਂ ਹਦਾਇਤਾਂ ਦੀ ਸੱਤਾਧਾਰੀ ਪਾਰਟੀ ਆਗੂ ਤੇ ਮੰਤਰੀ ਖਿੱਲੀ ਉਡਾ ਰਹੇ ਹਨ।

ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਇਕ ਅਕਾਦਮਿਕ ਬਲਾਕ ਦੇ ਉਦਘਾਟਨੀ ਪੱਥਰ ਉਤੇ ਆਪਣਾ ਨਾਮ ਤੀਜੇ ਨੰਬਰ ਉਤੇ ਦੇਖਣ ਮਗਰੋਂ ਸਕੂਲ ਪ੍ਰਿੰਸੀਪਲ ਨੂੰ ਮੁਅੱਤਲ ਕਰਨ ਦੀ ਧਮਕੀ ਦੇ ਦਿੱਤੀ। ਇਸ ਤੋਂ ਇਲਾਵਾ ਅਕਾਲੀਆਂ ਦੀ ਚੌਧਰ ਵਾਲੀਆਂ ਟਰੱਕ ਯੂਨੀਅਨਾਂ ਉਤੇ ਕਬਜ਼ੇ ਹੋਏ। ਫਿਰ, ਕੁੱਟਮਾਰ ਦੀਆਂ ਵਾਰਦਾਤਾਂ ਸ਼ੁਰੂ ਹੋ ਗਈਆਂ ਅਤੇ ਹੁਣ ਕਤਲ ਕੀਤੇ ਜਾਣ, ਮੁਕੱਦਮੇ ਦਰਜ ਕਰਵਾਏ ਜਾਣ ਅਤੇ ਘਰਾਂ ਉਤੇ ਹਮਲੇ ਕੀਤੇ ਜਾਣ ਦੀਆਂ ਵਾਰਦਾਤਾਂ ਵਾਪਰਨ ਲੱਗੀਆਂ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਦੇ ਪਿੰਡ ਤਰਮਾਲਾ ਵਿਚ ਇਕ ਅਕਾਲੀ ਸਮਰਥਕ ਨੇ ਉਸ ਦੇ ਘਰ 'ਤੇ ਪੁਲਿਸ ਛਾਪੇ ਦੌਰਾਨ ਦਮ ਤੋੜ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਪੁਲਿਸ ਇਸ ਕਿਸਾਨ ਦੇ ਘਰ ਨਾਜਾਇਜ਼ ਸ਼ਰਾਬ ਹੋਣ ਦੀ ਸੂਹ ਮਿਲਣ 'ਤੇ ਛਾਪਾ ਮਾਰਨ ਗਈ ਸੀ। ਲੋਕ ਰੋਹ ਨੂੰ ਦੇਖਦਿਆਂ ਹੁਣ ਮੁੱਖ ਮੰਤਰੀ ਨੂੰ ਇਸ ਘਟਨਾ ਦੀ ਮੈਜਿਸਟਰੇਟੀ ਜਾਂਚ ਕਰਵਾਉਣ ਤੇ ਪੀੜਤ ਪਰਿਵਾਰ ਲਈ ਮੁਆਵਜ਼ਾ ਐਲਾਨਣ ਵਾਸਤੇ ਮਜਬੂਰ ਹੋਣਾ ਪਿਆ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਜਿਹੇ ਛਾਪੇ ਕਾਂਗਰਸ ਵਰਕਰਾਂ ਦੇ ਘਰਾਂ ਉਤੇ ਪੈਣ ਦੀਆਂ ਸ਼ਿਕਾਇਤਾਂ ਅਕਸਰ ਸਾਹਮਣੇ ਆਉਂਦੀਆਂ ਸਨ। ਹੁਣ ਸ਼ਿਕਾਇਤਾਂ ਕਰਨ ਦੀ ਵਾਰੀ ਸਾਬਕਾ ਹਾਕਮ ਧਿਰ ਦੇ ਕਾਡਰ ਦੀ ਜਾਪਦੀ ਹੈ।



## ਜੱਟਾਂ ਦੀ ਸੋਚ ਹੀ ਇਹੋ ਜਿਹੀ ਹੁੰਦੀ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸੇ ਨੂੰ ਵੀ ਪੁਲਿਸ ਜਾਂ ਸਿਵਲ ਪ੍ਰਸ਼ਾਸਨ ਨੂੰ ਆਪਣੇ ਹੱਥ ਲੈਣ ਦਾ ਅਧਿਕਾਰ ਨਹੀਂ ਹੈ। ਪ੍ਰਸ਼ਾਸਨ ਨੂੰ ਸਪੱਸ਼ਟ ਹਦਾਇਤ ਹੈ ਕਿ ਹਰੇਕ ਕੰਮ ਜਨਤਕ ਹਿੱਤ ਵਿਚ ਹੋਵੇ। ਸਿੱਕੀ ਦੇ ਬਿਆਨ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ 'ਜੱਟਾਂ ਦੀ ਸੋਚ ਹੀ ਇਹੋ ਜਿਹੀ ਹੁੰਦੀ ਹੈ।' ਹਾਲਾਂਕਿ ਮੰਤਰੀ ਧਰਮਸੋਤ ਦੇ ਬਿਆਨ ਬਾਰੇ ਉਨ੍ਹਾਂ ਕਿਹਾ ਕਿ ਇਸ ਤੋਂ ਬਚਣਾ ਚਾਹੀਦਾ ਹੈ।

## ਥਾਣੇਦਾਰਾਂ ਨੂੰ ਲੰਮੇ ਪਾਉਣਗੇ ਕਾਂਗਰਸੀ ਵਿਧਾਇਕ?




**ਤਰਨ ਤਾਰਨ:** ਕਾਂਗਰਸ ਦੇ ਹਲਕਾ ਖਡੂਰ ਸਾਹਿਬ ਤੋਂ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਡੀ.ਐਸ.ਪੀ. ਨੂੰ ਧਮਕੀਆਂ ਦੇਣ ਦੀ ਵਾਇਰਲ ਹੋਈ ਵੀਡੀਓ ਨੇ ਰਾਜਸੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਵਿਸਾਖੀ ਦਿਹਾੜੇ ਮੌਕੇ ਕਸਬਾ ਚੋਹਲਾ ਸਾਹਿਬ ਵਿਚ ਰਾਜਸੀ ਕਾਨਫਰੰਸ ਦੌਰਾਨ ਫਿਲਮਾਈ ਇਸ ਵੀਡੀਓ ਵਿਚ ਵਿਧਾਇਕ ਸਿੱਕੀ ਹਲਕੇ ਦੇ ਡੀ.ਐਸ.ਪੀ. ਨੂੰ ਆਖ ਰਿਹਾ ਹੈ ਕਿ ਉਹ ਆਪਣੇ ਥਾਣਾ ਮੁਖੀਆਂ ਨੂੰ ਇਹ ਆਖਣ ਕਿ ਥਾਣਿਆਂ ਵਿਚ ਜਾਣ 'ਤੇ ਉਨ੍ਹਾਂ ਦਾ ਕੋਈ ਵਰਕਰ ਨਾਰਾਜ਼ ਨਹੀਂ ਮੁੜਨਾ ਚਾਹੀਦਾ। ਇਸ ਤਰ੍ਹਾਂ ਹੋਣ 'ਤੇ ਉਨ੍ਹਾਂ (ਸਿੱਕੀ) ਨੂੰ ਖੁਦ ਥਾਣੇ ਜਾ ਕੇ ਥਾਣਾ ਮੁਖੀ ਨੂੰ ਹੀ "ਲੰਬਾ ਪਾਉਣਾ ਪਵੇਗਾ।

## ਧਰਮਸੋਤ ਦੇ ਰਵੱਈਏ ਨੇ ਸਰਕਾਰ ਕਸੂਤੀ ਫਸਾਈ

**ਪਟਿਆਲਾ:** ਇਕ ਸਰਕਾਰੀ ਸਕੂਲ ਵਿਚ ਉਸਾਰੇ ਗਏ ਅਕਾਦਮਿਕ ਬਲਾਕ ਦੇ ਉਦਘਾਟਨੀ ਪੱਥਰ 'ਤੇ ਖੁਦ ਦਾ ਨਾਂ ਹੇਠਾਂ ਉਕਰੇ ਜਾਣ ਤੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਪ੍ਰਿੰਸੀਪਲ ਖਿਲਾਫ ਭੜਾਸ ਕੱਢਣ ਦੇ ਮਾਮਲੇ ਤੋਂ ਪੰਜਾਬ ਸਰਕਾਰ ਕਸੂਤੀ ਘਿਰੀ ਹੋਈ ਮਹਿਸੂਸ ਕਰ ਰਹੀ ਹੈ। ਅਧਿਆਪਕ ਜਥੇਬੰਦੀਆਂ ਨੇ ਮੰਗ ਕੀਤੀ ਕਿ ਮੰਤਰੀ ਨੂੰ ਆਪਣੀ ਗਲਤੀ ਦੇ ਅਹਿਸਾਸ ਵਜੋਂ ਜਨਤਕ ਤੌਰ 'ਤੇ ਮੁਆਫੀ ਮੰਗਣੀ ਚਾਹੀਦੀ ਹੈ। ਅਜਿਹਾ ਨਾ ਹੋਣ 'ਤੇ ਉਨ੍ਹਾਂ ਪੰਜਾਬ ਭਰ ਵਿਚ ਮੁਜ਼ਾਹਰੇ ਕਰਨ ਦੀ ਚਿਤਾਵਨੀ ਦਾ ਵੀ ਐਲਾਨ ਕੀਤਾ ਹੈ।

# ਕਾਂਗਰਸ ਦੀਆਂ ਨੀਤੀਆਂ 'ਤੇ ਭਾਜਪਾਈ ਮੋਹਰਾਂ ਦੀ ਰਾਜਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਉਸ ਦੌਰ ਵਿਚੋਂ ਲੰਘ ਰਹੇ ਹਾਂ, ਜਿਸ ਵਿਚ 'ਸੋਸ਼ਲ' ਲਫ਼ਜ਼ ਦੀ ਵਰਤੋਂ ਤੇ ਕੁਵਰਤੋਂ ਦਾ ਵਰਤਾਰਾ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ। ਕਈ ਵਾਰੀ ਕਿਸੇ ਮੁੱਦੇ ਉਤੇ ਕੋਈ ਲਾਮਬੰਦੀ ਕਰਨੀ ਹੋਵੇ ਤਾਂ 'ਸੋਸ਼ਲ ਸੁਸਾਇਟੀ' ਦਾ ਨਾਂ ਵਰਤਿਆ ਜਾਂਦਾ ਹੈ। ਅਜਿਹੀ ਹਰ ਕੋਈ ਸਰਗਰਮੀ 'ਸੋਸ਼ਲ' ਜਾਂ ਸਮਾਜੀ ਨਹੀਂ ਹੁੰਦੀ। ਕਈ ਵਾਰੀ ਤਾਂ ਇਹ ਵੀ ਹੋ ਚੁਕਾ ਹੈ ਕਿ 'ਸੋਸ਼ਲ ਸੁਸਾਇਟੀ' ਦੇ ਨਾਂ ਵਾਲੀ ਭੀੜ ਕੁਝ 'ਐਂਟੀ ਸੋਸ਼ਲ' ਜਾਂ ਗੈਰ ਸਮਾਜੀ ਤੱਤਾਂ ਦੀ ਸਰਦਾਰੀ ਹੇਠ ਉਧੜ-ਧੁੰਮੀ ਮਚਾਉਂਦੀ ਦਿੱਸ ਪੈਂਦੀ ਹੈ। ਫਿਰ ਵੀ 'ਸੋਸ਼ਲ' ਸ਼ਬਦ ਦਾ ਅਸਰ ਪੈਂਦਾ ਹੈ। ਇਸੇ ਨਾਲ ਜੁੜੀ ਇੱਕ ਕਿਸਮ 'ਸੋਸ਼ਲ ਮੀਡੀਆ' ਵੀ ਹੁਣ ਆਪਣਾ ਅਸਰ ਵਿਖਾ ਰਿਹਾ ਹੈ। ਇਸ ਵਿਚ ਵੀ ਕਈ ਕੁਝ 'ਸੋਸ਼ਲ' ਤੇ ਕਈ ਕੁਝ ਹੱਦੋਂ ਵੱਧ 'ਐਂਟੀ ਸੋਸ਼ਲ' ਪੇਸ਼ ਕੀਤਾ ਜਾ ਰਿਹਾ ਹੈ। ਸਵਾਲ ਵੀ ਉਛਾਲੇ ਜਾਂਦੇ ਹਨ ਤੇ ਫਿਰ ਸਵਾਲਾਂ ਦੇ ਜਵਾਬ ਵਿਚ ਟਿੱਪਣੀਆਂ ਵੀ ਦਰਜ ਹੁੰਦੀਆਂ ਹਨ। ਕਈ ਟਿੱਪਣੀਆਂ ਫਜ਼ੂਲ ਵੀ ਹੁੰਦੀਆਂ ਹਨ। ਕੋਈ ਭਾਰਤੀ ਐਕਟਰ ਪਾਕਿਸਤਾਨ ਦੇ ਕਿਸੇ ਬੰਦੇ ਜਾਂ ਕਿਸੇ ਬੀਬੀ ਨਾਲ ਕੌੜ ਵਿਚ ਹਾਸੋਹੀਣਾ ਆਢਾ ਲਾ ਲਵੇ ਤਾਂ ਬੇਹੂਦਗੀ ਜਾਪੇਗੀ, ਪਰ ਕੁਝ ਸਵਾਲ ਅਤੇ ਟਿੱਪਣੀਆਂ ਦਿਲਚਸਪ ਵੀ ਹੁੰਦੇ ਹਨ ਤੇ ਸੋਚਣ ਲਈ ਮੁੱਦਾ ਵੀ ਪੇਸ਼ ਕਰ ਜਾਂਦੇ ਹਨ।

ਇਸ ਵਾਰੀ ਸੋਸ਼ਲ ਮੀਡੀਆ ਵਿਚ ਇੱਕ ਵਿਅਕਤੀ ਦੀ ਟਿੱਪਣੀ ਬੜੀ ਭਾਵ-ਪੂਰਤ ਸੀ, "ਜਦੋਂ ਕਾਂਗਰਸ ਦਾ ਰਾਜ ਸੀ ਤਾਂ ਮੈਨੂੰ ਉਹ ਭਾਜਪਾ ਦਾ 'ਸੈਕੂਲਰ ਵਿੰਗ' ਜਾਪਦੀ ਸੀ ਤੇ ਜਦੋਂ ਹੁਣ ਭਾਜਪਾ ਰਾਜ ਹੈ ਤਾਂ ਕਾਂਗਰਸ ਦਾ 'ਫਿਰਕੂ ਵਿੰਗ' ਜਾਪਣ ਲੱਗ ਪਈ ਹੈ।" ਬਹੁਤ ਸੋਚਣ ਪਿੱਛੋਂ ਇਸ ਦੇ ਅਰਥ ਸਮਝ ਪੈਂਦੇ ਹਨ। ਬਾਬਰੀ ਮਸਜਿਦ ਦੇ ਕੰਪਲੈਕਸ ਵਿਚ ਆਰਜ਼ੀ ਤੌਰ 'ਤੇ ਬਣਾਏ 'ਰਾਮ ਮੰਦਿਰ' ਵਿਚ ਕਾਂਗਰਸ ਦੇ ਆਗੂ ਰਾਜੀਵ ਗਾਂਧੀ ਵੱਲੋਂ ਚੋਣ ਲਾਭਾਂ ਲਈ ਮੱਥਾ ਟੇਕਣ ਤੋਂ ਪ੍ਰਭਾਵ ਪੈਂਦਾ ਸੀ ਕਿ ਉਹ ਨਹਿਰੂ-ਗਾਂਧੀ ਦੀ ਕਾਂਗਰਸ ਦਾ ਆਗੂ ਨਹੀਂ, ਭਾਜਪਾ ਦੇ 'ਸੈਕੂਲਰ ਵਿੰਗ' ਦਾ ਆਗੂ ਬਣ ਕੇ ਚੱਲਣ ਲਈ ਯਤਨ ਕਰ ਰਿਹਾ ਹੈ। ਹੁਣ ਜਦੋਂ ਭਾਜਪਾ ਦਾ ਰਾਜ ਹੈ ਤੇ ਇਸ ਦੀਆਂ ਸਾਰੀਆਂ ਨੀਤੀਆਂ ਸਰਮਾਏਦਾਰੀ ਦੀ ਸਭ ਤੋਂ ਵੱਧ ਚਹੇਤੀ ਧਿਰ ਕਾਂਗਰਸ ਪਾਰਟੀ ਵਾਲੀਆਂ ਹਨ ਤੇ ਸਿਰਫ 'ਹਿੰਦੂਤਵ' ਵਾਲੇ ਆਪਣੇ ਪੈਂਤੜੇ ਦਾ ਵਖਰੇਵਾਂ ਹੈ ਤਾਂ ਇਹ ਵੀ ਇੱਕ ਤਰ੍ਹਾਂ ਕਾਂਗਰਸ ਦਾ 'ਫਿਰਕੂ ਵਿੰਗ' ਸਮਝੀ ਜਾ ਸਕਦੀ ਹੈ। ਬਾਕੀ ਨੀਤੀਆਂ ਦਾ ਵਖਰੇਵਾਂ ਸਿਰਫ ਏਨਾ ਹੈ ਕਿ ਜਦੋਂ ਉਹੀ ਗੱਲ ਕਦੇ ਕਾਂਗਰਸ ਆਖਦੀ ਤਾਂ ਭਾਜਪਾ ਵਿਰੋਧ ਕਰ ਛੱਡਦੀ ਸੀ ਤੇ ਉਹੋ ਗੱਲ ਹੁਣ ਜਦੋਂ ਭਾਜਪਾ ਕਹਿੰਦੀ ਹੈ ਤਾਂ ਕਾਂਗਰਸ ਵਿਰੋਧ ਕਰ ਦਿੰਦੀ ਹੈ। ਕਾਂਗਰਸ ਆਗੂ ਆਪਣੇ ਅੰਦਰ ਦੀਆਂ ਫਿਰਕੂ ਸੋਚਾਂ ਉਤੇ 'ਧਰਮ ਨਿਰਪੱਖਤਾ' ਦੀ ਬੁੱਕਲ ਮਾਰੀ ਰੱਖਦੇ ਸਨ ਤਾਂ ਭਾਜਪਾ ਆਗੂ ਕਾਂਗਰਸ ਵਾਲੀਆਂ ਆਰਥਕ ਨੀਤੀਆਂ ਨੂੰ 'ਕਬਰਸਤਾਨ ਤੇ ਸ਼ਮਸ਼ਾਨ' ਦੀ ਤੁਲਨਾ ਦੇ ਨਾਹਰੇ ਨਾਲ ਪਰੋਸੀ ਜਾਂਦੇ ਹਨ।

ਜਦੋਂ ਅਸੀਂ ਸੋਸ਼ਲ ਮੀਡੀਆ ਵਿਚੋਂ ਪੜ੍ਹੀ ਉਪਰੋਕਤ ਟਿੱਪਣੀ ਦੇ ਕੱਚ-ਸੱਚ ਦੀ ਘੋਖ ਕਰਨਾ ਚਾਹੁੰਦੇ ਸਾਂ ਤਾਂ ਸਾਨੂੰ ਇੱਕ ਖਬਰ ਪੜ੍ਹਨ ਨੂੰ ਮਿਲੀ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਹੁਣ 'ਐਨ ਸੀ ਟੀ ਸੀ' ਵਾਲੇ ਵਿਚਾਰ ਨੂੰ ਅੱਗੇ ਵਧਾਉਣਾ ਚਾਹੁੰਦੀ ਹੈ। ਬਹੁਤ ਸਾਰੇ ਲੋਕਾਂ ਨੂੰ ਐਨ ਸੀ ਟੀ ਸੀ ਦਾ ਪਹਿਲਾਂ ਵੀ ਪਤਾ ਨਹੀਂ ਸੀ ਤੇ ਹੁਣ ਵੀ ਉਹ ਇਸ ਬਾਰੇ ਏਨੀ ਖਬਰ ਪੜ੍ਹ ਕੇ ਭੁਲਾ ਬੈਠੇ ਹੋਣਗੇ ਕਿ ਸਰਕਾਰ ਕੋਈ ਨਵੀਂ ਕਾਰਪੋਰੇਸ਼ਨ ਬਣਾਵੇਗੀ, ਜਿਸ ਦਾ ਨਾਂ ਏਦਾਂ ਦਾ ਹੋਵੇਗਾ। ਇਹ ਅਸਲ ਵਿਚ ਪੁਰਾਣਾ ਮੁੱਦਾ ਹੈ। ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਗ੍ਰਿਹ ਮੰਤਰੀ ਪਲਾਨੀਅੱਪਨ ਚਿਦੰਬਰਮ ਦੀ ਅਗਵਾਈ ਹੇਠ ਵਿਚਾਰ ਬਣੀ ਸੀ ਕਿ ਅਤਿਵਾਦ ਨਾਲ ਸਿੱਝਣ ਲਈ 'ਨੈਸ਼ਨਲ ਕਾਊਂਟਰ ਟੈਰਰਿਜ਼ਮ ਸੈਂਟਰ' (ਐਨ ਸੀ ਟੀ ਸੀ) ਬਣਾ ਦੇਣਾ ਚਾਹੀਦਾ ਹੈ। ਮੁੰਬਈ ਦੇ ਅਤਿਵਾਦੀ ਹਮਲੇ ਪਿੱਛੋਂ ਭਾਰਤ ਸਰਕਾਰ ਨੇ ਪਹਿਲੀ ਵਾਰੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਬਣਾਈ ਸੀ, ਜੋ ਏਅਰ ਫੋਰਸ ਸਟੇਸ਼ਨ ਪਠਾਨਕੋਟ ਉਤੇ ਦਹਿਸ਼ਤਗਰਦ ਹਮਲੇ ਦੀ ਜਾਂਚ ਵੀ ਕਰਦੀ ਹੈ ਤੇ ਦੀਨਾ ਨਗਰ ਥਾਣੇ ਦੇ ਕੇਸ ਦੀ ਵੀ। ਉਦੋਂ ਪਹਿਲਾਂ ਅਜਿਹੀ ਹਰ ਜਾਂਚ ਸੀ ਬੀ ਆਈ ਕਰਦੀ ਹੁੰਦੀ ਸੀ। ਮੁੰਬਈ ਵਾਲੀ ਵਾਰਦਾਤ ਪਿੱਛੋਂ ਜਦੋਂ ਇਸ ਨਵੀਂ ਜਾਂਚ ਏਜੰਸੀ ਦਾ ਮੁੱਢ ਬੰਨ੍ਹਿਆ ਗਿਆ ਤਾਂ ਬਹੁਤ ਸਾਰੇ ਰਾਜਾਂ ਤੋਂ ਇਸ ਦੇ ਵਿਰੁਧ ਸੁਰਾਂ ਨਿਕਲੀਆਂ ਸਨ ਕਿ ਅਮਨ-ਕਾਨੂੰਨ ਰਾਜ ਸਰਕਾਰਾਂ ਦਾ ਵਿਸ਼ਾ ਹੁੰਦਾ ਹੈ, ਇਹ ਏਜੰਸੀ ਉਨ੍ਹਾਂ ਦੇ ਕੰਮ ਵਿਚ ਦਖਲ ਦੇਣ ਲਈ ਵਰਤੀ ਜਾਣੀ ਹੈ। ਸਭ ਤੋਂ ਤਿੱਖਾ ਵਿਰੋਧ ਭਾਜਪਾ ਨੇ ਕੀਤਾ ਸੀ। ਏਜੰਸੀ ਬਣਨ ਪਿੱਛੋਂ ਇਸ ਦੀ ਸਭ ਤੋਂ ਵੱਧ ਵਰਤੋਂ ਭਾਜਪਾ ਦੀ ਨਰਿੰਦਰ ਮੋਦੀ ਸਰਕਾਰ ਕਰ ਰਹੀ ਹੈ। ਏਦਾਂ ਹੀ ਅੱਗਲ-ਵਾਂਢੀ ਹੋ ਕੇ ਦਹਿਸ਼ਤਗਰਦੀ ਨਾਲ ਭਿੜਨ ਵਾਲੀ ਏਜੰਸੀ ਐਨ ਸੀ ਟੀ ਸੀ ਬਣਾਉਣ ਦਾ ਵਿਚਾਰ ਜਦੋਂ ਬਣਿਆ ਤਾਂ ਇਸ ਦਾ ਮੁੱਢਲਾ ਵਿਰੋਧ ਉਸੇ ਤਰ੍ਹਾਂ ਇਹ ਕਹਿ ਕੇ ਕੀਤਾ ਗਿਆ ਸੀ ਕਿ ਦਹਿਸ਼ਤਗਰਦੀ ਰੋਕਣ ਦੇ ਬਹਾਨੇ ਕੇਂਦਰ ਸਰਕਾਰ ਰਾਜਾਂ ਦੀ ਪੁਲਿਸ ਦੇ ਕੰਮ ਵਿਚ ਦਖਲ ਦੇਣ ਵਾਸਤੇ ਰਾਹ ਲੱਭਦੀ ਹੈ। ਭਾਜਪਾ ਦੀ ਲੀਡਰਸ਼ਿਪ ਵਿਚ ਅਟਲ ਬਿਹਾਰੀ ਵਾਜਪਾਈ ਵਰਗੇ ਲੋਕ ਮੌਜੂਦ ਹੁੰਦੇ ਤਾਂ ਹੋਰ ਤਰ੍ਹਾਂ ਸੋਚਣ ਦੀ ਆਸ ਹੋਣੀ ਸੀ, ਪਰ ਅਜੋਕੀ ਭਾਜਪਾ ਦੇ ਆਗੂ ਇਸ ਅਤਿਵਾਦ ਵਿਰੋਧੀ ਕੇਂਦਰ ਦੇ ਵਿਰੋਧ ਵਿਚ ਖੜੇ ਹੋ ਗਏ। ਹੁਣ ਭਾਜਪਾ ਦੀ ਨਰਿੰਦਰ ਮੋਦੀ ਸਰਕਾਰ ਜਦੋਂ ਉਹੀ ਅਤਿਵਾਦ ਵਿਰੋਧੀ ਕੇਂਦਰ ਐਨ ਸੀ ਟੀ ਸੀ ਬਣਾਉਣ ਬਾਰੇ ਵਿਚਾਰ ਕਰ ਰਹੀ ਸੁਣੀਂਦੀ ਹੈ ਤਾਂ ਕਈ ਲੋਕਾਂ ਨੂੰ ਇਹ ਅਲੋਕਾਰ ਗੱਲ ਲੱਗ ਸਕਦੀ ਹੈ, ਸਾਨੂੰ ਇਸ ਕਰਕੇ ਨਹੀਂ ਲੱਗਦੀ ਕਿ ਇਹ ਪਹਿਲੀ ਵਾਰ ਨਹੀਂ ਹੋਣ ਲੱਗਾ।

ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਜ਼ਮੀਨ ਗ੍ਰਹਿਣ ਕਾਨੂੰਨ ਬਣਨਾ ਸੀ, ਸਭ ਤੋਂ ਵੱਧ ਵਿਰੋਧ ਭਾਜਪਾ ਨੇ ਕੀਤਾ ਸੀ। ਜਦੋਂ ਭਾਜਪਾ ਦਾ ਰਾਜ ਆਇਆ ਤਾਂ ਉਹੋ ਕਾਨੂੰਨ ਭਾਜਪਾ ਨੇ ਇਹ ਕਹਿ ਕੇ ਪੇਸ਼ ਕੀਤਾ ਕਿ ਇਹ ਮਨਮੋਹਨ ਸਿੰਘ ਸਰਕਾਰ ਵਾਲੀ ਨੀਤੀ ਦਾ ਅਗਲਾ ਪੜਾਅ ਹੈ। ਅਗਲਾ ਪੜਾਅ ਸੀ ਤਾਂ ਪਹਿਲੇ ਪੜਾਅ ਦਾ ਵਿਰੋਧ ਕਿਉਂ ਕੀਤਾ ਸੀ, ਭਾਜਪਾ ਨੇ ਇਸ ਦਾ ਜਵਾਬ ਨਹੀਂ ਸੀ ਦਿੱਤਾ। ਮਨਮੋਹਨ ਸਿੰਘ ਸਰਕਾਰ ਟੈਕਸਾਂ ਬਾਰੇ ਜੀ ਐਸ ਟੀ ਬਿੱਲ ਪਾਸ ਕਰਨ ਲੱਗੀ ਤਾਂ ਸਭ ਤੋਂ ਤਿੱਖਾ ਵਿਰੋਧ ਭਾਜਪਾ ਨੇ ਕੀਤਾ, ਪਰ ਆਪਣੇ ਰਾਜ ਵਿਚ ਉਹੋ ਬਿੱਲ ਪਾਸ ਕਰਨ ਨੂੰ ਵੱਕਾਰ ਦਾ ਸਵਾਲ ਬਣਾ ਬੈਠੀ। ਅੱਜ-ਕੱਲ੍ਹ 'ਆਧਾਰ' ਕਾਰਡ ਹਰ ਕੰਮ ਦੀ ਸਭ ਤੋਂ ਵੱਡੀ ਰਾਹਦਾਰੀ ਬਣਾਇਆ ਜਾ ਰਿਹਾ ਹੈ। ਪਾਸਪੋਰਟ ਬਣਾਉਣ ਵੇਲੇ ਵੀ, ਵਿਆਹ ਦੀ ਰਜਿਸਟਰੇਸ਼ਨ ਵੇਲੇ ਵੀ, ਬੈਂਕ ਖਾਤੇ ਖੋਲ੍ਹਣ ਤੇ ਸਕੂਲ ਵਿਚ ਬੱਚਿਆਂ ਦੇ ਦੁਪਹਿਰ ਦੇ ਖਾਣੇ ਵਾਸਤੇ ਵੀ ਉਨ੍ਹਾਂ ਕੋਲ ਆਧਾਰ ਕਾਰਡ ਹੋਣਾ ਜ਼ਰੂਰੀ ਕਰਨ ਦੀ ਗੱਲ ਚੱਲਦੀ ਹੈ। ਮਨਮੋਹਨ ਸਿੰਘ ਦੀ ਸਰਕਾਰ ਨੇ ਜਦੋਂ ਇਸ ਕਾਰਡ ਨੂੰ ਲਾਗੂ ਕਰਨ ਲਈ ਮੁੱਢਲਾ ਕਦਮ ਚੁੱਕਿਆ ਤਾਂ ਸਭ ਤੋਂ ਵੱਧ ਵਿਰੋਧ ਉਦੋਂ ਭਾਜਪਾ ਨੇ ਕੀਤਾ ਸੀ। ਨਰਿੰਦਰ ਮੋਦੀ ਸਰਕਾਰ ਨੇ ਆਪਣੇ ਮੁੱਢਲੇ ਦਿਨਾਂ ਵਿਚ ਬੰਗਲਾ ਦੇਸ਼ ਨਾਲ ਸਮਝੌਤਾ ਕੀਤਾ ਸੀ ਤਾਂ ਇਸ ਨੂੰ ਪਾਰਲੀਮੈਂਟ ਵਿਚ ਪੇਸ਼ ਕਰਨ ਵੇਲੇ ਵਿਦੇਸ਼ ਮੰਤਰੀ ਬੀਬੀ ਸੁਸ਼ਮਾ ਸਵਰਾਜ ਨੇ ਇਹ ਵੀ ਕਿਹਾ ਸੀ ਕਿ ਪਿਛਲੀ ਸਰਕਾਰ ਵੇਲੇ ਦਾ ਬਿੱਲ ਹੀ ਹੈ, ਜਿਸ ਵਿਚ 'ਕੌਮਾ-ਬਿੰਦੀ' ਦਾ ਵਾਧਾ-ਘਾਟਾ ਕੀਤੇ ਬਿਨਾ ਸਾਡੇ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਨੁਕਤਾ ਉਦੋਂ ਵੀ ਉਠਿਆ ਸੀ ਕਿ ਮਨਮੋਹਨ ਸਿੰਘ ਸਰਕਾਰ ਨੇ ਜਦੋਂ ਇਹੋ ਬਿੱਲ ਪੇਸ਼ ਕੀਤਾ ਸੀ ਤਾਂ ਲੋਕ ਸਭਾ ਵਿਚ ਇਸ ਦਾ ਵਿਰੋਧ ਸੁਸ਼ਮਾ ਸਵਰਾਜ ਅਤੇ ਰਾਜ ਸਭਾ ਵਿਚ ਭਾਜਪਾ ਆਗੂ ਅਰੁਣ ਜੇਤਲੀ ਨੇ ਕੀਤਾ ਸੀ। ਇਸ ਸਮਝੌਤੇ ਨੂੰ ਹੁਣ ਜਦੋਂ 'ਕੌਮਾ-ਬਿੰਦੀ' ਵਾਲੇ ਫਰਕ ਦੇ ਬਗੈਰ ਪਾਸ ਕਰਨਾ ਹੈ ਤਾਂ ਇਹ ਵੀ ਦੱਸ ਦਿਓ ਕਿ ਉਦੋਂ ਭਾਜਪਾ ਨੇ ਇਸ ਦਾ ਵਿਰੋਧ ਕਿਉਂ ਕੀਤਾ ਸੀ, ਪਰ ਇਸ ਦਾ ਜਵਾਬ ਨਹੀਂ ਸੀ ਦਿੱਤਾ ਗਿਆ। ਭਾਜਪਾ ਵੱਲੋਂ ਏਦਾਂ ਦੀਆਂ ਗੱਲਾਂ ਬਾਰੇ ਚੁੱਪ ਰਹਿ ਕੇ ਬਾਕੀ ਸਾਰਾ ਕੰਮ ਪਹਿਲਾਂ ਵਾਲਾ ਹੀ ਕੀਤਾ ਜਾ ਰਿਹਾ ਹੈ।

ਹੁਣ ਜਦੋਂ ਅਤਿਵਾਦੀਆਂ ਨੂੰ ਅੱਗੋਂ ਹੋ ਕੇ ਸਿੱਝਣ ਲਈ ਐਨ ਸੀ ਟੀ ਸੀ ਬਣਾਉਣ ਦੀ ਗੱਲ ਚੱਲੀ ਹੈ ਤਾਂ ਇਸ ਮੌਕੇ ਵੀ ਇਹ ਮੁੱਦਾ ਉਠੇਗਾ ਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਦੇ ਗ੍ਰਿਹ ਮੰਤਰੀ ਪੀ. ਚਿਦੰਬਰਮ ਦੇ ਵੇਲੇ ਪਾਸ ਹੋ ਸਕਦਾ ਸੀ, ਉਦੋਂ ਵਿਰੋਧ ਕਿਉਂ ਕੀਤਾ ਸੀ ਤੇ ਹੁਣ ਉਹੋ ਪਾਸ ਕਿਉਂ ਕੀਤਾ ਜਾਣਾ ਹੈ?

ਗੱਲ ਦੇਸ਼ ਦੀਆਂ ਲੋੜਾਂ ਨਾਲੋਂ ਵੱਧ ਹਾਕਮ ਧਿਰ ਦੀਆਂ ਰਾਜਸੀ ਲੋੜਾਂ ਦੀ ਹੈ। ਇਨ੍ਹਾਂ ਲੋੜਾਂ ਵਿਚ ਕਈ ਕੁਝ ਕਿਹਾ ਤੇ ਕੀਤਾ ਜਾਂਦਾ ਹੈ। ਨਰਿੰਦਰ ਮੋਦੀ ਦਾ ਮੁੜ-ਮੁੜ ਇਹ ਰੱਟ ਲਾਉਣਾ ਵੀ ਇਸੇ ਖਾਤੇ ਵਿਚ ਗਿਣ ਲੈਣਾ ਚਾਹੀਦਾ ਹੈ ਕਿ ਉਹ ਕਾਂਗਰਸ-ਮੁਕਤ ਦੇਸ਼ ਬਣਾਉਣ ਦਾ ਕੰਮ ਕਰ ਰਹੇ ਹਨ। ਅਸਲ ਵਿਚ ਉਹ ਕਾਂਗਰਸੀਆਂ ਨਾਲ ਭਰੀ ਭਾਜਪਾ ਖੜੀ ਕਰ ਰਹੇ ਹਨ। ਕਾਂਗਰਸ ਆਗੂਆਂ ਦੀ ਭਾਜਪਾ ਵਿਚ ਸਿਰਫ ਭਰਤੀ ਨਹੀਂ, ਹਿੰਦੂਤਵ ਦੀ ਇੱਕ ਧਾਰਨਾ ਤੋਂ ਬਿਨਾ ਨੀਤੀਆਂ ਵੀ ਉਨ੍ਹਾਂ ਵਾਲੀਆਂ ਹੀ ਅੱਗੇ ਵਧਾ ਰਹੇ ਹਨ, ਜਿਨ੍ਹਾਂ ਵਿਰੁਧ ਉਦੋਂ ਜੁਮਲੇ ਛੱਡਦੇ ਹੁੰਦੇ ਸਨ।

ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਇੱਕ ਇਸ਼ਤਿਹਾਰ ਜਾਰੀ ਕੀਤਾ ਸੀ, ਜਿਸ ਵਿਚ ਇੱਕ ਆਮ ਆਦਮੀ ਕਹਿੰਦਾ ਸੀ, 'ਭਾਰਤ ਕੇ ਵਿਕਾਸ ਮੇਂ ਹੱਕ ਹੈ ਮੇਰਾ' ਪਠਾਨਕੋਟ ਜਲਸੇ ਵਿਚ ਆਏ ਨਰਿੰਦਰ ਮੋਦੀ ਨੇ ਮਜ਼ਾਕ ਉਡਾਇਆ ਸੀ, "ਸਰਕਾਰ ਕਹਿਤੀ ਹੈ ਕਿ 'ਭਾਰਤ ਕੇ ਵਿਕਾਸ ਮੇਂ ਹੱਕ ਹੈ ਮੇਰਾ', ਤੋ ਮੈਂ ਜਵਾਬ ਮੇਂ 'ਭਾਰਤ ਕੇ ਵਿਕਾਸ ਮੇਂ ਸ਼ੱਕ ਹੈ ਮੇਰਾ' ਕਹਿਤਾ ਹੂੰ।" ਅੱਜ ਜਦੋਂ ਮੋਦੀ ਇਹ ਕਹਿੰਦੇ ਹਨ ਕਿ ਕਾਂਗਰਸ-ਮੁਕਤ ਭਾਰਤ ਬਣਾ ਦੇਣਾ ਹੈ ਤਾਂ ਨੀਤੀਆਂ ਤੇ ਬਦਨੀਤੀਆਂ-ਦੋਵਾਂ ਦਾ ਤੋਲ-ਤੁਲਾਵਾ ਕਰਨ ਵਾਲੇ ਲੋਕ ਕਿੰਤੂ ਕਰ ਰਹੇ ਹਨ। ਇਨ੍ਹਾਂ ਕਿੰਤੂਆਂ ਵਿਚੋਂ ਹੀ ਇੱਕ ਕਿੰਤੂ ਸੋਸ਼ਲ ਮੀਡੀਆ ਵਾਲੀ ਉਪਰੋਕਤ ਟਿੱਪਣੀ ਹੋ ਸਕਦੀ ਹੈ, "ਜਦੋਂ ਕਾਂਗਰਸ ਦਾ ਰਾਜ ਸੀ ਤਾਂ ਮੈਨੂੰ ਉਹ ਭਾਜਪਾ ਦਾ 'ਸੈਕੂਲਰ ਵਿੰਗ' ਜਾਪਦੀ ਸੀ ਤੇ ਜਦੋਂ ਹੁਣ ਭਾਜਪਾ ਰਾਜ ਹੈ ਤਾਂ ਇਹ ਕਾਂਗਰਸ ਦਾ 'ਫਿਰਕੂ ਵਿੰਗ' ਜਾਪਣ ਲੱਗ ਪਈ ਹੈ।" ਸੌ ਟਿੱਪਣੀਆਂ ਵਰਗੀ ਇਹ ਟਿੱਪਣੀ ਬੜੇ ਵੱਡੇ ਅਰਥ ਰੱਖਦੀ ਹੈ, ਇੰਨੇ ਵੱਡੇ ਕਿ ਇਨ੍ਹਾਂ ਅਰਥਾਂ ਨੂੰ ਸਮਝਦਿਆਂ ਸਿਰ ਦਾ ਪਾਣੀ ਨਿਕਲ ਜਾਂਦਾ ਹੈ।

ਇਸੇ ਲਈ ਇਹ ਨਹੀਂ ਸੋਚਣਾ ਚਾਹੀਦਾ ਕਿ ਕੋਈ ਫਰਕ ਨਹੀਂ ਪੈਂਦਾ, ਫਰਕ ਪੈਂਦਾ ਹੈ ਤੇ ਭਵਿੱਖ ਵਿਚ ਏਦਾਂ ਦਾ ਫਰਕ ਵੀ ਪੈ ਸਕਦਾ ਹੈ, ਜਿਸ ਬਾਰੇ ਬਹੁਤੇ ਲੋਕਾਂ ਨੇ ਹਾਲੇ ਤੱਕ ਸੋਚਿਆ ਨਹੀਂ ਹੋਣਾ।

# ਸਾਰਾਗੜ੍ਹੀ ਦੇ ਨਾਇਕ ਦਾ ਪਿੰਡ ਝੋਰੜਾਂ ਤੇ ਇਤਿਹਾਸਕਾਰ ਕੈਪਟਨ


## ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕੈਪਟਨ ਅਮਰਿੰਦਰ ਸਿੰਘ ਦੇ ਖ਼ੂਨ ਵਿਚ ਰਾਜ ਭਾਗ ਹੈ। ਪਿਤਾ ਪੁਰਖਿਆਂ ਦੇ ਖ਼ੂਨ ਤੋਂ ਬਿਨਾ ਉਹ ਇਕ ਹੋਰ ਅਵਤਾਰ ਦਾ ਧਾਰਨੀ ਵੀ ਹੈ, ਇਤਿਹਾਸਕਾਰਾਂ ਵਾਲਾ। ਪਿਛਲੇ ਹਫਤੇ ਚੰਡੀਗੜ੍ਹ ਵਿਚ ਰਿਲੀਜ਼ ਹੋਈ ਉਸ ਦੀ ਪੁਸਤਕ 'The 36th Sikhs in Tirah Campaign 1897-98 and the defense of Samana Forts' (ਸਾਰਾਗੜ੍ਹੀ ਦੀ ਲੜਾਈ ਵਿਚ 36ਵੀਂ ਸਿੱਖ ਰੈਜਮੈਂਟ ਦਾ ਮਾਅਰਕਾ) ਕੈਪਟਨ ਦੀ ਇਤਿਹਾਸ ਵਿਚ ਰੁਚੀ ਤੇ ਪਹੁੰਚ ਨੂੰ ਉਜਾਗਰ ਕਰਦੀ ਹੈ। 120 ਸਾਲ ਪਹਿਲਾਂ ਸਿੱਖ ਰੈਜਮੈਂਟ ਦੇ 21 ਸਿਪਾਹੀਆਂ ਦੀ ਇੱਕ ਟੁਕੜੀ ਨੂੰ 8000 ਕਬਾਇਲੀ ਅਫਗਾਨਾਂ ਨੇ ਘੇਰਾ ਪਾ ਲਿਆ ਤਾਂ ਉਨ੍ਹਾਂ ਦੇ ਤੂਫਾਨੀ ਹਵਾਲਦਾਰ ਈਸ਼ਰ ਸਿੰਘ ਨੇ ਹੁਕਮ ਦਿੱਤਾ ਕਿ ਸਮਰਪਣ ਕਰਨ ਨਾਲੋਂ ਲੜਦਿਆਂ ਮਰਨਾ ਠੀਕ ਰਹੇਗਾ। ਇਹ ਜਾਣਦਿਆਂ ਕਿ ਉਨ੍ਹਾਂ ਸਾਰਿਆਂ ਲਈ ਉਹ ਦਿਨ ਇਸ ਧਰਤੀ ਉਤੇ ਆਖਰੀ ਦਿਨ ਸੀ, ਉਨ੍ਹਾਂ 21 ਸਿਪਾਹੀਆਂ ਨੇ ਪੌਣੇ ਸੱਤ ਘੰਟੇ 8000 ਪਠਾਣਾਂ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਇੱਕ ਇੱਕ ਕਰਕੇ ਸਾਰੇ ਹੀ ਮਾਰੇ ਗਏ। ਜਦੋਂ ਦਾਦ ਨਾਂ ਵਜੋਂ ਜਾਣੇ ਜਾਂਦੇ ਰਸੋਈਏ ਨੂੰ ਇਹ ਪਤਾ ਲੱਗਾ ਤਾਂ ਉਸ ਨੇ ਵੀ ਸਮਰਪਣ ਕਰਨ ਦੀ ਥਾਂ ਆਪਣੇ ਇਕ ਮਰੇ ਹੋਏ ਸਾਥੀ ਦੀ ਬੰਦੂਕ ਚੁੱਕ ਕੇ ਚਾਰ ਦੁਸ਼ਮਣਾਂ ਦੀ ਜਾਨ ਲੈ ਲਈ।

ਕੈਪਟਨ ਅਮਰਿੰਦਰ ਸਿੰਘ ਦੀ ਸਿਰਜਣ ਕਲਾ ਦਾ ਕਮਾਲ ਇਸ ਵਿਚ ਇਹ ਹੈ ਕਿ ਉਸ ਨੇ ਇਸ ਲੜਾਈ ਨੂੰ ਰਸੋਈਏ ਦਾਦ ਦੇ ਆਲੇ-ਦੁਆਲੇ ਘੁਮਾਇਆ ਹੈ ਜਿਸ ਦੇ ਨਾਂ, ਧਰਮ ਤੇ ਮੂਲ ਦਾ ਇਸ ਤੋਂ ਵੱਧ ਕਿਸੇ ਨੂੰ ਕੋਈ ਪਤਾ ਨਹੀਂ ਕਿ ਉਸ ਦਾ ਜੱਦੀ ਖੇਤਰ ਨੌਸ਼ਹਿਰਾ ਸੀ। ਬੁੱਕ ਰਿਲੀਜ਼ ਸਮਾਗਮ ਸਮੇਂ ਸ਼ਿਰਕਤ ਕਰ ਰਹੇ ਫੌਜੀ ਅਫਸਰਾਂ, ਸਿਆਸਤਦਾਨਾਂ, ਪੱਤਰਕਾਰਾਂ ਤੇ ਫਿਲਮੀ ਦੁਨੀਆਂ ਦੇ ਚੋਣਵੇਂ ਕਾਰਕੁਨਾਂ ਨੂੰ ਲੇਖਕ ਨੇ ਦਸਿਆ ਕਿ



ਕਿਤਾਬ ਜਾਰੀ ਕਰਨ ਸਮੇਂ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ




ਭਾਵੇਂ ਸਾਰਾਗੜ੍ਹੀ ਦੀ ਲੜਾਈ ਸਾਂਝੀ ਦਲੇਰੀ ਤੇ ਬਹਾਦਰੀ ਦੀ ਗਾਥਾ ਹੈ ਪਰ ਉਸ ਤੋਂ ਪਹਿਲਾਂ ਵਾਲੇ ਇਤਿਹਾਸਕਾਰਾਂ ਨੇ ਰਸੋਈਏ ਦਾਦ ਦੇ ਯੋਗਦਾਨ ਵਲ ਲੋੜੀਂਦਾ ਧਿਆਨ ਨਹੀਂ ਦਿੱਤਾ। ਲੇਖਕ ਨੇ ਇਹ ਵੀ ਦੱਸਿਆ ਕਿ ਉਹ ਸੌਣ ਤੋਂ ਪਹਿਲਾਂ ਇਤਿਹਾਸ ਦੇ ਵਰਕੇ ਫਰੋਲੇ ਬਿਨਾ ਨਹੀਂ ਰਹਿ ਸਕਦਾ। ਇਤਿਹਾਸ ਦੀ ਪੈੜ ਨੱਪਣਾ ਉਸ ਦਾ ਸ਼ੌਕ ਹੈ।

ਇਹ ਵੀ ਲੇਖਕ ਦੀ ਸਿਰਜਣ ਕਲਾ ਦਾ ਕ੍ਰਿਸ਼ਮਾ ਸਮਝੋ ਕਿ 120 ਸਾਲ ਪਿੱਛੋਂ ਸਾਰਾਗੜ੍ਹੀ ਦੀ ਲੜਾਈ ਉਤੇ ਰਾਜਕੁਮਾਰ ਸੰਤੋਸ਼ੀ ਦੇ ਨਿਰਦੇਸ਼ਨ ਹੇਠ ਫਿਲਮ ਬਣ ਰਹੀ ਹੈ ਜਿਸ ਵਿਚ ਅਦਾਕਾਰ ਰਣਦੀਪ ਹੁੱਡਾ ਨੇ ਈਸ਼ਰ ਸਿੰਘ ਦਾ ਰੋਲ ਅਦਾ ਕਰਨਾ ਹੈ। ਸਮਾਗਮ ਵਿਚ ਹਾਜ਼ਰੀਨਾਂ ਦੀ ਮੰਗ ਉਤੇ ਕੈਪਟਨ ਨੇ 27 ਅਕਤੂਬਰ 2017 ਨੂੰ ਫੌਜੀ ਰਚਨਾਕਾਰਾਂ ਦਾ ਚੰਡੀਗੜ੍ਹ ਵਿਖੇ ਸਾਹਿਤ ਉਤਸਵ ਮਨਾਉਣ ਦਾ ਵਚਨ ਵੀ ਦਿੱਤਾ। ਇਸ ਦਿਨ ਇਕ ਸਿੱਖ ਰੈਜਮੈਂਟ ਪਾਕਿਸਤਾਨੀ ਧਾੜਵੀਆਂ ਤੋਂ ਜੰਮੂ-ਕਸ਼ਮੀਰ ਨੂੰ ਬਚਾਉਣ ਲਈ ਸ੍ਰੀਨਗਰ ਪਹੁੰਚੀ ਸੀ। ਇਸ ਮੌਕੇ ਹਵਾਲਦਾਰ ਈਸ਼ਰ ਸਿੰਘ ਦੇ ਜੱਦੀ ਪਿੰਡ ਝੋਰੜਾਂ ਵਿਚ ਵਧੀਆ ਸਮਾਰਕ ਦੀ ਉਸਾਰੀ ਕਰਨ ਦਾ ਵਚਨ ਵੀ ਦਿੱਤਾ। ਇਹ ਪਿੰਡ ਲੁਧਿਆਣਾ-ਰਾਏਕੋਟ ਸੜਕ ਤੋਂ ਪੰਜ ਕਿਲੋਮੀਟਰ ਦੀ ਦੂਰੀ ਉਤੇ ਹੈ ਤੇ ਇਸ ਨੂੰ ਜਗਰਾਓਂ ਦਾ ਰੇਲਵੇ ਸਟੇਸ਼ਨ ਲਗਦਾ ਹੈ, ਜੋ ਪਿੰਡ ਤੋਂ 25 ਕਿਲੋਮੀਟਰ ਦੂਰ ਹੈ।

ਸਮਾਗਮ ਵਿਚ ਇਹ ਗੱਲ ਵੀ ਸਾਹਮਣੇ ਆਈ ਕਿ ਇਤਿਹਾਸਕਾਰ ਕੈਪਟਨ ਅਮਰਿੰਦਰ ਸਿੰਘ ਹੁਣ 1984 ਦੇ ਲਹੂ ਭਿੱਜੇ ਵਰਕਿਆਂ ਉਤੇ ਕੰਮ ਕਰ ਰਿਹਾ ਹੈ। ਪੰਜਾਬ ਦੇ ਕਾਲੇ ਦਿਨਾਂ ਦੀ ਉਸ ਗਾਥਾ ਬਾਰੇ ਲੇਖਕ ਕੀ ਸੋਚਦਾ ਹੈ? ਇਸ ਦੀ ਥੋੜ੍ਹੀ ਜਿਹੀ ਭਿਣਕ ਦਾਸ (ਗੁਲਜ਼ਾਰ ਸੰਧੂ) ਨੂੰ ਵੀ ਹੈ। 1986 ਵਿਚ ਅਤਿਵਾਦ ਨਾਲ ਨਜਿਠਣ ਲਈ 'ਪੰਜਾਬ ਗਰੁਪ' ਦੀ ਸਥਾਪਨਾ ਹੋਈ ਸੀ ਜਿਸ ਦਾ ਕੈਪਟਨ ਅਮਰਿੰਦਰ ਸਿੰਘ ਮੈਂਬਰ ਸੀ ਤੇ ਮੈਨੂੰ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਵਜੋਂ ਇਸ ਵਿਚ ਲਿਆ ਗਿਆ ਸੀ। ਕੈਪਟਨ ਨੇ ਉਹ ਦੌਰ ਦੋ ਦਹਾਕੇ ਆਪਣੀ ਹਿੱਕ ਵਿਚ ਕਿਉਂ ਤੇ ਕਿਵੇਂ ਸੰਭਾਲੀ ਰਖਿਆ, ਇਸ ਦੀ ਉਤਸੁਕਤਾ ਬਣੀ ਰਹੇਗੀ।

**ਆਈ ਵਿਸਾਖੀ, ਗਈ ਵਿਸਾਖੀ:** ਸਾਡੇ ਸਮਿਆਂ ਵਿਚ ਵਿਸਾਖੀ ਆਉਂਦੀ ਸੀ ਤਾਂ ਮੁੰਡੇ-ਕੁੜੀਆਂ ਰਲ ਕੇ ਗਾਉਂਦੇ ਸਨ, 'ਕਣਕਾਂ ਦੀਆਂ ਫਸਲਾਂ ਪੱਕੀਆਂ ਨੇ, ਪਕਵਾਨ ਪਕਾਉਂਦੀਆਂ ਜੱਟੀਆਂ ਨੇ।' ਅੱਜ ਫਸਲਾਂ ਪੱਕਦੀਆਂ ਪਿੱਛੋਂ ਨੇ ਤੇ ਵੱਢੀਆਂ ਪਹਿਲਾਂ ਜਾਂਦੀਆਂ ਹਨ। ਕੰਬਾਈਨ ਮਸ਼ੀਨਾਂ ਤੂੜੀ ਤੰਦ ਸਾਂਭ ਲੈਂਦੀਆਂ ਹਨ ਅਤੇ ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕਰਨ ਦੀ ਲੋੜ ਨਹੀਂ ਪੈਂਦੀ। ਕਿਰਸਾਨੀ ਨੂੰ ਕਰਜ਼ੇ ਸਰਕਾਰ ਤੋਂ ਮਿਲ ਜਾਂਦੇ ਹਨ।

ਇਨ੍ਹੀਂ ਦਿਨੀਂ ਚੰਡੀਗੜ੍ਹ ਵਿਚ ਉਪਰ-ਥੱਲੇ ਦੋ ਕਵੀ ਦਰਬਾਰ ਹੋਏ। ਪਹਿਲਾ ਪੰਜਾਬ ਸਾਹਿਤ ਅਕਾਦਮੀ ਵੱਲੋਂ ਤੇ ਦੂਜਾ ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ। ਵਿਸਾਖੀ ਨੂੰ ਕਿਸੇ ਕਵੀ ਨੇ ਚੇਤੇ ਨਹੀਂ ਕੀਤਾ। ਰਾਜਿੰਦਰ ਕੌਰ ਨੇ ਧੀਮੇ ਬੋਲਾਂ ਵਿਚ ਇੱਕ ਹਟਵਾਂ ਉਲਾਂਭਾ ਦਿੱਤਾ,

ਤੂੰ ਬੁੱਤ ਤੋੜਦਾ ਤੋੜਦਾ ਰੱਬ ਹੋ ਗਿਆ
ਤੇ ਮੈਂ ਕਿਰਚਾਂ ਚੁਗਦੀ ਬੁੱਤ ਹੋ ਗਈ।

ਮਨਜੀਤ ਇੰਦਰਾ ਨੇ ਹੌਸਲਾ ਦਿੱਤਾ,

ਗੈਰਾਂ ਦੇ ਮੋਢਿਆਂ ਦਾ ਆਸਰਾ ਨਾ ਲੋੜੀਏ
ਆਪਣੇ ਭਰੋਸੇ 'ਚ ਕਾਂਜੀ ਕਾਹਨੂੰ ਘੋਲੀਏ।

ਸੁਰਿੰਦਰ ਗਿੱਲ ਦੇ ਸ਼ਬਦ ਸਨ,

ਰੂਪ ਰੰਗ ਦੀ ਗੱਲ ਕਰੇ ਤਾਂ
ਪਿੰਡ 'ਕੱਠਾ ਹੋ ਜਾਏ,
ਦਿਲ ਦੀ ਗੱਲ ਕਰੇ ਤਾਂ
ਬੰਦਾ 'ਕੱਲਾ ਹੀ ਰਹਿ ਜਾਏ।

ਸ੍ਰੀ ਰਾਮ ਅਰਸ਼ ਨੇ ਬਦਲੇ ਹੋਏ ਸਮਿਆਂ ਦੀ ਜੜ੍ਹ ਫੜਨ ਦਾ ਯਤਨ ਕੁਝ ਇਸ ਤਰ੍ਹਾਂ ਕੀਤਾ,

ਲੱਗ ਗਿਆ ਵੀਜ਼ਾ ਜਦੋਂ
ਮੈਨੂੰ ਸਮੁੰਦਰ ਪਾਰ ਦਾ।
ਫਿਰ ਮੈਂ ਰਾਂਝੇ ਵਾਂਗ ਹੀਰੇ
ਕਿਉਂ ਫਿਰਾਂ ਵੱਗ ਚਾਰਦਾ।

ਰਮਨ ਸੰਧੂ ਵੀ ਪਹਿਲੇ ਸਮਿਆਂ ਦੀ ਵਿਸਾਖੀ ਬਾਰੇ ਗੱਲ ਨਹੀਂ ਕਰਦਾ ਪਰ ਇਸ ਦੇ ਕਾਰਨਾਂ ਦੀ ਘੋਖ ਜ਼ਰੂਰ ਕਰਦਾ ਹੈ,

ਹੜ੍ਹਾਂ ਨੇ ਡੋਬ'ਤੀ ਹਾੜ੍ਹੀ
ਲਿਆ ਮੁਟਿਆਰ ਨੇ ਹਉਕਾ,
ਉਹਨੇ ਜਦ ਪੜ੍ਹ ਲਿਆ ਕਰਜ਼ੇ 'ਚ
ਡੁੱਬੇ ਬਾਪ ਦਾ ਚਿਹਰਾ।

ਉਤਰੀ ਭਾਰਤ ਦੀ ਕਿਸਾਨੀ ਨੂੰ ਵਿਸਾਖੀ ਦੀ ਕਣਕ ਕਰਜ਼ਿਆਂ ਦੇ ਭਾਰ ਥਲਿਓਂ ਕੱਢ ਸਕਦੀ ਹੈ ਜਾਂ ਨਹੀਂ? ਇਸ ਦਾ ਉਤਰ ਤਾਂ ਕੁਦਰਤ ਕੋਲ ਹੀ ਹੈ।

**ਅੰਤਿਕਾ:** ਡਾ. ਸਰਬਜੀਤ ਕੌਰ ਸੋਹਲ

ਜ਼ਿੰਦਗੀ ਚਗਲੇ ਸੁਆਦਾਂ ਦੀ ਚਵਿੰਗਮ
ਰਸ ਹੀਣ, ਬਕ ਬਕੀ।
ਰਬਤ ਦੀ ਅਲਕਤ, ਨਫਰਤੀ ਹਸਰਤ
ਜੁਬਾੜੇ ਦੁਖਣ, ਕੁੱਤੇ ਦੀ ਹੱਡੀ।
ਨਾ ਖਾਧੀ ਜਾਵੇ, ਨਾ ਜਾਵੇ ਛੱਡੀ।

#

ਪੰਜਾਬ ਟਾਈਮਜ਼

*ਸਨਿਚਰਵਾਰ, 22 ਅਪਰੈਲ 2017*

## ਵੀਜ਼ੇ ਵਾਲੀਆਂ ਵੰਗਾਰਾਂ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਐਚ-1ਬੀ ਵੀਜ਼ੇ ਵਿਚ ਤਬਦੀਲੀਆਂ ਕਰ ਕੇ ਉਥੇ ਜਾਣ ਵਾਲੇ ਕਾਮਿਆਂ ਦਾ ਰਾਹ ਰੋਕਣ ਦਾ ਹੀਲਾ ਅਜੇ ਕਰ ਹੀ ਰਹੇ ਹਨ ਕਿ ਆਸਟਰੇਲੀਆ ਦੀ ਟਰਨਬੁਲ ਸਰਕਾਰ ਨੇ ਆਪਣਾ ਇਕ ਵੀਜ਼ਾ ਵਰਗ ਬੰਦ ਕਰਨ ਦਾ ਫੈਸਲਾ ਕਰ ਵੀ ਦਿੱਤਾ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਨੇ ਸਪਸ਼ਟ ਆਖ ਸੁਣਾਇਆ ਹੈ ਕਿ ਇਹ ਫੈਸਲਾ ਮੁਲਕ ਦੇ ਨਾਗਰਿਕਾਂ ਨੂੰ ਨੌਕਰੀਆਂ ਵਿਚ ਪਹਿਲ ਦੇਣ, ਆਵਾਸ ਪ੍ਰਣਾਲੀ ਨੂੰ ਹੋਰ ਅਸਰਦਾਰ ਬਣਾਉਣ ਅਤੇ ਦੇਸ਼ ਹਿਤ ਵਿਚ ਕੀਤਾ ਗਿਆ ਹੈ। ਆਸਟਰੇਲੀਆ ਦੇ ਆਵਾਸ ਵਿਭਾਗ ਦੇ ਅੰਕੜਿਆਂ ਮੁਤਾਬਕ, ਵੀਜ਼ਾ-457 ਉਤੇ ਇਕ ਲੱਖ ਦੇ ਕਰੀਬ ਲੋਕ ਮੁਲਕ ਵਿਚ ਰਹਿ ਰਹੇ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ। ਇਸ ਤੋਂ ਬਾਅਦ ਬਰਤਾਨਵੀ ਅਤੇ ਚੀਨੀ ਮੂਲ ਦੇ ਲੋਕ ਆਉਂਦੇ ਹਨ। ਸਰਕਾਰ ਦਾ ਭਾਵੇਂ ਇਹ ਦਾਅਵਾ ਹੈ ਕਿ ਇਸ ਵੀਜ਼ੇ 'ਤੇ ਪਹਿਲਾਂ ਹੀ ਉਥੇ ਰਹਿ ਰਹੇ ਕਾਮਿਆਂ ਉਤੇ ਕੋਈ ਅਸਰ ਨਹੀਂ ਪਵੇਗਾ, ਪਰ ਆਉਣ ਵਾਲਿਆਂ ਲਈ ਤਾਂ ਇਹ ਰਾਹ ਬੰਦ ਹੋ ਹੀ ਰਿਹਾ ਹੈ। ਵੀਜ਼ਾ ਟਾਈਪ-457 ਵਪਾਰਕ ਅਦਾਰਿਆਂ ਨੂੰ ਗ਼ੈਰ-ਆਸਟਰੇਲਿਆਈ ਅਤੇ ਅਸਥਾਈ ਤੌਰ 'ਤੇ ਰਹਿ ਰਹੇ ਹੁਨਰਮੰਦ ਕਾਮਿਆਂ ਨੂੰ ਨੌਕਰੀ ਦੇਣ ਦੀ ਸਹੂਲਤ ਦਿੰਦਾ ਸੀ। ਇਸ ਵੀਜ਼ੇ ਤਹਿਤ ਚਾਰ ਸਾਲ ਕੰਮ ਕਰਨ ਤੋਂ ਬਾਅਦ ਪੱਕੀ ਰਿਹਾਇਸ਼ (ਪੀ.ਆਰ.) ਲਈ ਅਪਲਾਈ ਕੀਤਾ ਜਾ ਸਕਦਾ ਸੀ। ਬੰਦ ਹੋਏ ਵੀਜ਼ੇ ਦੀ ਥਾਂ ਹੁਣ ਦੋ ਨਵੇਂ ਵੀਜ਼ੇ ਟੀ.ਐਸ.ਐਸ. (ਟੈਂਪਰੇਰੀ ਸਕਿਲ ਸ਼ੌਰਟੇਜ਼) ਅਧੀਨ ਹੋਣਗੇ। ਇਨ੍ਹਾਂ ਦੀ ਮਿਆਦ 2 ਅਤੇ 4 ਸਾਲ ਹੋਵੇਗੀ। ਪਹਿਲਾਂ ਜਿਥੇ 650 ਕੰਮਾਂ-ਕਾਰਾਂ ਦੀ ਲਿਸਟ ਤਹਿਤ ਵੀਜ਼ਾ ਲਿਆ ਜਾ ਸਕਦਾ ਸੀ, ਹੁਣ ਸਰਕਾਰ ਨੇ ਇਹ ਸੂਚੀ ਘਟਾ ਕੇ 200 ਕਰ ਦਿੱਤੀ ਹੈ।

ਉਧਰ, ਅਮਰੀਕੀ ਇਮੀਗ੍ਰੇਸ਼ਨ ਵੱਲੋਂ ਸਖਤੀ ਕੀਤੀ ਜਾ ਰਹੀ ਹੈ। ਅਮਰੀਕੀ ਇਮੀਗ੍ਰੇਸ਼ਨ ਵੀਜ਼ਾ ਸੇਵਾ ਅਮਰੀਕੀ ਕੰਪਨੀਆਂ ਨੂੰ ਹੁਨਰਮੰਦ ਵਿਦੇਸ਼ੀ ਕਰਮੀਆਂ ਦੀਆਂ ਸੇਵਾਵਾਂ ਹਾਸਲ ਕਰਨ ਦੀ ਇਜਾਜ਼ਤ ਦਿੰਦੀ ਹੈ। ਇਸ ਸਬੰਧੀ ਸ਼ਰਤ ਇਹੀ ਹੁੰਦੀ ਹੈ ਕਿ ਕੁਝ ਖ਼ਾਸ ਕਿਸਮ ਦੇ ਕੰਮਾਂ ਲਈ ਹੁਨਰਮੰਦ ਕਾਮੇ ਅਮਰੀਕਾ ਵਿਚ ਉਪਲਬਧ ਨਾ ਹੋਣ। ਇਸ ਨੀਤੀ ਨੂੰ ਹੁਣ ਬਦਲਿਆ ਜਾ ਰਿਹਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1ਬੀ ਵੀਜ਼ਿਆਂ ਦੇ ਮਾਮਲੇ ਵਿਚ ਪਹਿਲਾਂ ਵਾਲੀ ਨੀਤੀ ਖ਼ਤਮ ਕਰਨ ਦੇ ਆਪਣੇ ਚੁਣਾਵੀ ਵਾਅਦੇ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਐਚ-1ਬੀ ਵੀਜ਼ੇ ਭਾਰਤੀ ਤਕਨੀਕੀ ਕਰਮੀਆਂ ਲਈ ਅਮਰੀਕਾ ਜਾਣ ਦਾ ਬਿਹਤਰੀਨ ਅਤੇ ਆਸਾਨ ਵਸੀਲਾ ਸਨ। ਇਨ੍ਹਾਂ ਵੀਜ਼ਿਆਂ ਦੀ ਬਦੌਲਤ ਸੂਚਨਾ ਟੈਕਨਾਲੋਜੀ (ਆਈ.ਟੀ.) ਸਨਅਤ ਨਾਲ ਜੁੜੇ ਭਾਰਤੀ ਕਾਮਿਆਂ, ਮਾਹਿਰਾਂ ਤੇ ਭਾਰਤੀ ਕੰਪਨੀਆਂ ਨੇ ਅਮਰੀਕਾ ਵਿਚ ਪੈਰ ਜਮਾਏ ਅਤੇ ਫਿਰ ਸਿਲੀਕਾਨ ਵੈਲੀ ਆਪਣੀ ਨਿਵੇਕਲੀ ਥਾਂ ਬਣਾਈ। ਭਾਰਤੀ ਕੰਪਨੀਆਂ ਤੋਂ ਇਲਾਵਾ ਅਮਰੀਕੀ ਕਾਰਪੋਰੇਸ਼ਨਾਂ ਨੇ ਵੀ ਇਨ੍ਹਾਂ ਵੀਜ਼ਿਆਂ ਦੀ ਬਦੌਲਤ ਸਿਖਿਅਤ ਅਤੇ ਹੁਨਰਮੰਦ ਕਾਮੇ ਧੜਾਧੜ ਮੰਗਵਾਏ। ਅਜਿਹੇ ਮਾਮਲਿਆਂ ਵਿਚ ਕੁਝ ਕੁ ਦੁਰਵਰਤੋਂ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਵਿਦੇਸ਼ਾਂ ਤੋਂ ਹੁਨਰਮੰਦ ਕਾਮੇ ਘੱਟ ਉਜਰਤ ਬਦਲੇ ਮੰਗਵਾਉਣੇ ਅਮਰੀਕੀ ਕੰਪਨੀਆਂ ਲਈ ਲਾਹੇ ਦਾ ਸੌਦਾ ਹੀ ਸੀ। ਇਸ ਕਰ ਕੇ ਇਸ ਦਾ ਅਸਰ ਅਮਰੀਕੀ ਸਿਖਿਅਤ ਅਤੇ ਸਿਖਲਾਈਯਾਫਤਾ ਕਰਮੀਆਂ ਉਪਰ ਪੈਣਾ ਸ਼ੁਰੂ ਹੋ ਗਿਆ। ਅਜਿਹੇ ਹਾਲਾਤ ਨਾਲ ਹੀ ਆਰਥਿਕ ਮੰਦੀ ਦੀ ਮਾਰ ਕਾਰਨ ਬੇਰੁਜ਼ਗਾਰੀ ਵਿਚ ਵਾਧੇ ਨੇ ਅਮਰੀਕੀਆਂ ਅੰਦਰ ਰੋਹ ਅਤੇ ਵਿਦਰੋਹ ਪੈਦਾ ਕੀਤਾ ਜਿਸ ਦਾ ਲਾਭ ਡੋਨਲਡ ਟਰੰਪ ਨੇ ਰਾਸ਼ਟਰਪਤੀ ਵਾਲੀਆਂ ਚੋਣਾਂ ਵਿਚ ਲਿਆ।

ਵਿਰੋਧ ਦੇ ਬਾਵਜੂਦ ਅਮਰੀਕਾ ਵਿਚ ਇਹ ਤੱਥ ਸਵੀਕਾਰਿਆ ਜਾਂਦਾ ਹੈ ਕਿ ਐਚ-1ਬੀ ਵੀਜ਼ਾ ਪ੍ਰਣਾਲੀ ਅਮਰੀਕੀ ਆਈ.ਟੀ. ਸਨਅਤ ਲਈ ਲਾਹੇ ਵਾਲੀ ਰਹੀ ਹੈ। ਇਸੇ ਤਰ੍ਹਾਂ ਬਹੁਤ ਸਾਰੇ ਕੰਮਾਂ ਦੀ ਆਊਟਸੋਰਸਿੰਗ ਜਿਸ ਤੋਂ ਬੇਰੁਜ਼ਗਾਰ ਅਮਰੀਕੀ ਔਖੇ ਹਨ, ਤੋਂ ਅਮਰੀਕੀ ਕਾਰੋਬਾਰੀ ਭਾਈਚਾਰੇ ਨੂੰ ਲਾਭ ਹੋਇਆ। ਦੋਹਾਂ ਕਿਸਮ ਦੀਆਂ ਭਾਵਨਾਵਾਂ ਦਰਮਿਆਨ ਸੰਤੁਲਨ ਕਾਇਮ ਕਰਨ ਲਈ ਅਮਰੀਕੀ ਨਾਗਰਿਕਤਾ ਅਤੇ ਆਵਾਸ ਸੇਵਾ ਨੇ ਹਾਲ ਹੀ ਕੁਝ ਨਿਰਦੇਸ਼ ਜਾਰੀ ਕਰ ਕੇ ਵੀਜ਼ਿਆਂ ਨਾਲ ਜੁੜੀਆਂ ਸ਼ਰਤਾਂ ਨੂੰ ਸਖ਼ਤ ਬਣਾਇਆ ਹੈ। ਇਨ੍ਹਾਂ ਨਿਰਦੇਸ਼ਾਂ ਤਹਿਤ ਕੰਪਿਊਟਰ ਪ੍ਰੋਗਰਾਮਰਾਂ ਜੋ ਆਈ.ਟੀ. ਉਦਯੋਗ ਵਿਚ ਸਭ ਤੋਂ ਹੇਠਲੀ ਪੌੜੀ ਵਾਲੇ ਕਾਮੇ ਮੰਨੇ ਜਾਂਦੇ ਹਨ, ਨੂੰ ਵੀਜ਼ੇ ਦੇ ਕਾਬਿਲ ਨਹੀਂ ਮੰਨਿਆ ਜਾਵੇਗਾ। ਫਿਲਹਾਲ ਇਹ ਤਾਂ ਸਪਸ਼ਟ ਨਹੀਂ ਕਿ ਐਚ-1ਬੀ ਵੀਜ਼ਿਆਂ ਬਾਰੇ ਟਰੰਪ ਦੇ ਹੁਕਮਾਂ ਤੋਂ ਗੋਰੇ ਅਮਰੀਕੀਆਂ ਨੂੰ ਕਿੰਨਾ ਕੁ ਲਾਭ ਹੋਵੇਗਾ, ਪਰ ਇਹ ਗੱਲ ਤਾਂ ਹੁਣ ਸਾਫ ਹੀ ਹੈ ਕਿ ਇਨ੍ਹਾਂ ਹੁਕਮਾਂ ਨੂੰ ਅਮਲੀ ਰੂਪ ਦੇਣਾ ਸੁਖ਼ਾਲਾ ਨਹੀਂ ਹੋਵੇਗਾ। ਭਾਰਤੀ ਆਈ.ਟੀ. ਉਦਯੋਗ ਲਈ ਪਹਿਲਾਂ ਹੀ ਵੰਗਾਰਾਂ ਅਤੇ ਤੰਗੀ ਦਾ ਸਮਾਂ ਚੱਲ ਰਿਹਾ ਹੈ। ਇਸ ਨੂੰ ਅਮਰੀਕਾ ਵਿਚ ਹੋਣ ਵਾਲੀਆਂ ਤਬਦੀਲੀਆਂ ਦੀ ਸਮੀਖਿਆ ਕਰ ਕੇ ਇਨ੍ਹਾਂ ਮੁਤਾਬਕ ਆਪਣੇ ਕਾਰੋਬਾਰ ਨੂੰ ਢਾਲਣਾ ਪਵੇਗਾ। ਅਮਰੀਕਾ, ਆਸਟਰੇਲੀਆ ਤੋਂ ਇਲਾਵਾ ਇੰਗਲੈਂਡ ਤੇ ਕੈਨੇਡਾ ਵਰਗੇ ਮੁਲਕ ਵੀ ਆਪਣੀ ਵੀਜ਼ਾ ਪ੍ਰਣਾਲੀ ਵਿਚ ਤਬਦੀਲੀਆਂ ਕਰ ਰਹੇ ਹਨ ਜਿਨ੍ਹਾਂ ਦਾ ਸਿੱਧਾ ਅਸਰ ਭਾਰਤੀਆਂ ਉਤੇ ਪਵੇਗਾ। ਅਜਿਹੇ ਹਾਲਾਤ ਵਿਚ ਜ਼ਰੂਰੀ ਹੈ ਕਿ ਏਜੰਟਾਂ ਦੇ ਝਾਂਸਿਆ ਵਿਚ ਆਉਣ ਦੀ ਥਾਂ ਉਨ੍ਹਾਂ ਕਾਰਜ ਖੇਤਰਾਂ ਲਈ ਹੁਨਰਮੰਦੀ ਹਾਸਲ ਕੀਤੀ ਜਾਵੇ ਜਿਨ੍ਹਾਂ ਦੀ ਅਮਰੀਕਾ ਜਾਂ ਆਸਟਰੇਲੀਆ ਜਾਂ ਹੋਰ ਮੁਲਕਾਂ ਨੂੰ ਲੋੜ ਹੈ। ਦਰਅਸਲ, ਸੰਸਾਰੀਕਰਨ ਦੇ ਦੌਰ ਦੇ ਮੁਢਲੇ ਲਾਭਾਂ ਤੋਂ ਬਾਅਦ ਹੁਣ ਇਸ ਅਮਲ ਦੀ ਉਪਯੋਗਤਾ ਘਟਣ ਦਾ ਦੌਰ ਸ਼ੁਰੂ ਹੋਇਆ ਅਤੇ ਹੁਣ ਸਥਾਨਕੀਕਰਨ ਦਾ ਯੁੱਗ ਸ਼ੁਰੂ ਹੋ ਚੁਕਾ ਹੈ। ਇਸ ਦੇ ਨਾਲ ਹੀ ਤੱਥ ਇਹ ਹੈ ਕਿ ਪਿਛਲੇ ਕੁਝ ਸਮੇਂ ਦੌਰਾਨ ਵੱਖ ਵੱਖ ਮੁਲਕਾਂ ਵਿਚ ਜਿਸ ਤਰ੍ਹਾਂ ਦੀਆਂ ਸਰਕਾਰਾਂ ਕਾਇਮ ਹੋਈਆਂ ਹਨ, ਉਨ੍ਹਾਂ ਨੇ ਆਪੋ-ਆਪਣੇ ਵਸਨੀਕਾਂ ਲਈ ਕੁਝ ਖਾਸ ਕਦਮ ਉਠਾਉਣੇ ਸ਼ੁਰੂ ਕੀਤੇ ਹਨ ਜਿਨ੍ਹਾਂ ਦਾ ਸਿੱਧਾ ਅਸਰ ਆਵਾਸੀ ਜਾਂ ਹੋਰ ਮੁਲਕਾਂ ਵਿਚੋਂ ਆਉਣ ਵਾਲਿਆਂ 'ਤੇ ਪੈਣਾ ਹੀ ਪੈਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### *ਸਮੇਂ ਦਾ ਗੇੜ!*

ਮੁਲਕ ਵਿਚ ਤਬਦੀਲੀਆਂ ਹੋਣ ਡਹੀਆਂ, ਰਾਜੇ ਬਣ ਰਹੇ 'ਜੋਗ' ਕਮਾਉਣ ਵਾਲੇ।
ਦੇਸ਼ ਭਗਤ ਤੇ 'ਸੂਰਮੇ' ਨਵੇਂ ਥਾਪੇ, ਮੰਗ ਮੁਆਫੀਆਂ ਜਾਨ ਬਚਾਉਣ ਵਾਲੇ।
ਦੇਸ਼-ਧ੍ਰੋਹ ਦਾ ਲੈ ਕੇ 'ਹਥਿਆਰ' ਆਏ, ਰਾਸ਼ਟਰਵਾਦ ਦਾ 'ਸਬਕ' ਪੜ੍ਹਾਉਣ ਵਾਲੇ।
ਭਾਅ ਪੁੱਛਦੇ ਸਾਗ ਤੇ ਸ਼ਲਗਮਾਂ ਦਾ, ਸੁਬ੍ਹਾ-ਸ਼ਾਮ ਨੂੰ ਗੋਸ਼ਤ ਪਕਾਉਣ ਵਾਲੇ।
ਆਉਂਦੇ ਸੀ ਪਹਾੜਾਂ ਤੋਂ ਘੂਕ ਸੁਣ ਕੇ, ਜੋਗੀ ਪਿੰਡਾਂ ਵਿਚ ਚੱਲਦਿਆਂ ਚਰਖਿਆਂ ਦੀ।
ਜਾਨ ਮੁੱਠੀ 'ਚ ਦੇਣ ਹੁਣ ਆਉਣ ਲੱਗੇ, ਘੱਟ ਗਿਣਤੀਆਂ ਵਾਲਿਆਂ ਹਰਖਿਆਂ ਦੀ!

# ਬੇਅਦਬੀ ਦੀਆਂ ਘਟਨਾਵਾਂ ਅਤੇ ਜਾਂਚ ਕਮਿਸ਼ਨਾਂ ਦੀ ਕਵਾਇਦ

*ਬੇਅਦਬੀ ਦੀਆਂ ਘਟਨਾਵਾਂ ਅਚਾਨਕ 2015 ਵਿਚ ਵਾਪਰਨੀਆਂ ਆਰੰਭ ਹੋਈਆਂ ਸਨ। ਇਸ ਬਾਰੇ ਵੱਖ ਵੱਖ ਕੋਣਾਂ ਤੋਂ ਬਹਿਸ-ਮੁਬਾਹਿਸਾ ਹੁੰਦਾ ਰਿਹਾ ਹੈ, ਪਰ ਅਜੇ ਤੱਕ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਸਕੀ। ਦਰਅਸਲ ਇਨ੍ਹਾਂ ਮਾਮਲਿਆਂ ਨੂੰ ਜਿੰਨੀ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਸੀ, ਉਨੀ ਗੰਭੀਰਤਾ ਨਾਲ ਲਿਆ ਨਹੀਂ ਗਿਆ। ਇਸ ਮਾਮਲੇ ਬਾਰੇ ਪਹਿਲਾਂ ਦੋ ਕਮਿਸ਼ਨ ਰਿਪੋਰਟਾਂ ਦੇ ਚੁੱਕੇ ਹਨ। ਪ੍ਰਾਈਵੇਟ ਕਾਟਜੂ ਕਮਿਸ਼ਨ ਉਤੇ ਤਾਂ ਸਰਕਾਰ ਨੇ ਕੀ ਕਾਰਵਾਈ ਸੀ, ਜ਼ੋਰਾ ਸਿੰਘ ਵਾਲੀ ਰਿਪੋਰਟ ਵੱਲ ਵੀ ਵੇਲੇ ਦੀ ਸਰਕਾਰ ਨੇ ਕੰਨ ਨਹੀਂ ਧਰਿਆ। ਸੀ.ਬੀ.ਆਈ. ਦੀ ਜਾਂਚ ਵੱਖਰੀ ਚੱਲ ਰਹੀ ਹੈ। ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੇਂ ਸਿਰਿਓਂ ਜਾਂਚ ਲਈ ਨਵੇਂ ਕਮਿਸ਼ਨ ਦਾ ਐਲਾਨ ਕੀਤਾ ਹੈ। ਇਸ ਸਮੁੱਚੇ ਵਰਤਾਰੇ ਬਾਰੇ ਸ. ਕੇ. ਐਸ. ਚਾਵਲਾ ਨੇ ਇਸ ਲੇਖ ਵਿਚ ਵਿਚਾਰਾਂ ਕੀਤੀਆਂ ਹਨ। -ਸੰਪਾਦਕ*

ਪੰਜਾਬ ਵਿਚ ਸਾਲ 2015-2016 ਦੌਰਾਨ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਗੰਭੀਰਤਾ ਨਾਲ ਲੈਂਦਿਆਂ ਨਿਆਂਇਕ ਜਾਂਚ ਦੇ ਹੁਕਮ ਦਿੱਤੇ ਹਨ। ਇਨ੍ਹਾਂ ਘਟਨਾਵਾਂ ਦੀ ਜਾਂਚ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਰਣਜੀਤ ਸਿੰਘ ਨੂੰ ਕਮਿਸ਼ਨ ਦਾ ਚੇਅਰਮੈਨ ਲਾਇਆ ਹੈ। ਬੇਅਦਬੀ ਦੀਆਂ ਘਟਨਾਵਾਂ ਕਾਰਨ ਲੋਕਾਂ, ਖ਼ਾਸ ਕਰ



**ਕੇ.ਐਸ. ਚਾਵਲਾ**
ਫੋਨ: +91-99886-44244

ਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਬਹੁਤ ਠੇਸ ਪਹੁੰਚੀ ਸੀ। ਇਨ੍ਹਾਂ ਪ੍ਰਤੀ ਲੋਕਾਂ ਵਿਚ ਅਜੇ ਵੀ ਬਹੁਤ ਰੋਸ ਹੈ।

ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਜ਼ੋਰਾ ਸਿੰਘ ਨੂੰ ਇਨ੍ਹਾਂ ਘਟਨਾਵਾਂ ਦੀ ਜਾਂਚ ਸੌਂਪੀ ਸੀ। ਦਰਅਸਲ, ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਵੱਡੀ ਗਿਣਤੀ ਵਿਚ ਵਾਪਰੀਆਂ ਸਨ, ਖ਼ਾਸ ਕਰ ਕੇ ਮੁਕਤਸਰ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਵਿਚ, ਜਿਨ੍ਹਾਂ ਕਾਰਨ ਸਿੱਖਾਂ ਵਿਚ ਭਾਰੀ ਰੋਹ ਅਤੇ ਰੋਸ ਦੇਖਣ ਨੂੰ ਮਿਲਿਆ। ਸਾਰੇ ਰਾਜ ਵਿਚ ਹੀ ਵੱਡੇ ਪੱਧਰ ਉਤੇ ਰੋਸ ਪ੍ਰਦਰਸ਼ਨ ਹੋਏ। ਅਜਿਹੇ ਹਾਲਾਤ ਵਿਚ ਗਰਮਖਿਆਲ ਸਿੱਖ ਇਕ ਵੇਲੇ ਪੰਜਾਬ ਦੀ ਸਿਆਸਤ 'ਤੇ ਭਾਰੂ ਪੈ ਗਏ ਸਨ।

ਸੁਪਰੀਮ ਕੋਰਟ ਦੇ ਸੇਵਾਮੁਕਤ ਜਸਟਿਸ ਮਾਰਕੰਡੇ ਕਾਟਜੂ ਦੀ ਅਗਵਾਈ ਵਿਚ ਇਕ ਪ੍ਰਾਈਵੇਟ ਨਿਆਂਇਕ ਕਮਿਸ਼ਨ ਵੀ ਬਣਾਇਆ ਗਿਆ, ਜਿਸ ਨੇ ਚਾਰ ਦਿਨਾਂ ਵਿਚ ਜਾਂਚ ਪੂਰੀ ਕਰਦਿਆਂ ਕਈ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਮੁਲਜ਼ਮ ਠਹਿਰਾਇਆ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਸਿਫ਼ਾਰਸ਼ ਕੀਤੀ। ਇਹ ਵੱਖਰੀ ਗੱਲ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਜਸਟਿਸ ਕਾਟਜੂ ਦੀ ਰਿਪੋਰਟ ਦੇ ਆਧਾਰ 'ਤੇ ਕੋਈ ਕਾਰਵਾਈ ਨਹੀਂ ਕੀਤੀ। ਇਸ ਦੌਰਾਨ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਮਿਆਦ ਤਿੰਨ ਵਾਰ ਵਧਾਈ ਗਈ, ਪਰ ਇਹ ਕਮਿਸ਼ਨ ਫ਼ੈਸਲਾਕੁਨ ਰਿਪੋਰਟ ਪੇਸ਼ ਕਰਨ ਵਿਚ ਅਸਫ਼ਲ ਰਿਹਾ ਅਤੇ ਨਾ ਹੀ ਮੁਲਜ਼ਮਾਂ ਦੀ ਪਛਾਣ ਕਰ ਸਕਿਆ। ਅਕਾਲੀ-ਭਾਜਪਾ ਸਰਕਾਰ ਨੇ ਬਸ ਦਿਖਾਵੇ ਮਾਤਰ, ਅੱਧੇ ਮਨ ਨਾਲ ਕੁਝ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ।

ਅਕਾਲੀ-ਭਾਜਪਾ ਸਰਕਾਰ ਵੱਲੋਂ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਨਾ ਕੀਤੇ ਜਾਣ ਕਾਰਨ ਸਿੱਖਾਂ ਵਿਚ ਬੇਚੈਨੀ ਵਧੀ ਅਤੇ ਪਿੰਡ ਬਰਗਾੜੀ ਅਤੇ ਬਹਿਬਲ ਕਲਾਂ ਵਿਖੇ ਵੱਡੇ ਪੱਧਰ ਉਤੇ ਰੋਸ ਪ੍ਰਦਰਸ਼ਨ ਹੋਏ। ਇਨ੍ਹਾਂ ਪ੍ਰਦਰਸ਼ਨਾਂ ਨੂੰ ਕਾਬੂ ਹੇਠ ਲਿਆਉਣ ਲਈ ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ਉਤੇ ਗੋਲੀ ਚਲਾਈ ਗਈ, ਜਿਸ ਕਾਰਨ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ। ਹਾਲਾਤ ਇੰਨੇ ਤਣਾਅਪੂਰਨ ਅਤੇ ਗੁੰਝਲਦਾਰ ਹੋ ਗਏ ਕਿ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਮਾਮਲਾ ਆਪਣੇ ਪੁੱਤਰ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਲੈ ਕੇ ਆਪਣੇ ਹੱਥਾਂ ਵਿਚ ਲੈਣਾ ਪਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਪੁਲਿਸ ਦੇ ਮੁਖੀ ਦੇ ਅਹੁਦੇ ਤੋਂ ਹਟਾ ਕੇ ਸੁਰੇਸ਼ ਅਰੋੜਾ ਨੂੰ ਪੰਜਾਬ ਪੁਲਿਸ ਦਾ ਮੁਖੀ ਲਾਇਆ। ਹਾਲਾਤ ਆਮ ਵਰਗੇ ਕਰਨ ਲਈ ਉਨ੍ਹਾਂ ਵੱਲੋਂ ਬਾਅਦ ਵਿਚ ਪੰਜਾਬ ਅੰਦਰ ਸਦਭਾਵਨਾ ਰੈਲੀਆਂ ਵੀ ਕਰਵਾਈਆਂ ਗਈਆਂ। ਗਰਮਖਿਆਲ ਸਿੱਖ ਆਗੂਆਂ ਨੇ ਇਸ ਸਮੁੱਚੇ ਹਾਲਾਤ ਦਾ ਲਾਹਾ ਲੈਂਦਿਆਂ ਤਰਨ ਤਾਰਨ ਵਿਖੇ 10 ਨਵੰਬਰ 2015 ਨੂੰ 'ਸਰਬੱਤ ਖ਼ਾਲਸਾ' ਸੱਦ ਲਿਆ, ਪਰ ਇਸ ਵਿਚ ਪਾਸ ਕੀਤੇ ਗਏ ਤੱਤੇ ਮਤਿਆਂ ਨੇ ਸਿੱਖ ਭਾਈਚਾਰੇ ਨੂੰ ਮਾਯੂਸ ਹੀ ਕੀਤਾ ਅਤੇ ਬਾਦਲ ਸਰਕਾਰ ਨੂੰ ਅਚਾਨਕ ਸਾਹ ਆਉਣਾ ਸ਼ੁਰੂ ਹੋ ਗਿਆ।

ਅਕਾਲੀ-ਭਾਜਪਾ ਸਰਕਾਰ ਬੇਅਦਬੀ ਦੇ ਮੁਲਜ਼ਮਾਂ ਨੂੰ ਕਾਬੂ ਨਹੀਂ ਕਰ ਸਕੀ ਅਤੇ ਨਾ ਹੀ ਉਸ ਨੇ ਪ੍ਰਦਰਸ਼ਨਕਾਰੀਆਂ ਉਪਰ ਗੋਲੀ ਚਲਾਉਣ ਲਈ ਕਸੂਰਵਾਰ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੋਈ ਕਾਰਵਾਈ ਕੀਤੀ। ਰਾਜ ਸਰਕਾਰ ਬੇਅਦਬੀ ਮਾਮਲਿਆਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਹਵਾਲੇ ਕਰ ਕੇ ਮੁਲਜ਼ਮਾਂ ਨੂੰ ਲੱਭਣ ਅਤੇ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦੇਣ ਦੀ ਜ਼ਿੰਮੇਵਾਰੀ ਤੋਂ ਲਾਂਭੇ ਹੋ ਗਈ।



ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਦਿਆਂ ਹੀ ਵੱਖ-ਵੱਖ ਧਰਮਾਂ ਦੇ ਗ੍ਰੰਥਾਂ ਤੇ ਪੁਸਤਕਾਂ ਦੀ ਬੇਅਦਬੀ ਦੇ ਮਾਮਲਿਆਂ ਦੀ ਸੰਵੇਦਨਸ਼ੀਲਤਾ ਦੇ ਮੱਦੇਨਜ਼ਰ ਸੂਬੇ ਵਿਚ ਅਮਨ ਕਾਇਮ ਰੱਖਣ ਵਾਲੀ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਰੱਦ ਕਰਦਿਆਂ ਮੁੜ ਨਿਆਂਇਕ ਜਾਂਚ ਦੇ ਹੁਕਮ ਦਿੱਤੇ ਹਨ। ਜਸਟਿਸ ਰਣਜੀਤ ਸਿੰਘ (ਰਿਟਾਇਰਡ) ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਹੋਣ ਸਮੇਂ ਆਪਣੀ ਇਕਾਗਰਤਾ ਅਤੇ ਨਿਆਂਪੂਰਨ ਮਾਨਸਿਕਤਾ ਲਈ ਜਾਣੇ ਜਾਂਦੇ ਹਨ। ਉਂਜ, ਉਨ੍ਹਾਂ ਉਤੇ ਬਾਦਲਾਂ ਦੇ ਵਿਰੋਧੀ ਹੋਣ ਦੇ ਦੋਸ਼ ਵੀ ਲੱਗਦੇ ਰਹੇ ਹਨ। ਕੈਪਟਨ ਸਰਕਾਰ ਨੇ ਉਨ੍ਹਾਂ ਨੂੰ ਛੇ ਮਹੀਨਿਆਂ ਵਿਚ ਰਿਪੋਰਟ ਦੇਣ ਲਈ ਕਿਹਾ ਹੈ। ਪਤਾ ਲੱਗਿਆ ਹੈ ਕਿ ਸੀ.ਬੀ.ਆਈ. ਵੀ ਇਸ ਮਾਮਲੇ ਬਾਰੇ ਆਪਣੀ ਜਾਂਚ ਜਾਰੀ ਰੱਖੇਗੀ ਅਤੇ ਨਵਾਂ ਕਮਿਸ਼ਨ ਇਸ ਮੁੱਦੇ ਉਤੇ ਆਜ਼ਾਦਾਨਾ ਤੌਰ 'ਤੇ ਕੰਮ ਕਰੇਗਾ।

ਬੇਅਦਬੀ ਮਾਮਲਿਆਂ ਸਬੰਧੀ ਪੰਜਾਬ ਪੁਲਿਸ ਵੱਲੋਂ ਤਿਆਰ ਕੀਤੀ ਤਾਜ਼ਾ ਵਿਆਪਕ ਰਿਪੋਰਟ ਮੁਤਾਬਕ ਪਿਛਲੇ ਦੋ ਸਾਲਾਂ (2015-2016) ਦੌਰਾਨ ਬੇਅਦਬੀ ਦੀਆਂ ਇਕ ਸੌ ਤੋਂ ਵੱਧ ਘਟਨਾਵਾਂ ਵਾਪਰੀਆਂ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਨਵੀਂ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਹੁਣ ਤਕ ਅਜਿਹੀਆਂ ਕੁਝ ਘਟਨਾਵਾਂ ਵਾਪਰ ਚੁੱਕੀਆਂ ਹਨ। ਪੁਲਿਸ ਹੁਣ ਤਕ ਅਜਿਹੇ 50 ਕੇਸਾਂ ਸਬੰਧੀ ਹੀ ਮੁਲਜ਼ਮਾਂ ਦੀ ਪਛਾਣ ਕਰ ਸਕੀ ਹੈ। ਰਿਪੋਰਟ ਕੁਝ ਕੁ ਸਿਆਸਤਦਾਨਾਂ ਅਤੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਹੈ ਅਤੇ ਇਸ ਮੁਤਾਬਕ ਬੇਅਦਬੀ ਦੀਆਂ ਕੁਝ ਘਟਨਾਵਾਂ ਹੀ ਵਾਪਰੀਆਂ ਹਨ। ਰਿਪੋਰਟ ਮੁਤਾਬਕ ਪਹਿਲੀ ਘਟਨਾ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚ ਵਾਪਰੀ। ਇਸ ਤੋਂ ਬਾਅਦ ਅਕਤੂਬਰ 2015 ਦੇ ਅੱਧ ਵਿਚ ਬਰਗਾੜੀ ਵਿਖੇ ਘਟਨਾਵਾਂ ਦਾ ਇਕ ਦੌਰ ਚੱਲਿਆ, ਜਿਸ ਕਾਰਨ ਵੱਡੇ ਪੱਧਰ ਉਤੇ ਰੋਸ ਪ੍ਰਦਰਸ਼ਨ ਹੋਏ। ਬਹਿਬਲ ਕਲਾਂ ਵਿਖੇ ਪੁਲਿਸ ਵੱਲੋਂ ਗੋਲੀ ਚਲਾਏ ਜਾਣ ਕਾਰਨ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ। ਰਿਪੋਰਟ ਅਨੁਸਾਰ ਪਹਿਲੀ ਘਟਨਾ ਅਤੇ ਬਰਗਾੜੀ ਵਾਲਾ ਮਾਮਲਾ ਹੱਲ ਨਹੀਂ ਹੋ ਸਕਿਆ।

ਪੁਲਿਸ ਰਿਪੋਰਟ ਵਿਚ ਹੋਰ ਵਰਨਣ ਕੀਤਾ ਗਿਆ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਵਾਪਰਦੀਆਂ ਰਹਿਣ ਕਾਰਨ ਸਿੱਖਾਂ ਵਿਚ ਵੱਡੇ ਪੱਧਰ ਉਤੇ ਰੋਸ ਫੈਲਿਆ। ਇਨ੍ਹਾਂ ਘਟਨਾਵਾਂ ਕਾਰਨ ਹਿੰਸਾ ਵੀ ਹੋਈ। ਸਿੱਟੇ ਵਜੋਂ ਪੁਲਿਸ ਵਿਭਾਗ ਵਿਚ ਵੱਡੇ ਪੱਧਰ ਉਤੇ ਫੇਰਬਦਲ ਹੋਏ। ਅਕਾਲੀ-ਭਾਜਪਾ ਸਰਕਾਰ ਦੀ ਆਲੋਚਨਾ ਤੇਜ਼ ਹੋਈ। ਜ਼ੋਰਾ ਸਿੰਘ ਕਮਿਸ਼ਨ ਨੇ ਫ਼ਰੀਦਕੋਟ ਦੇ ਆਲੇ-ਦੁਆਲੇ ਵਾਪਰੀਆਂ ਕੁਝ ਮੁੱਖ ਘਟਨਾਵਾਂ ਦੀ ਹੀ ਜਾਂਚ ਕੀਤੀ। ਪੁਲਿਸ ਰਿਪੋਰਟ ਮੁਤਾਬਕ ਪੰਜਾਬ ਵਿਚ ਗੀਤਾ ਅਤੇ ਕੁਰਾਨ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਵਾਪਰੀਆਂ।

ਆਮ ਆਦਮੀ ਪਾਰਟੀ (ਆਪ) ਦੇ ਚੀਫ ਵ੍ਹਿਪ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਨਵਾਂ ਜੁਡੀਸ਼ਲ ਕਮਿਸ਼ਨ ਬਣਾਉਣ ਤੋਂ ਪਹਿਲਾਂ ਸਰਕਾਰ ਨੂੰ ਮੁਲਜ਼ਮਾਂ ਦੀ ਪਛਾਣ ਕਰ ਕੇ ਉਨ੍ਹਾਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਨੀ ਚਾਹੀਦੀ ਸੀ, ਖ਼ਾਸ ਕਰ ਕੇ ਉਨ੍ਹਾਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਜਿਹੜੇ ਪ੍ਰਦਰਸ਼ਨਕਾਰੀਆਂ ਉਤੇ ਗੋਲੀਆਂ ਚਲਾਉਣ ਅਤੇ ਬੇਅਦਬੀ ਦੀਆਂ ਘਟਨਾਵਾਂ ਵਿਚ ਕਥਿਤ ਤੌਰ 'ਤੇ ਸ਼ਾਮਲ ਸਨ।

ਨਵਾਂ ਕਮਿਸ਼ਨ ਕੰਮ ਸ਼ੁਰੂ ਕਰਨ ਜਾ ਰਿਹਾ ਹੈ, ਪਰ ਇਸ ਸਾਰੀ ਕਵਾਇਦ ਤੋਂ ਇਨ੍ਹਾਂ ਸਵਾਲਾਂ ਦੇ ਜਵਾਬ ਜ਼ਰੂਰ ਮਿਲਣੇ ਚਾਹੀਦੇ ਹਨ- ਕੀ ਬੇਅਦਬੀ ਦੀਆਂ ਘਟਨਾਵਾਂ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਸਨ? ਕੀ ਇਨ੍ਹਾਂ ਦਾ ਮਕਸਦ ਸਰਕਾਰ ਉਲਟਾਉਣ ਲਈ ਜਨਤਕ ਬੇਚੈਨੀ ਪੈਦਾ ਕਰਨਾ ਤਾਂ ਨਹੀਂ ਸੀ? ਜਾਂ ਕੋਈ ਹੋਰ ਸਾਜ਼ਿਸ਼ ਤਾਂ ਨਹੀਂ ਸੀ? ਇਹ ਘਟਨਾਵਾਂ ਹੁਣ ਕਿਉਂ ਵਾਪਰ ਰਹੀਆਂ ਹਨ? ਅਜਿਹੇ ਸਾਰੇ ਸਵਾਲਾਂ ਦੇ ਜਵਾਬ ਮਿਲਣ 'ਤੇ ਹੀ ਇਕ ਤੋਂ ਬਾਅਦ ਦੂਜਾ ਕਮਿਸ਼ਨ ਬਿਠਾਉਣ ਦੀ ਕਵਾਇਦ ਸਾਰਥਿਕ ਸਾਬਤ ਹੋਵੇਗੀ।

# ਪੰਜਾਬ 'ਵਰਸਿਟੀ: ਸਮਾਜੀ ਨਿਆਂ ਬਨਾਮ ਰਾਜ ਧ੍ਰੋਹ

11 ਅਪਰੈਲ ਨੂੰ ਪੰਜਾਬ ਯੂਨੀਵਰਸਿਟੀ ਦਾ ਕੈਂਪਸ ਯੁੱਧ ਦਾ ਮੈਦਾਨ ਬਣ ਗਿਆ। ਇਕ ਪਾਸੇ ਵਿਦਿਆਰਥੀਆਂ ਅਤੇ ਦੂਜੇ ਪਾਸੇ ਯੂਨੀਵਰਸਿਟੀ ਅਥਾਰਟੀਜ਼ ਵਲੋਂ ਬੁਲਾਏ ਜਲ-ਤੋਪਾਂ ਤੇ ਹੋਰ ਸਾਜ਼ੋਸਮਾਨ ਨਾਲ ਲੈਸ ਪੁਲਿਸ ਦੇ ਲਸ਼ਕਰ। ਇਸ ਲਸ਼ਕਰ ਨੂੰ ਵਿਦਿਆਰਥੀ ਅੰਦੋਲਨ ਨੂੰ ਦਬਾਉਣ ਲਈ ਲਿਆਂਦਾ ਗਿਆ ਸੀ। ਇਸ ਵਾਰ, 4 ਮਾਰਚ ਵਾਂਗ ਜ਼ੋਰ-ਅਜ਼ਮਾਈ ਦਾ ਮੁੱਦਾ ਸਿਆਸੀ ਨਹੀਂ ਸੀ, ਜਦੋਂ 'ਸਟੂਡੈਂਟਸ ਫਾਰ ਸੁਸਾਇਟੀ' (ਐਸ.ਐਫ.ਐਸ.) ਵਲੋਂ ਉਲੀਕੇ ਸੈਮੀਨਾਰ ਵਿਚ ਜਮਹੂਰੀ ਕਾਰਕੁਨ ਸੀਮਾ ਆਜ਼ਾਦ ਦੇ ਭਾਸ਼ਣ ਨੂੰ ਅਸਫਲ ਬਣਾਉਣ ਲਈ ਸੰਘੀ ਬੁਰਛਾਗਰਦਾਂ

ਬੂਟਾ ਸਿੰਘ
ਫੋਨ: +91-94634-74342

ਅੱਗੇ ਗੋਡੇ ਟੇਕ ਕੇ ਵਾਈਸ ਚਾਂਸਲਰ ਨੇ ਕੈਂਪਸ ਨੂੰ ਪੁਲਿਸ ਦੀ ਛਾਉਣੀ ਬਣਾ ਦਿੱਤਾ ਸੀ; ਪਰ ਪ੍ਰਬੰਧਕਾਂ ਤੇ ਹੋਰ ਸਹਿਯੋਗੀ ਤਾਕਤਾਂ ਦੀ ਚੌਕਸੀ ਤੇ ਜੁਗਤਾਂ ਨੇ ਸੰਘੀਆਂ ਤੇ ਉਨ੍ਹਾਂ ਦਾ ਮੋਹਰਾ ਬਣੀ ਯੂਨੀਵਰਸਿਟੀ ਅਥਾਰਟੀਜ਼ ਦੇ ਮਨਸੂਬਿਆਂ ਉਪਰ ਪਾਣੀ ਫੇਰ ਦਿੱਤਾ ਸੀ।

ਇਸ ਵਾਰ ਮੁੱਦਾ ਵਿਦਿਆਰਥੀਆਂ ਤੋਂ ਵਿਦਿਆ ਦਾ ਮੁਢਲਾ ਮਨੁੱਖੀ ਹੱਕ ਖੋਹਣ ਅਤੇ ਉਨ੍ਹਾਂ ਵਿਦਿਆਰਥੀਆਂ ਦੇ ਭਵਿਖ ਉਪਰ ਹੀ ਸਵਾਲੀਆ ਚਿੰਨ੍ਹ ਲਾਉਣ ਵਾਲੇ ਫੈਸਲੇ ਨੂੰ ਵਾਪਸ ਕਰਾਉਣ ਦਾ ਸੀ ਜੋ ਆਰਥਿਕ ਅਤੇ ਸਮਾਜੀ ਤੌਰ 'ਤੇ ਨਿਤਾਣੇ ਹੋਣ ਕਾਰਨ ਪੜ੍ਹਾਈ ਦੇ ਖੇਤਰ ਵਿਚੋਂ ਬਾਹਰ ਧੱਕੇ ਜਾ ਰਹੇ ਹਨ। ਕਈ ਦਿਨਾਂ ਤੋਂ ਚੱਲ ਰਹੇ ਅੰਦੋਲਨ ਤਹਿਤ ਐਸ.ਐਫ.ਐਸ. ਸਮੇਤ ਸੱਤ ਵਿਦਿਆਰਥੀ ਜਥੇਬੰਦੀਆਂ ਵਲੋਂ ਯੂਨੀਵਰਸਿਟੀ ਬੰਦ ਦਾ ਸੱਦਾ ਦਿੱਤਾ ਗਿਆ ਸੀ। ਵਿਦਿਆਰਥੀਆਂ ਦੀ ਮੰਗ ਮਾਮੂਲੀ ਸੀ: ਫ਼ੀਸਾਂ ਵਿਚ 4 ਤੋਂ ਲੈ ਕੇ 11 ਗੁਣਾਂ ਤਕ ਕੀਤੇ ਵਾਧੇ ਬਾਰੇ ਵਾਈਸ ਚਾਂਸਲਰ ਗੱਲਬਾਤ ਦਾ ਸਮਾਂ ਦੇਵੇ, ਤੇ ਵੀ.ਸੀ. ਕੇਂਦਰੀ ਹੁਕਮਰਾਨਾਂ ਨੂੰ ਮਿਲਣ ਦਿੱਲੀ ਤੁਰ ਗਿਆ ਸੀ। ਉਸ ਦੀ ਗ਼ੈਰਹਾਜ਼ਰੀ ਵਿਚ ਬਾਕੀ ਅਥਾਰਟੀਜ਼ ਨੇ ਗੱਲਬਾਤ ਦੀ ਸਾਰਥਕ ਪਹਿਲਕਦਮੀ ਕਰਨ ਦੀ ਬਜਾਏ ਪੁਲਿਸ ਦੇ ਡੰਡੇ ਦਾ ਸਹਾਰਾ ਲਿਆ। ਪੁਲਿਸ ਦੀਆਂ ਲਾਠੀਆਂ ਅਤੇ ਪਾਣੀਆਂ ਦੀਆਂ ਵਾਛੜਾਂ ਦਾ ਜਵਾਬ ਵਿਦਿਆਰਥੀਆਂ ਨੇ ਪਥਰਾਓ ਨਾਲ ਦਿੱਤਾ ਅਤੇ ਬੇਮੇਚੀ ਟੱਕਰ ਦੇ ਬਾਵਜੂਦ ਪੁਲਿਸ ਨੂੰ ਅੱਗੇ ਲਾ ਲਿਆ। ਬੁਖਲਾ ਕੇ ਐਸ.ਐਸ.ਪੀ. ਦੀ ਅਗਵਾਈ ਹੇਠ ਪੁਲਿਸ ਅਫਸਰਾਂ ਨੇ ਹੋਰ ਪੁਲਿਸ ਬੁਲਾ ਕੇ ਕੈਂਪਸ ਉਪਰ ਹਮਲਾ ਕਰ ਦਿੱਤਾ। ਯੂਨੀਵਰਸਿਟੀ ਸਕਿਉਰਿਟੀ ਦੀਆਂ ਟੀਮਾਂ ਪੁਲਿਸ ਦੇ ਦਸਤੇ ਦੀ ਭੂਮਿਕਾ ਨਿਭਾ ਰਹੀਆਂ ਸਨ। ਉਨ੍ਹਾਂ ਦੀ ਮਨਸ਼ਾ ਹਜੂਮ ਨੂੰ ਖਿੰਡਾਉਣ ਦੀ ਨਹੀਂ, ਸਗੋਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਜ਼ਖ਼ਮੀ ਕਰਨ, ਗ੍ਰਿਫ਼ਤਾਰ ਕਰ ਕੇ ਕੇਸਾਂ ਵਿਚ ਫਸਾਉਣ ਅਤੇ ਜੇਲ੍ਹ ਭਿਜਵਾਉਣ ਦੀ ਸੀ। ਗੁਰਦੁਆਰੇ ਵਿਚ ਪਨਾਹ ਲੈਣ ਵਾਲਿਆਂ ਨੂੰ ਕੁੱਟਣ ਲਈ ਧਾਰਮਿਕ ਸਥਾਨ ਦੀ ਬੇਹੁਰਮਤੀ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ।

ਪੁਲਿਸ ਅਫਸਰਾਂ ਦੀ ਬਦਲਾਖ਼ੋਰ ਜ਼ਹਿਨੀਅਤ ਫਿਰ ਵੀ ਸੰਤੁਸ਼ਟ ਨਹੀਂ ਹੋਈ। 53 ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਰਾਜ ਧ੍ਰੋਹ, ਹੱਤਿਆ ਦੀ ਕੋਸ਼ਿਸ਼, ਦੰਗਾ-ਫ਼ਸਾਦ ਦੇ ਪਰਚੇ ਦਰਜ ਕੀਤੇ ਗਏ। ਹਿਰਾਸਤ ਵਿਚ ਤਸ਼ੱਦਦ ਢਾਹਿਆ ਗਿਆ। ਜ਼ਲੀਲ ਕਰਨ ਲਈ ਦਲਿਤਾਂ ਨੂੰ ਜਾਤ-ਪਾਤੀ ਗਾਲੀ-ਗਲੋਚ ਵੀ ਕੀਤਾ ਗਿਆ, ਡੀ.ਐਸ.ਪੀ ਤੇ ਹੋਰ ਅਫਸਰਾਂ ਨੇ ਵਿਦਿਆਰਥਣਾਂ ਨੂੰ ਜਿਨਸੀ ਤਸੀਹਿਆਂ ਦੀਆਂ ਧਮਕੀਆਂ ਦਿੱਤੀਆਂ। ਮਰਦ ਪੁਲਸੀਏ ਕੁੜੀਆਂ ਨੂੰ ਵਾਲਾਂ ਤੋਂ ਫੜ ਕੇ ਘੜੀਸਦੇ ਰਹੇ। ਪੁਲਿਸ ਤੇ ਵਰਸਿਟੀ ਅਥਾਰਟੀਜ਼ ਦੇ ਗੱਠਜੋੜ ਵਲੋਂ ਵਿਦਿਆਰਥੀਆਂ ਉਪਰ ਰਾਜਧ੍ਰੋਹ ਦੀ ਦਫ਼ਾ (124-ਏ) ਇਸ ਮਨਸ਼ਾ ਨਾਲ ਲਗਾ ਦਿੱਤੀ ਗਈ ਕਿ ਇਸ ਦੀ ਦਹਿਸ਼ਤ ਨਾਲ ਅੰਦੋਲਨਕਾਰੀ ਅਲੱਗ-ਥਲੱਗ ਪੈ ਜਾਣਗੇ ਅਤੇ ਰਾਜ ਧ੍ਰੋਹ ਦੇ ਗ਼ਰਦ-ਗੁਬਾਰ ਵਿਚ ਅਸਲ ਅੰਦੋਲਨ ਦਬ ਜਾਵੇਗਾ; ਪਰ ਇਸ ਖ਼ਿਲਾਫ਼ ਵਕੀਲਾਂ ਅਤੇ ਹੋਰ ਇਨਸਾਫ਼ਪਸੰਦ ਤਾਕਤਾਂ ਵਲੋਂ ਉਠਾਈ ਆਵਾਜ਼ ਕਾਰਨ ਪੁਲਿਸ ਨੂੰ ਸਾਢੇ ਤਿੰਨ ਘੰਟੇ ਵਿਚ ਹੀ ਇਹ ਦਫ਼ਾ ਵਾਪਸ ਲੈਣੀ ਪੈ ਗਈ। ਇਹ ਸੰਚਾਰ ਦੀ ਘਾਟ ਅਤੇ ਗ਼ਲਤਫ਼ਹਿਮੀ ਦਾ ਨਤੀਜਾ ਨਹੀਂ ਸੀ, ਜਿਵੇਂ ਬਾਅਦ ਵਿਚ ਸਫ਼ਾਈ ਦਿੱਤੀ ਗਈ ਸੀ। ਇਹ ਪੁਲਿਸ ਦੀ ਹੱਕ-ਬਜਾਨਬ ਸੰਘਰਸ਼ਾਂ ਨੂੰ ਦਬਾਉਣ ਦੇ ਆਮ ਜਾਬਰ ਵਤੀਰੇ ਅਤੇ ਯੂਨੀਵਰਸਿਟੀ ਅਥਾਰਟੀਜ਼ ਦੀ ਵਿਦਿਆਰਥੀ ਨਾਬਰੀ ਪ੍ਰਤੀ ਅੰਨ੍ਹੀ ਨਫ਼ਰਤ ਦਾ ਨਤੀਜਾ ਸੀ।

ਵਕੀਲ ਭਾਈਚਾਰੇ ਅਤੇ ਹੋਰ ਇਨਸਾਫ਼ਪਸੰਦ ਤਾਕਤਾਂ ਵਲੋਂ ਵਿਦਿਆਰਥੀਆਂ ਦੀ ਡਟ ਕੇ ਕਾਨੂੰਨੀ ਪੈਰਵਾਈ ਕੀਤੀ ਗਈ। ਅਦਾਲਤ ਵਿਚ ਵਿਦਿਆਰਥੀਆਂ ਨੇ ਪੁਲਿਸ ਤਸ਼ੱਦਦ, ਖ਼ਾਸ ਕਰ ਕੇ ਹਿਰਾਸਤ ਵਿਚ ਝੱਲੇ ਤਸੀਹਿਆਂ ਦਾ ਸੱਚ ਬੇਖ਼ੌਫ਼ ਹੋ ਕੇ ਬਿਆਨ ਕੀਤਾ। ਇਸ 'ਤੇ ਜੱਜ ਨੇ ਜਿਵੇਂ ਪੁਲਿਸ ਨੂੰ ਫਿਟਕਾਰ ਪਾਈ, ਉਹ ਇਸ ਗੱਠਜੋੜ ਨੂੰ ਇਕ ਹੋਰ ਪਛਾੜ ਸੀ ਜਿਸ ਵਿਚ ਹੋਰ ਨਮੋਸ਼ੀ ਅਗਲੇ ਦਿਨਾਂ ਵਿਚ ਸਾਰੇ ਵਿਦਿਆਰਥੀਆਂ ਨੂੰ ਜ਼ਮਾਨਤਾਂ ਮਿਲਣ ਨਾਲ ਜੁੜ ਗਈ। ਭਵਿਖ ਵਿਚ ਇਸ ਅੰਦੋਲਨ ਦਾ ਨਤੀਜਾ ਕੁਝ ਵੀ ਨਿਕਲੇ, ਵੀ.ਸੀ. ਸਮੇਤ ਲੋਕਾਂ ਨੂੰ ਟਿੱਚ ਸਮਝਣ ਵਾਲੀ ਸਮੁੱਚੀ ਸਥਾਪਤੀ ਦੀ ਇਖ਼ਲਾਕੀ ਹਾਰ ਪ੍ਰਤੱਖ ਹੈ। ਇਸ ਦੀ ਬੁਨਿਆਦ ਇਸ ਮਸਲੇ ਦੇ ਅੰਦਰ ਮੌਜੂਦ ਹੈ, ਕਿਉਂਕਿ ਵਿਦਿਆ ਦੇ ਵਪਾਰੀਕਰਨ ਦੇ ਫ਼ੈਸਲੇ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਹਿੱਸਿਆਂ ਦੇ ਉਚੇਰੀ ਪੜ੍ਹਾਈ ਦੇ ਸੁਪਨੇ ਕਤਲ ਹੋ ਰਹੇ ਹਨ।

ਵੀ.ਸੀ. ਹੈ, ਭਾਵੇਂ ਸਿੰਡੀਕੇਟ ਜਾਂ ਸੈਨੇਟ, ਇਕਾ-ਦੁੱਕਾ ਮਿਸਾਲਾਂ ਨੂੰ ਛੱਡ ਕੇ ਇਨ੍ਹਾਂ ਸਾਰਿਆਂ ਨੇ ਇਕਜੁੱਟ ਹੋ ਕੇ ਯੂਨੀਵਰਸਿਟੀ ਨੂੰ ਬਚਾਉਣ ਦੇ ਨਾਂ ਹੇਠ ਸੌਖਾ ਤਰੀਕਾ ਅਖ਼ਤਿਆਰ ਕੀਤਾ ਹੋਇਆ ਹੈ। ਯੂਨੀਵਰਸਿਟੀ ਨੇਮਾਂ ਮੁਤਾਬਿਕ 60 ਫੀਸਦ ਫ਼ੰਡ ਕੇਂਦਰ ਸਰਕਾਰ ਨੇ ਅਤੇ 40 ਫੀਸਦ ਪੰਜਾਬ ਸਰਕਾਰ ਨੇ ਦੇਣੇ ਹੁੰਦੇ ਹਨ। ਪੰਜਾਬ ਦੇ ਤਮਾਮ ਵਿਤੀ ਵਸੀਲੇ ਹੜੱਪ ਜਾਣ ਵਾਲੇ ਬਾਦਲਕਿਆਂ ਨੇ ਪਿਛਲੇ ਸਾਲ ਇਕ ਧੇਲਾ ਵੀ ਨਹੀਂ ਦਿੱਤਾ। ਸਿਰਫ਼ ਚੋਣਾਂ ਨੇੜੇ ਜਾ ਕੇ ਸੁਖਬੀਰ ਬਾਦਲ ਨੇ ਪੰਜ ਕਰੋੜ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਜਿਸ ਦਾ ਵਿਰੋਧ ਕਰਨ ਦੀ ਥਾਂ ਵੀ.ਸੀ. ਵਲੋਂ ਬਾਦਲਕਿਆਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਗਏ। ਇਹ ਪੰਜ ਕਰੋੜ ਵੀ ਜਾਰੀ ਹੋਇਆ ਜਾਂ ਨਹੀਂ, ਇਹ ਵੀ ਪਤਾ ਨਹੀਂ। ਦੂਜੇ ਪਾਸੇ, ਕੇਂਦਰ ਵਲੋਂ ਇਸ ਨੂੰ ਬਹਾਨਾ ਬਣਾ ਕੇ ਕੋਈ ਫੰਡ ਜਾਰੀ ਨਾ ਕੀਤੇ ਜਾਣ ਨੇ ਯੂਨੀਵਰਸਿਟੀ ਨੂੰ ਡੂੰਘੇ ਸੰਕਟ ਵਿਚ ਸੁੱਟ ਦਿੱਤਾ। ਵਿੱਤੀ ਸੰਕਟ ਦੂਰ ਕਰਨ ਲਈ ਮਨਮਾਨੀਆਂ ਕਰ ਰਹੀਆਂ ਸਰਕਾਰਾਂ ਨੂੰ ਜਵਾਬਦੇਹ ਬਣਾਉਣ ਦੀ ਬਜਾਏ ਬੇਵੱਸ ਧਿਰ ਵਿਦਿਆਰਥੀਆਂ ਉਪਰ ਬੋਝ ਲੱਦਣ ਦਾ ਭੂਤ ਵੀ.ਸੀ. ਉਪਰ ਸਵਾਰ ਹੈ ਜਿਸ ਉਪਰ ਆਖ਼ਰਕਾਰ ਸੈਨੇਟ ਵਲੋਂ ਵੀ ਮੋਹਰ ਲਾ ਦਿੱਤੀ ਗਈ। ਵਿਦਿਆ ਨੂੰ ਸਮਾਜ ਪ੍ਰਤੀ ਸੰਵਿਧਾਨਕ ਵਚਨਬੱਧਤਾ ਦੇ ਨਜ਼ਰੀਏ ਤੋਂ ਲੈਣ ਦੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਨੂੰ ਬੇਸ਼ਰਮੀ ਨਾਲ ਤਿਲਾਂਜਲੀ ਦੇ ਕੇ ਹੁਕਮਰਾਨ ਜਮਾਤ ਪਹਿਲਾਂ ਹੀ ਇਸ ਨੂੰ ਨਫ਼ੇ-ਨੁਕਸਾਨ ਦੇ ਬਾਣੀਆ ਪੈਮਾਨੇ ਮੁਤਾਬਕ ਨਿਰੋਲ ਮੰਡੀ ਦਾ ਮਾਲ ਬਣਾ ਚੁੱਕੀ ਹੈ। ਉਨ੍ਹਾਂ ਦੀ ਸਿੱਧੀ-ਸਪਾਟ ਦਲੀਲ ਹੈ, ਆਪਣੀ ਜੇਬ ਦੀ ਹੈਸੀਅਤ ਅਨੁਸਾਰ ਵਿਦਿਆ ਦੀ ਮੰਡੀ ਵਿਚੋਂ ਹੱਟੀ ਚੁਣ ਕੇ ਦਾਖ਼ਲਾ ਲੈ ਲਓ। ਪੈਸਾ ਨਹੀਂ ਖ਼ਰਚ ਸਕਦੇ ਤਾਂ ਉਚੇਰੀ ਪੜ੍ਹਾਈ ਦਾ ਸੁਪਨਾ ਦਫ਼ਨਾ ਦਿਓ। ਇਸੇ ਨਮੂਨੇ ਉਪਰ ਪੰਜਾਬ ਯੂਨੀਵਰਸਿਟੀ ਦੀ ਧੜਾਧੜ ਢਾਂਚਾ-ਢਲਾਈ ਕੀਤੀ ਜਾ ਰਹੀ ਹੈ।

ਹਰ ਸਾਲ ਫ਼ੀਸਾਂ ਵਿਚ ਕੀਤੇ ਜਾਣ ਵਾਲੇ ਵਾਧੇ ਨੂੰ ਵਕਤੀ ਠੱਲ੍ਹ ਮਾਰਚ 2014 ਵਿਚ ਐਸ.ਐਫ.ਐਸ. ਵਲੋਂ ਵਿੱਢੇ ਗਏ ਜਾਨ-ਹੂਲਵੇਂ ਅੰਦੋਲਨ ਨੇ ਪਾਈ ਸੀ। ਇਹ ਜਥੇਬੰਦੀ ਰੈਡੀਕਲ ਸੋਚ ਵਾਲੇ ਵਿਦਿਆਰਥੀਆਂ ਵਲੋਂ ਬਣਾਈ ਗਈ ਜੋ ਨਾਮਨਿਹਾਦ ਰਵਾਇਤੀ ਵਿਦਿਆਰਥੀ ਜਥੇਬੰਦੀਆਂ ਨਾਲੋਂ ਨਿਖੇੜੇ ਦੀ ਸਾਫ਼ ਲਕੀਰ ਖਿੱਚ ਕੇ ਕੈਂਪਸ ਅੰਦਰ ਸਮਾਜੀ ਸਰੋਕਾਰਾਂ ਅਤੇ ਵਿਦਿਆਰਥੀ ਹਿਤਾਂ ਦੀ ਰਾਖੀ ਲਈ ਜੱਥੇਬੰਦ ਸੰਘਰਸ਼ ਦੀ ਸੂਝ ਦਾ ਸੰਚਾਰ ਕਰਨ ਦਾ ਧੁਰਾ ਬਣੇ ਅਤੇ ਸਹਿਜੇ-ਸਹਿਜੇ ਐਸੀ ਤਾਕਤ ਬਣ ਕੇ ਉਭਰੇ ਜਿਸ ਨੂੰ ਹੁਣ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹੁਣ ਜਦੋਂ ਸੈਨੇਟ ਨੇ ਵੱਖ-ਵੱਖ ਕੋਰਸਾਂ ਲਈ ਫ਼ੀਸਾਂ ਨੂੰ ਜ਼ਰਬਾਂ ਦੇਣ ਦਾ ਫ਼ੈਸਲਾ ਥੋਪਿਆ ਤਾਂ ਇਸ ਨੂੰ ਵੀ ਸੂਝਵਾਨ ਵਿਦਿਆਰਥੀਆਂ ਨੇ ਬਾਦਲੀਲ ਚੁਣੌਤੀ ਦਿੱਤੀ। ਬਾਦਲੀਲ ਸੰਵਾਦ ਅਤੇ ਸਮੂਹਿਕ ਹਿਤਾਂ ਲਈ ਸੰਘਰਸ਼ ਦਾ ਜਮਹੂਰੀ ਹੱਕ ਹੀ ਸਥਾਪਤੀ ਨੂੰ ਸਭ ਤੋਂ ਵੱਧ ਚੁਭਦਾ ਹੈ। ਇਸ ਦਾ ਸ਼ਰੇਆਮ ਇਜ਼ਹਾਰ ਵੀ.ਸੀ. ਨੇ ਹਾਲ ਹੀ ਵਿਚ ਪੰਜਾਬ ਦੀਆਂ 41 ਅਵਾਮੀ ਜਥੇਬੰਦੀਆਂ ਦੇ ਵਫ਼ਦ ਨਾਲ ਮੀਟਿੰਗ ਵਿਚ ਵੀ ਕੀਤਾ ਹੈ ਜੋ ਵਿਦਿਆਰਥੀ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਉਣ ਅਤੇ ਮਸਲੇ ਦੇ ਹੱਲ ਲਈ ਮੰਗ-ਪੱਤਰ ਦੇਣ ਲਈ ਉਸ ਨੂੰ ਮਿਲਣ ਗਿਆ ਸੀ। ਮੰਗ ਪੱਤਰ ਉਪਰ ਬਾਦਲੀਲ ਬਹਿਸ ਕਰਨ ਦੀ ਥਾਂ ਵੀ.ਸੀ. ਭੜਕ ਉਠਿਆ ਅਤੇ ਮੀਟਿੰਗ ਵਿਚੋਂ ਹੀ ਭੱਜ ਗਿਆ।




ਐਸ.ਐਫ.ਐਸ. ਦੇ ਉਭਾਰ ਨੇ ਕੈਂਪਸ ਦੀ ਵਿਦਿਆਰਥੀ ਸਿਆਸਤ ਦੀ ਨੁਹਾਰ ਬਦਲ ਦਿੱਤੀ ਹੈ ਜਿਸ ਦਾ ਬੱਝਵਾਂ ਇਜ਼ਹਾਰ ਪਿੱਛੇ ਜਿਹੇ ਵਿਦਿਆਰਥੀ ਚੋਣਾਂ ਵਿਚ ਹੋਇਆ, ਜਦੋਂ ਇਸ ਜਥੇਬੰਦੀ ਨੇ ਗੰਭੀਰ ਸਰੋਕਾਰਾਂ ਦੇ ਆਧਾਰ 'ਤੇ ਚੋਣਾਂ ਲੜ ਕੇ ਪੈਸੇ, ਸੱਤਾ ਅਤੇ ਕਾਕਾਸ਼ਾਹੀ ਦੇ ਜ਼ੋਰ ਅਹੁਦੇ ਹਥਿਆਉਣ ਵਾਲੇ ਧਨਾਢ ਕੈਂਪ ਨੂੰ ਜ਼ਬਰਦਸਤ ਟੱਕਰ ਦਿੱਤੀ ਅਤੇ ਆਮ ਵਿਦਿਆਰਥੀ ਦੀ ਹੱਕ-ਜਤਾਈ ਦੀ ਨੁਮਾਇੰਦਾ ਤਾਕਤ ਬਣ ਕੇ ਉਭਰੀ। ਇਸ ਨੇ ਹਿੰਦੂਤਵੀ ਫਾਸ਼ੀਵਾਦ ਨੂੰ ਜੁਝਾਰੂ ਚੁਣੌਤੀ ਦੇਣ ਸਮੇਤ ਅਜੋਕੇ ਗੰਭੀਰ ਸਿਆਸੀ ਮੁੱਦਿਆਂ ਉਪਰ ਸੰਵਾਦ ਰਚਾਉਂਦੇ ਹੋਏ ਸਮਾਜੀ ਨਿਆਂ ਦੀ ਸਿਆਸਤ ਦਾ ਝੰਡਾ ਬੁਲੰਦ ਕੀਤਾ ਹੈ ਜਿਸ ਦੀ ਉਘੜਵੀਂ ਮਿਸਾਲ ਹਿੰਦੂਤਵੀ ਫਾਸ਼ੀਵਾਦ ਤੋਂ ਲੈ ਕੇ ਦਲਿਤਾਂ ਤੇ ਔਰਤਾਂ ਦੀ ਮੁਕਤੀ; ਬਸਤਰ, ਕਸ਼ਮੀਰ ਅਤੇ ਹੋਰ ਇਲਾਕਿਆਂ ਵਿਚ ਹਿੰਦੁਸਤਾਨੀ ਸਟੇਟ ਦੀ ਰਾਜਕੀ ਦਹਿਸ਼ਤਗਰਦੀ ਤਕ ਹਰ ਭਖਦੇ ਸਵਾਲ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੀਆਂ ਮੁਹਿੰਮਾਂ ਹਨ। ਇਸ ਨਾਲ ਰੈਡੀਕਲ ਸਿਆਸਤ ਵਾਲੇ ਹੋਰ ਵਿਦਿਆਰਥੀ ਗਰੁੱਪਾਂ ਨੂੰ ਵੀ ਬਲ ਮਿਲਿਆ ਹੈ। ਨਾਲ ਹੀ ਇਸ ਨੇ ਹਿੰਦੂਤਵੀ ਧੌਂਸ ਖ਼ਿਲਾਫ਼ ਲੜਨ ਲਈ ਕਰਵਟ ਲੈ ਰਹੀਆਂ ਧਾਰਮਿਕ ਘੱਟ-ਗਿਣਤੀਆਂ ਅਤੇ ਹੋਰ ਦੱਬੇ-ਕੁਚਲੇ ਸਮੂਹਾਂ ਲਈ ਘੱਟੋ-ਘੱਟ ਸਾਂਝੀ ਲੜਾਈ ਦੀ ਮਿਸਾਲ ਵੀ ਪੇਸ਼ ਕੀਤੀ ਹੈ।

ਇਹੀ ਵਜ੍ਹਾ ਹੈ ਕਿ ਯੂਨੀਵਰਸਿਟੀ ਅਥਾਰਟੀਜ਼, ਸੰਘ ਬ੍ਰਿਗੇਡ ਅਤੇ ਸਥਾਪਤੀ ਦੀ ਹਰ ਤਾਕਤ ਐਸ.ਐਫ.ਐਸ. ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਨੂੰ ਹਿੰਸਾ ਦੀ ਸਿਆਸਤ ਦੇ ਪੈਰੋਕਾਰ ਕਰਾਰ ਦੇ ਕੇ ਨਿਖੇੜਨ ਲਈ ਚੌਤਰਫ਼ਾ ਹਮਲਾ ਚੱਲ ਰਿਹਾ ਹੈ। ਰੈਡੀਕਲ ਸਿਆਸਤ ਖ਼ਿਲਾਫ਼ ਕੈਂਪਸ ਦੇ ਮੋਰਚੇ ਉਪਰ ਯੂਨੀਵਰਸਿਟੀ ਅਥਾਰਟੀਜ਼ ਦੇ ਵਿਦਿਆਰਥੀ ਭਾਜਪਾ ਅਤੇ ਕਾਂਗਰਸ ਦੇ ਵਿਦਿਆਰਥੀਆਂ ਵਿੰਗਾਂ ਏ.ਬੀ.ਵੀ.ਪੀ., ਐਨ.ਐਸ.ਯੂ.ਆਈ. ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ। ਹਾਲੀਆ ਹਮਲੇ ਵਿਚ ਐਸ.ਐਫ.ਐਸ. ਦੇ ਕਾਰਕੁਨ ਸਭ ਤੋਂ ਵੱਧ ਜਬਰ ਦਾ ਨਿਸ਼ਾਨਾ ਬਣੇ। ਡਫਲੀ ਦੀ ਤਾਲ 'ਤੇ ਗਾ ਕੇ ਜਾਗਣ ਅਤੇ ਜੂਝਣ ਦਾ ਪੈਗ਼ਾਮ ਦੇਣ ਵਾਲੀ ਕੁੜੀ ਜਗਜੀਤ ਅਤੇ ਅੰਮ੍ਰਿਤਪਾਲ ਦੇ ਹੱਥ ਅਫ਼ਸਰਾਂ ਨੂੰ ਉਸ ਤੋਂ ਵੀ ਜ਼ਿਆਦਾ ਚੁਭਦੇ ਹਨ ਜਿੰਨੇ ਪੱਥਰਾਂ ਨਾਲ ਮੁਕਾਬਲਾ ਕਰਨ ਵਾਲੇ ਹੱਥ। ਹਿਰਾਸਤ ਵਿਚ ਪੁਲਿਸ ਦਾ ਡੰਡਾ ਇਨ੍ਹਾਂ ਹੱਥਾਂ ਦੀ ਨਾਬਰੀ ਨੂੰ ਕੁਚਲਦਾ ਨਜ਼ਰ ਆਇਆ।

ਇਸ ਸੰਘਰਸ਼ ਦਾ ਅੰਜਾਮ ਕੁਝ ਵੀ ਹੋਵੇ, ਸਮੂਹਿਕ ਲੜਾਈ ਦੀ ਜ਼ਰੂਰਤ ਦੀ ਸੋਝੀ ਦੀ ਛੱਲ ਕੰਨਿਆ ਕੁਮਾਰੀ ਦੀ ਤਰਫ਼ੋਂ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਤੋਂ ਹੁੰਦੀ ਹੋਈ ਬਰਾਸਤਾ ਹੈਦਰਾਬਾਦ ਯੂਨੀਵਰਸਿਟੀ, ਜੇ.ਐਨ.ਯੂ. ਧੁਰ ਉਤਰ ਤਕ ਆ ਪਹੁੰਚੀ ਹੈ। ਮੁਲਕ ਦੇ ਭਵਿਖ ਲਈ ਕਿੰਨਾ ਸ਼ੁਭ ਸ਼ਗਨ ਹੈ- 'ਰਾਜ ਧ੍ਰੋਹੀਆਂ' ਦੀ ਕਤਾਰ ਲੰਮੀ ਹੋ ਰਹੀ ਹੈ।

## ਬੂਟਾ ਸਿੰਘ ਲਈ ਸੰਘਰਸ਼ ਜ਼ਰੂਰੀ ਕਿਉਂ ਹੈ?

ਸ਼ਾਇਦ ਤੁਸੀਂ ਇਨ੍ਹਾਂ ਕਿਰਤੀ ਹੱਥਾਂ ਨੂੰ ਸ਼ਹਿਰ ਦੇ ਕਿਸੇ ਕਿਰਤੀ ਚੌਕ ਤੋਂ ਦਿਹਾੜੀ 'ਤੇ ਲੈ ਕੇ ਗਏ ਹੋਵੋ। ਸ਼ਾਇਦ ਚੰਡੀਗੜ੍ਹ ਦੇ ਸੈਕਟਰ 15 ਜਾਂ 16 ਦੇ ਬਾਸ਼ਿੰਦਿਆਂ ਨੇ ਇਨ੍ਹਾਂ ਹੱਥਾਂ ਤੋਂ ਅਖ਼ਬਾਰ ਲਿਆ ਹੋਵੇ। ਖਲਾ ਪ੍ਰੇਮੀਆਂ ਨੇ ਜ਼ਰੂਰ ਹੀ ਇਸ ਲਿੱਸੇ ਜਿਹੇ ਨੌਜਵਾਨ ਨੂੰ ਪੰਜਾਬ ਕਲਾ ਭਵਨ ਜਾਂ ਟੈਗੋਰ ਥੀਏਟਰ ਦੇ ਬਾਹਰ ਕਿਤਾਬਾਂ

ਵਿਸ਼ਵ ਭਾਰਤੀ
ਫੋਨ: +91-98887-89029

ਵੇਚਦਿਆਂ ਦੇਖਿਆ ਹੋਵੇਗਾ। ਸ਼ਾਇਦ ਕਿਸੇ ਦਿਨ ਉਸ ਨੇ ਬਹਿਰੇ ਦੇ ਤੌਰ 'ਤੇ ਤੁਹਾਨੂੰ ਖਾਣਾ ਪਰੋਸਿਆ ਹੋਵੇ। ਇਹ ਹੈ ਬੂਟਾ ਸਿੰਘ, ਬੰਦੀ ਨੰਬਰ 10, ਜਿਸ ਉਪਰ ਗ਼ੈਰਇਰਾਦਤਨ ਹੱਤਿਆ (ਦਫ਼ਾ 308) ਦਾ ਪਰਚਾ ਦਰਜ ਹੈ।

ਬੂਟਾ ਸਿੰਘ ਉਨ੍ਹਾਂ 70 ਕੁ ਵਿਦਿਆਰਥੀਆਂ ਵਿਚੋਂ ਇਕ ਹੈ (ਪੁਲਿਸ ਤੇ ਵਰਸਿਟੀ ਅਨੁਸਾਰ) ਜਿਨ੍ਹਾਂ ਨੇ ਪੁਲਿਸ ਵਾਲਿਆਂ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ। ਰਾਤ ਹਵਾਲਾਤ ਵਿਚ ਗੁਜ਼ਾਰ ਕੇ ਅਗਲੇ ਦਿਨ ਉਹ ਮੁਸ਼ਕਿਲ ਨਾਲ ਹੀ ਚਲ-ਫਿਰ ਸਕਦਾ ਸੀ।

ਬੂਟਾ ਸਿੰਘ ਨੂੰ ਥਾਣੇ ਲਿਜਾਣ ਦੀ ਬਜਾਏ ਇਕ ਹੋਰ ਵਿਦਿਆਰਥੀ ਸਮੇਤ ਅਲੱਗ ਕਰ ਕੇ ਕ੍ਰਾਈਮ ਬ੍ਰਾਂਚ ਵਿਚ ਲਿਜਾਇਆ ਗਿਆ। ਉਹਨੂੰ ਬੇਰਹਿਮੀ ਨਾਲ ਕੁੱਟਿਆ ਗਿਆ, ਤਿੰਨ ਡੰਡੇ ਟੁੱਟ ਗਏ। ਉਸ ਦੀ ਨੀਵੀਂ ਜਾਤ ਨੌਲ ਕੇ ਉਸ ਨੂੰ ਜ਼ਲੀਲ ਕੀਤਾ ਗਿਆ। ਇਹ ਸਭ ਕੁਝ ਹੁਣ ਅਦਾਲਤੀ ਕਾਰਵਾਈ ਦਾ ਹਿੱਸਾ ਹੈ।

ਮੁਲਜ਼ਿਮ ਕਰਾਰ ਦੇਣ ਤੋਂ ਪਹਿਲਾਂ ਉਹ 20-21 ਸਾਲ ਦੀ ਉਮਰੇ ਪੜ੍ਹਾਈ ਦਾ ਮੁੱਢਲਾ ਹੱਕ ਸਾਕਾਰ ਕਰਨ ਲਈ ਮੁਸ਼ੱਕਤ ਕਰਦਾ ਸੀ: ਕਦੇ ਬਹਿਰਾ ਬਣ ਕੇ, ਕਦੇ ਦਿਹਾੜੀ ਕਰ ਕੇ, ਕਦੇ ਅਖ਼ਬਾਰਾਂ ਵੰਡ ਕੇ, ਕਦੇ ਕਿਤਾਬਾਂ ਵੇਚ ਕੇ। ਆਪਣਾ ਹੱਕ ਉਹ ਜੀ-ਜਾਨ ਨਾਲ ਮੁਸ਼ੱਕਤ ਕਰ ਕੇ ਹਾਸਲ ਕਰ ਰਿਹਾ ਸੀ ਜਿਸ ਨੂੰ ਖੋਹਣ ਲਈ ਵਰਸਿਟੀ ਤੇ ਇਸ ਮੁਲਕ ਦਾ ਨਿਜ਼ਾਮ ਤਾਹੂ ਹਨ।

ਬੂਟਾ ਸਿੰਘ ਉਨ੍ਹਾਂ ਬੇਸ਼ੁਮਾਰ ਵਿਦਿਆਰਥੀਆਂ ਦਾ ਪ੍ਰਤੀਕ ਹੈ ਜੋ ਯੂਨੀਵਰਸਿਟੀਆਂ ਦੇ ਵਿਹੜਿਆਂ ਵਿਚ ਬਹੁਤ ਸਮਾਂ ਪਹਿਲਾਂ ਖ਼ਤਮ ਹੋ ਚੁੱਕਾ ਹੈ। ਬੂਟਾ ਸਿੰਘ ਵਰਗੇ ਵਿਦਿਆਰਥੀ, ਯੂਨੀਵਰਸਿਟੀ ਅੰਦਰ ਮਹਿੰਗੀਆਂ ਗੱਡੀਆਂ ਵਿਚ ਪੜ੍ਹਨ ਆਉਣ ਵਾਲਿਆਂ ਦੀ ਆਮਦ ਤੋਂ ਬਹੁਤ ਪਹਿਲਾਂ ਹੀ ਆਉਣੇ ਬੰਦ ਹੋ ਗਏ ਸਨ ਜਾਂ ਉਸ ਤੋਂ ਵੀ ਪਹਿਲਾਂ ਜਦੋਂ 'ਬਰੈਂਡ ਸੋਝੀ' ਛਾ ਗਈ। ਹੁਣ ਜਦੋਂ ਯੂਨੀਵਰਸਿਟੀ ਨੌਕਰੀ ਦੇ ਪੈਕੇਜਾਂ ਕਰ ਕੇ ਜਾਣੀਆਂ ਜਾਂਦੀਆਂ ਹਨ ਅਤੇ ਵੀ.ਸੀ. ਕੈਂਪਸ ਦੇ ਵਿਚ ਹੀ ਨੌਕਰੀਆਂ ਦੇਣ ਦੇ ਸਮਰੱਥ ਹੋਣ ਦੀਆਂ ਸ਼ੇਖ਼ੀਆਂ ਮਾਰਦੇ ਹਨ, ਇਹ ਅਧਿਕਾਰੀ ਉਸ ਗਿਆਨ ਦੀ ਗੱਲ ਕਦੇ ਨਹੀਂ ਕਰਦੇ ਜੋ ਯੂਨੀਵਰਸਿਟੀਆਂ ਦੇ ਰਹੀਆਂ ਹਨ। ਸੁਖ-ਸਹੂਲਤਵਾਦ ਦੀ ਮੁਹਾਰਨੀ ਰਟਣ ਦੇ ਸਰੂਰ ਵਿਚ ਉਨ੍ਹਾਂ ਨੇ ਭੁਲਾ ਦਿੱਤਾ ਹੈ ਕਿ "ਯੂਨੀਵਰਸਿਟੀਆਂ ਮਨੁੱਖਤਾ ਦੇ ਭਲੇ ਲਈ, ਸ਼ਹਿਣਸ਼ੀਲਤਾ ਲਈ, ਸੋਝੀ ਲਈ, ਨਵੇਂ ਤਰੀਕੇ ਈਜਾਦ ਕਰਨ ਲਈ ਅਤੇ ਸੱਚ ਦੀ ਭਾਲ ਕਰਨ ਲਈ ਹੁੰਦੀਆਂ ਹਨ। ਇਹ ਸੰਸਥਾਵਾਂ ਮਨੁੱਖ ਲਈ ਉਚੇ-ਸੁੱਚੇ ਆਦਰਸ਼ਾਂ ਦੇ ਮੁਕਾਮ 'ਤੇ ਪਹੁੰਚਣ ਦਾ ਪੈਂਡਾ ਹਨ। ਜੇ ਯੂਨੀਵਰਸਿਟੀਆਂ ਆਪਣਾ ਫਰਜ਼ ਸੁਚੱਜੇ ਤਰੀਕੇ ਨਾਲ ਨਿਭਾਉਂਦੀਆਂ ਹਨ, ਫਿਰ ਹੀ ਇਹ ਮੁਲਕ ਅਤੇ ਇਸ ਦੇ ਲੋਕਾਂ ਦੇ ਲਈ ਸ਼ੁਭ ਹਨ।"

ਬੂਟਾ ਸਿੰਘ ਦਾ ਸਵਾਲ ਹੈ: ਹੁਣ ਯੂਨੀਵਰਸਿਟੀਆਂ ਆਪਣੀ ਜ਼ਿੰਮੇਵਾਰੀ ਸੁਚੱਜੇ ਤਰੀਕੇ ਨਾਲ ਨਿਭਾ ਰਹੀਆਂ ਹਨ?

ਕੀ ਪੰਜਾਬ ਦੇ ਪਿਛੜੇ ਜ਼ਿਲ੍ਹੇ ਮਾਨਸਾ ਦੇ ਇਕ ਪਿੰਡ ਦੇ ਦਲਿਤ ਖੇਤ ਮਜ਼ਦੂਰ ਕੋਲ ਕੋਈ ਹੋਰ ਰਸਤਾ ਹੈ? ਉਸ ਦੇ ਪਿੰਡ ਖੀਵਾ ਦਿਆਲੂ ਵਾਲਾ ਤੋਂ ਉਸ ਦਾ ਬਚਪਨ ਦਾ ਆੜੀ ਹਰਭਜਨ ਦੱਸਦਾ ਹੈ ਕਿ ਉਸ ਨੂੰ ਸ਼ੁਰੂ ਤੋਂ ਹੀ ਪੜ੍ਹਨ ਦਾ ਬਹੁਤ ਸ਼ੌਕ ਸੀ। ਜਦੋਂ ਉਸ ਦੇ ਬਾਪ ਨੇ ਪਿੰਡ ਦੇ ਸਕੂਲ ਚੋਂ ਉਸ ਨੂੰ ਹਟਾਉਣਾ ਚਾਹਿਆ ਤਾਂ ਉਸ ਨੇ ਡਟ ਕੇ ਇਸ ਦਾ ਵਿਰੋਧ ਕੀਤਾ ਸੀ। ਐਸਾ ਕਰਨ ਦੀ ਥਾਂ ਉਸ ਨੇ ਗਰਮੀਆਂ ਦੀਆਂ ਛੁੱਟੀਆਂ ਵਿਚ ਅਤੇ ਸ਼ਨਿੱਚਰਵਾਰ-ਐਤਵਾਰ ਨੂੰ ਦਿਹਾੜੀ ਸ਼ੁਰੂ ਕਰ ਦਿੱਤੀ। ਆਖ਼ਰਕਾਰ ਉਸ ਨੂੰ ਹੱਠ ਛੱਡਣਾ ਪਿਆ, ਪੜ੍ਹਾਈ ਛੱਡ ਕੇ ਕੰਮ ਲੱਗਣ ਪਿਆ ਅਤੇ ਨੌਵੀਂ ਕਲਾਸ ਵਿਚਾਲੇ ਛੱਡਣੀ ਪਈ। ਉਹ ਹੁਣ ਆਪਣੇ ਪਿਤਾ ਨਾਲ ਮਿਲ ਕੇ ਜੁੱਤੀਆਂ ਬਣਾਉਣ ਦੇ ਕੰਮ ਵਿਚ ਜੁੱਟ ਗਿਆ ਅਤੇ ਬਾਅਦ ਵਿਚ ਦਿਹਾੜੀਦਾਰ ਬਣ ਗਿਆ। ਦੋ ਸਾਲ ਬਾਅਦ ਇਕ ਮਿੱਤਰ ਦੀ ਪ੍ਰੇਰਨਾ ਤੇ ਪੈਸੇ-ਧੇਲੇ ਦੀ ਮਦਦ ਨਾਲ ਉਸ ਨੇ ਮੁੜ ਸਕੂਲ ਦਾ ਮੂੰਹ ਦੇਖਿਆ।



ਕਿਸੇ ਨੇ ਉਸ ਨੂੰ ਚੰਡੀਗੜ੍ਹ ਜਾਣ ਦੀ ਸਲਾਹ ਦਿੱਤੀ ਜਿਥੇ ਉਸ ਨੂੰ ਕਮਾਉਣ ਤੇ ਪੜ੍ਹਨ ਦੇ ਮੌਕੇ ਮਿਲ ਸਕਣਗੇ। ਉਹ ਆਪਣੇ ਆੜੀਆਂ ਨੂੰ ਆਪਣੇ ਸੁਪਨਿਆਂ ਬਾਰੇ ਦੱਸਦਾ ਜੋ ਪਿੰਡ ਰਹਿ ਕੇ ਪੂਰੇ ਨਹੀਂ ਕੀਤੇ ਜਾ ਸਕੇ ਸਨ ਜਿਨ੍ਹਾਂ ਨੂੰ ਉਹ ਪੰਜਾਬ ਯੂਨੀਵਰਸਿਟੀ ਵਿਚ ਜਾ ਕੇ ਪੂਰੇ ਕਰ ਸਕੇਗਾ। ਇਹੋ ਸੁਪਨਾ ਸੀ ਜਿਸ ਨੇ ਉਸ ਨੂੰ ਮੰਗਲਵਾਰ ਨੂੰ ਕ੍ਰਾਈਮ ਬ੍ਰਾਂਚ ਵਿਚ ਪਹੁੰਚਾ ਦਿੱਤਾ। ਕੋਈ ਉਨ੍ਹਾਂ ਨੂੰ ਆਦੀ ਮੁਜ਼ਾਹਰਾਕਾਰੀ ਕਹਿ ਰਿਹਾ ਸੀ ਜਿਨ੍ਹਾਂ ਦਾ ਕੰਮ ਹੀ ਇਹ ਕੁਝ ਕਰਨਾ ਹੈ; ਕੋਈ ਅਮਨ ਵਿਚ ਖਲਲ ਵਾਲੇ ਖ਼ਰੂਦੀ ਅਤੇ ਵਾਈਸ ਚਾਂਸਲਰ ਅਨੁਸਾਰ ਉਹ ਮੁੱਠੀ ਭਰ ਫ਼ਸਾਦੀ ਹਨ। ਯੂਨੀਵਰਸਿਟੀ ਅਥਾਰਟੀਜ਼ ਅਤੇ ਪੁਲਿਸ ਨੇ ਪਹਿਲਾਂ ਉਨ੍ਹਾਂ ਦੇ ਸੰਘਰਸ਼ ਨੂੰ ਰਾਜ ਧ੍ਰੋਹ ਕਰਾਰ ਦਿੱਤਾ, ਫਿਰ ਆਪੇ ਹੀ ਥੁੱਕ ਕੇ ਚੱਟ ਲਿਆ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਕਿਸੇ ਨੇ ਇਹ ਪੁੱਛਣ ਦੀ ਜ਼ਹਿਮਤ ਨਹੀਂ ਉਠਾਈ ਕਿ ਬੂਟਾ ਸਿੰਘ ਜਲ-ਤੋਪਾਂ ਦੀਆਂ ਵਾਛੜਾਂ ਅੱਗੇ ਡਟਣ ਲਈ ਤਤਪਰ ਕਿਉਂ ਸੀ? ਉਹ ਪੁਲਿਸ ਦੀਆਂ ਲਾਠੀਆਂ ਤੋਂ ਭੈਅਭੀਤ ਕਿਉਂ ਨਹੀਂ ਹੋਇਆ? ਉਸ ਦੇ ਮਾੜਚੂ ਜਿਹੇ ਜੁੱਸੇ ਨੂੰ ਪੁਲਿਸ ਦੇ ਖ਼ੌਫ਼ਨਾਕ ਤਸੀਹੇ ਝੱਲਣ ਲਈ ਕਿਹੜੀ ਚੀਜ਼ ਨੇ ਬਲ ਬਖ਼ਸ਼ਿਆ?

ਕੀ ਉਸ ਕੋਲ ਕੋਈ ਹੋਰ ਰਸਤਾ ਸੀ? ਉਸ ਨੇ ਇਉਂ ਕੀਤਾ ਹੈ, ਪਰ ਬੂਟਾ ਸਿੰਘ ਸੰਘਰਸ਼ ਲਈ ਅੱਗੇ ਕਿਉਂ ਨਾ ਆਵੇ। ਉਸ ਨੂੰ ਅੱਗੇ ਆ ਕੇ ਹੱਕ ਜਤਾਉਣਾ ਹੀ ਚਾਹੀਦਾ ਹੈ, ਕਿਉਂਕਿ ਦੁਖਿਆਰੇ ਲੋਕਾਂ ਨੂੰ ਗਿਆਨ ਪ੍ਰਾਪਤੀ ਦਾ ਹੱਕ ਹੈ, ਉਸ ਨੂੰ ਡਟਣਾ ਹੀ ਚਾਹੀਦਾ ਹੈ, ਕਿਉਂਕਿ ਗ਼ਲਤ ਤੋਂ ਨਾਬਰੀ ਦਾ ਹੱਕ ਮਰਨਾ ਨਹੀਂ ਚਾਹੀਦਾ। ਇਹ ਜ਼ਰੂਰੀ ਹੈ ਕਿ ਬਗ਼ਾਵਤ ਦਾ ਖ਼ਾਬ ਜ਼ਿੰਦਾ ਰਹੇ। ਉਸ ਨੂੰ ਵਿਰੋਧ ਕਰਨਾ ਹੀ ਚਾਹੀਦਾ ਹੈ ਤਾਂ ਜੋ ਯੂਨੀਵਰਸਿਟੀਆਂ ਪਰਿੰਦਿਆਂ ਦੇ ਖੰਭ ਕੁਤਰਨ ਵਾਲਾ ਪਿੰਜਰਾ, ਪਲੇਸਮੈਂਟ ਕੇਂਦਰ (ਨੌਕਰੀਆਂ ਵੰਡਣ ਵਾਲਾ ਡਿਪੂ) ਅਤੇ ਤਨਖ਼ਾਹਾਂ ਤੇ ਭੱਤਿਆਂ ਦੀ ਸੌਦੇਬਾਜ਼ੀ ਦਾ ਅੱਡਾ ਬਣ ਕੇ ਨਾ ਰਹਿ ਜਾਣ। ਉਸ ਨੂੰ ਡਟਣਾ ਹੀ ਚਾਹੀਦਾ ਹੈ, ਕਿਉਂਕਿ ਸੰਘਰਸ਼ ਦਾ ਮੋਰਚਾ ਹੀ ਹੁਣ ਜ਼ਿੰਦਾ ਰਹਿਣ ਦਾ ਇਕੋ-ਇਕ ਰਸਤਾ ਹੈ।

-ਅਨੁਵਾਦ: ਬੂਟਾ ਸਿੰਘ

# ਪੰਜਾਬੀ ਪਛਾਣ ਦਾ ਸੰਕਟ

ਸਭਿਆਚਾਰ ਪਰਿਵਰਤਨਸ਼ੀਲ ਵਰਤਾਰਾ ਹੈ। ਇਸ ਦੀ ਰੂਪਾਂਤਰਣ ਪ੍ਰਕਿਰਿਆ ਦੇ ਕਾਰਨ ਅੰਦਰੂਨੀ ਵੀ ਹੁੰਦੇ ਹਨ ਅਤੇ ਬਾਹਰੀ ਵੀ। ਅੰਦਰੂਨੀ ਕਾਰਨਾਂ ਰਾਹੀਂ ਸਭਿਆਚਾਰ ਦਾ ਪਰਿਵਰਤਨ ਸਹਿਜ ਰੂਪ ਵਿਚ ਹੁੰਦਾ ਹੈ, ਪਰ ਬਾਹਰੀ ਕਾਰਨਾਂ ਕਰ ਕੇ ਇਹ ਪਰਿਵਰਤਨ ਕਈ ਵਾਰ ਇੰਨੀ ਤੇਜ਼ੀ ਨਾਲ ਹੁੰਦਾ ਹੈ ਕਿ ਲਘੂ ਸਭਿਆਚਾਰਕ ਇਕਾਈ ਪਤਨ ਦੀ ਪ੍ਰਕਿਰਿਆ ਵਿਚ ਪੈ ਜਾਂਦੀ ਹੈ। ਅਜਿਹਾ ਵਾਪਰ ਜਾਣ ਦੀ ਸਥਿਤੀ ਵਿਚ ਉਸ ਸਭਿਆਚਾਰਕ ਇਕਾਈ ਦੇ ਮੈਂਬਰਾਂ ਦੀ ਪਛਾਣ ਦਾ ਸੰਕਟ ਪੈਦਾ ਹੋ ਜਾਂਦਾ ਹੈ। ਮਨੁੱਖੀ ਪਛਾਣ ਨਾ ਤਾਂ ਪੂਰੀ ਤਰ੍ਹਾਂ ਨਿਸ਼ਚਿਤ ਜਾਂ ਸਥਿਰ ਹੁੰਦੀ ਹੈ ਅਤੇ ਨਾ ਹੀ ਇੰਨੀ ਲਚਕਦਾਰ ਹੁੰਦੀ ਹੈ ਕਿ ਪੂਰੀ ਤਰ੍ਹਾਂ ਬਦਲ ਜਾਵੇ। ਇਸ ਦੇ ਕੁਝ ਤੱਤ ਵੱਧ ਤੇਜ਼ੀ ਨਾਲ ਬਦਲਦੇ ਹਨ ਅਤੇ ਕੁਝ ਬਹੁਤ ਲੰਮਾ



**ਬਲਦੇਵ ਸਿੰਘ ਧਾਲੀਵਾਲ**
ਫੋਨ: +91-98728-34835

ਸਮਾਂ ਆਪਣੀ ਪਰੰਪਰਿਕ ਹੋਂਦ ਬਣਾਈ ਰੱਖਦੇ ਹਨ। ਇਸੇ ਲਈ ਪਛਾਣ ਦਾ ਸੰਕਟ ਸਮੱਸਿਆਮੂਲਕ ਹੁੰਦਾ ਹੈ ਅਤੇ ਸਭਿਆਚਾਰ ਦੇ ਪ੍ਰਸੰਗ ਵਿਚ ਮਨੁੱਖ ਨਿਰੰਤਰ ਲੈਣ-ਦੇਣ ਦੀ ਪ੍ਰਕਿਰਿਆ ਵਿਚ ਪਿਆ ਰਹਿੰਦਾ ਹੈ। ਲਘੂ ਸਭਿਆਚਾਰਕ ਇਕਾਈ ਦੇ ਮੈਂਬਰ ਪਹਿਲਾਂ ਮਿਸ਼ਰਤ ਪਛਾਣ ਦੇ ਧਾਰਨੀ ਬਣਦੇ ਹਨ ਅਤੇ ਫਿਰ ਹੌਲੀ-ਹੌਲੀ ਉਨ੍ਹਾਂ ਦੀ ਸ਼ਖਸੀਅਤ ਵਿਚ ਭਾਰੂ ਸਭਿਆਚਾਰ ਦੇ ਤੱਤਾਂ ਦਾ ਦਖ਼ਲ ਇਸ ਕਦਰ ਵਧ ਜਾਂਦਾ ਹੈ ਕਿ ਉਨ੍ਹਾਂ ਦੀ ਮੂਲ ਪਛਾਣ ਬੇਪਛਾਣ ਹੋਣੀ ਸ਼ੁਰੂ ਹੋ ਜਾਂਦੀ ਹੈ। ਜੇ ਇਹ ਵਰਤਾਰਾ ਨਿਰੰਤਰ ਜਾਰੀ ਰਹੇ ਤਾਂ ਆਪਣੇ ਮੂਲ ਸਭਿਆਚਾਰ ਤੋਂ ਵਿਰਵਾ ਹੋ ਰਿਹਾ ਬੰਦਾ ਖਾਸ ਸਥਿਤੀ ਵਿਚ ਪਹੁੰਚ ਕੇ ਭਾਵ ਰਹਿਤ ਅਤੇ ਮਕੈਨਕੀ ਜੀਵਨ ਜਾਚ ਦਾ ਧਾਰਨੀ ਬਣ ਜਾਂਦਾ ਹੈ। ਆਪਣੇ ਸਿਮਰਤੀ ਸੰਸਾਰ ਤੋਂ ਵਿਛੁੰਨ ਕੇ ਉਸ ਵਿਅਕਤੀ ਦੀ ਹੋਂਦ ਸਿਰਜਣਾ-ਵਿਹੂਣੇ ਰੋਬੋਟੀ ਵਜੂਦ ਵਿਚ ਢਲ ਜਾਂਦੀ ਹੈ। ਇਸੇ ਲਈ ਮਨੁੱਖ ਦੇ ਆਪਣੇ ਸਭਿਆਚਾਰ-ਵਿਸ਼ੇਸ਼ ਵਿਚ ਜੀਣ-ਥੀਣ ਦਾ ਮਸਲਾ ਅਜੋਕੇ ਸੰਸਾਰ ਵਿਚ ਬਹੁਤ ਅਹਿਮ ਬਣ ਚੁੱਕਿਆ ਹੈ। ਸਭਿਆਚਾਰਕ ਰੂਪਾਂਤਰਣ ਦੇ ਵਿਸ਼ੇਸ਼ ਪ੍ਰਸੰਗ ਵਿਚ ਬਦਲਦੀ ਮਨੁੱਖੀ ਪਛਾਣ ਦੇ ਸੰਕਟ ਦਾ ਅਧਿਐਨ ਕਰਨ ਵਾਲੀ ਚਿੰਤਨ ਪ੍ਰਣਾਲੀ ਨੂੰ ਬਹੁ-ਸਭਿਆਚਾਰਵਾਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਦੁਨੀਆਂ ਵਿਚ ਸਭਿਆਚਾਰਕ ਵੰਨ-ਸੁਵੰਨਤਾ ਦਾ ਅਮਲ ਤਾਂ ਬਹੁਤ ਪੁਰਾਣਾ ਹੈ, ਇਸ ਲਈ ਕਿਸੇ ਸਮਾਜਿਕ ਸਮੂਹ ਦੀ ਸਭਿਆਚਾਰਕ ਸ਼ੁੱਧਤਾ ਤਾਂ ਉਸ ਦੇ ਕਬਾਇਲੀ ਦੌਰ ਵਿਚ ਹੀ ਖਤਮ ਹੋ ਜਾਂਦੀ ਹੈ। ਇਸ ਕਰ ਕੇ ਸਭਿਆਚਾਰਕ ਮਿਸ਼ਰਣ ਅਤੇ ਸਭਿਆਚਾਰਕ ਦਰਜੇਬੰਦੀ ਦੇ ਉਦਾਹਰਣ ਸਾਨੂੰ ਪੁਰਾਣੇ ਸਮਾਜਾਂ ਵਿਚ ਵੀ ਮਿਲ ਜਾਂਦੇ ਹਨ। ਭਾਰਤ ਵਿਚ ਜਾਤ-ਪਾਤ ਪ੍ਰਣਾਲੀ ਅਧੀਨ ਸਮਾਜ ਦੀ ਸਭਿਆਚਾਰਕ ਧੜੇਬੰਦੀ ਇਸ ਦੀ ਪ੍ਰਤੱਖ ਮਿਸਾਲ ਕਹੀ ਜਾ ਸਕਦੀ ਹੈ, ਪਰ ਮੱਧਕਾਲੀ ਯੁੱਗ-ਚੇਤਨਾ ਦੇ ਪ੍ਰਭਾਵ ਅਧੀਨ ਇਸ ਦਰਜੇਬੰਦੀ ਨੂੰ ਧਾਰਮਿਕ ਮਾਨਤਾ ਮਿਲੀ ਹੋਣ ਕਾਰਨ ਭਾਰੂ ਧਿਰ ਦੀਆਂ ਵਧੀਕੀਆਂ ਦੇ ਬਾਵਜੂਦ ਵੰਨ-ਸੁਵੰਨੀਆਂ ਸਭਿਆਚਾਰਕ ਇਕਾਈਆਂ ਵਿਚ ਸਹਿਹੋਂਦ ਦਾ ਰਿਸ਼ਤਾ ਬਣਿਆ ਰਹਿੰਦਾ ਸੀ। ਆਧੁਨਿਕ ਯੁੱਗ-ਦ੍ਰਿਸ਼ਟੀ ਅਨੁਕੂਲ ਲੋਕਰਾਜੀ ਰਾਜਸੀ ਚੇਤਨਾ ਦੇ ਵਿਕਸਤ ਹੋਣ ਕਰ ਕੇ ਹੋਰ ਖੇਤਰਾਂ ਵਾਂਗ ਸਭਿਆਚਾਰ ਦੇ ਖੇਤਰ ਵਿਚ ਵੀ ਬਰਾਬਰੀ ਦਾ ਮੁੱਦਾ ਅਹਿਮ ਬਣ ਗਿਆ ਹੈ ਅਤੇ ਸ਼ੋਸ਼ਣਮੂਲਕ ਦਰਜੇਬੰਦੀ ਪ੍ਰਤੀ ਰੋਸਮਈ ਆਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਇਸੇ ਪ੍ਰਤੀਰੋਧ ਨੇ ਬਹੁ-ਸਭਿਆਚਾਰਵਾਦ ਦੀ ਅਧਿਐਨ ਪ੍ਰਣਾਲੀ ਨੂੰ ਵਿਚਾਰਧਾਰਕ ਸਾਰਥਿਕਤਾ ਦਿੱਤੀ ਹੈ। ਬਹੁ-ਸਭਿਆਚਾਰਵਾਦ ਦਾ ਘਣਾ ਸਬੰਧ ਬਰਾਬਰੀ ਦੇ ਮੁੱਦੇ ਨਾਲ ਹੈ। ਇਹ ਪ੍ਰਸ਼ਨ ਇਸ ਨੇ ਮੁੱਖ ਰੂਪ ਵਿਚ ਉਠਾਇਆ ਹੈ ਕਿ ਵੰਨ-ਸੁਵੰਨੀਆਂ ਸਭਿਆਚਾਰਕ ਇਕਾਈਆਂ ਕਿਸੇ ਸਮਾਜ ਵਿਚ ਮਹਿਜ਼ ਸਹਿਹੋਂਦ ਦੇ ਰਿਸ਼ਤੇ ਵਿਚ ਬੱਝੀਆਂ ਇਕੱਠੀਆਂ ਰਹਿ ਰਹੀਆਂ ਹਨ ਜਾਂ ਜਨਤਕ ਥਾਵਾਂ ਤੇ ਭਾਗੀਦਾਰੀ ਵਿਚ ਉਨ੍ਹਾਂ ਨੂੰ ਬਰਾਬਰੀ ਅਤੇ ਭਾਈਵਾਲੀ ਦਾ ਅਹਿਸਾਸ ਵੀ ਹੁੰਦਾ ਹੈ?

ਕਹਿ ਸਕਦੇ ਹਾਂ ਕਿ ਬਹੁ-ਸਭਿਆਚਾਰਵਾਦ ਦੀ ਮਾਨਵ ਪੱਖੀ ਦ੍ਰਿਸ਼ਟੀ ਨੇ ਦਿਖਦੀ ਸਾਂਝ ਦੀ ਥਾਂ ਅਸਲੀ ਸਭਿਆਚਾਰਕ ਸਾਂਝ ਉਤੇ ਵਧੇਰੇ ਬਲ ਦਿੱਤਾ ਹੈ। ਵੀਹਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਉਤਰ-ਆਧੁਨਿਕਵਾਦ ਨੇ ਮਹਾਂਬਿਰਤਾਂਤਾਂ ਦੀ ਥਾਂ ਲਘੂ ਬਿਰਤਾਂਤਾਂ ਦੀ ਵਕਾਲਤ ਦਾ ਜੋ ਬੀੜਾ ਚੁੱਕਿਆ ਸੀ, ਉਸ ਨੇ ਬਹੁ-ਸਭਿਆਚਾਰਵਾਦ ਨੂੰ ਲੋਕ ਪੱਖੀ ਮਾਨਵੀ ਚਿਹਰਾ ਦੇਣ ਵਿਚ ਵੱਡੀ ਭੂਮਿਕਾ ਨਿਭਾਈ ਹੈ, ਪਰ ਇਸ ਨਾਲ ਸਭਿਆਚਾਰਕ ਰਲਾਅ ਅਤੇ ਵੱਖਰੇਵੇਂ ਦੀ ਰਾਜਨੀਤੀ ਵਾਲਾ ਪੱਖ ਵੀ ਉਭਰ ਕੇ ਸਾਹਮਣੇ ਆਇਆ ਹੈ। ਮਿਸਾਲ ਵਜੋਂ ਵਿਸ਼ਵ ਵਿਚ ਸਮਾਜਵਾਦੀ ਬਲਾਕ ਦੇ ਪਤਨ ਤੋਂ ਬਾਅਦ ਵਿਸ਼ਵੀਕਰਨ ਦੇ ਸੰਕਲਪ ਅਧੀਨ ਜੋ ਪੱਛਮੀ ਸਭਿਆਚਾਰ ਅਤੇ ਨਵ-ਬਸਤੀਵਾਦੀ ਨੀਤੀਆਂ ਦੀ ਚੜ੍ਹਤ ਵੇਖਣ ਨੂੰ ਮਿਲੀ ਹੈ, ਉਸ ਨੇ ਖੇਤਰੀ ਸਭਿਆਚਾਰਕ ਪਛਾਣਾਂ ਨੂੰ ਹਾਸ਼ੀਏ ਉਤੇ ਧੱਕਣਾ ਸ਼ੁਰੂ ਕਰ ਦਿੱਤਾ ਹੈ। ਸਿੱਟੇ ਵਜੋਂ ਲਘੂ ਸਭਿਆਚਾਰਕ ਇਕਾਈਆਂ ਦੇ ਮੈਂਬਰਾਂ ਦੀਆਂ ਤ੍ਰੇੜੀਆਂ ਪਛਾਣਾਂ ਉਨ੍ਹਾਂ ਦੇ ਸ਼ਖਸੀ ਵਿਕਾਸ ਲਈ ਮਸਲਾ ਬਣਨ ਲੱਗ ਪਈਆਂ ਹਨ। ਬਹੁ-ਸਭਿਆਚਾਰਵਾਦ ਨੇ ਸਭਿਆਚਾਰ ਦੀ ਅਜਿਹੀ ਰਾਜਨੀਤੀ ਨੂੰ ਸਮਝਣ ਲਈ ਵੀ ਨਵੀਆਂ ਅੰਤਰ-ਦ੍ਰਿਸ਼ਟੀਆਂ ਦਿੱਤੀਆਂ ਹਨ, ਪਰ ਦੂਜੇ ਪਾਸੇ ਬਹੁ-ਸਭਿਆਚਾਰਵਾਦ ਨੇ ਲਘੂ ਸਭਿਆਚਾਰਾਂ ਦੀਆਂ ਮੂਲਵਾਦੀ ਅਤੇ ਰੂੜ੍ਹੀਵਾਦੀ ਕਦਰਾਂ-ਕੀਮਤਾਂ ਨੂੰ ਪੁਨਰ-ਸੁਰਜੀਤ ਕਰਨ ਦੇ ਹਠ ਨੂੰ ਭਲੀ-ਭਾਂਤ ਪਛਾਣਨ ਦਾ ਯਤਨ ਕੀਤਾ ਹੈ। ਲਘੂ-ਸਭਿਆਚਾਰ ਨੂੰ ਬਚਾਉਣ ਦੇ ਨਾਂ ਉਤੇ ਕਈ ਵਾਰ ਅਜਿਹੀਆਂ ਰੀਤਾਂ-ਰਸਮਾਂ ਨੂੰ ਜਾਰੀ ਰੱਖਣ ਦੀ ਮੰਗ ਕੀਤੀ ਜਾਂਦੀ ਹੈ ਜਿਹੜੀਆਂ ਮਨੁੱਖ ਵਿਰੋਧੀ ਸਰੂਪ ਵਾਲੀਆਂ ਹੁੰਦੀਆਂ ਹਨ। ਬਹੁ-ਸਭਿਆਚਾਰਵਾਦ ਨੇ ਭਾਰੂ ਅਤੇ ਅਧੀਨ ਦੋਵੇਂ ਤਰ੍ਹਾਂ ਦੀਆਂ ਸਭਿਆਚਾਰਕ ਇਕਾਈਆਂ ਦੀ ਰਾਜਨੀਤੀ ਨੂੰ ਹਰ ਕੋਣ ਤੋਂ ਖੜ੍ਹ ਕੇ ਵੇਖਣ ਦਾ ਯਤਨ ਕੀਤਾ ਹੈ।

ਪੰਜਾਬੀ ਸਭਿਆਚਾਰ ਹੁਣ ਕੋਈ ਇਕਮੁੱਠ ਇਕਾਈ ਨਹੀਂ। ਭਾਰਤੀ, ਪਾਕਿਸਤਾਨੀ ਅਤੇ ਪਰਵਾਸੀ ਇਸ ਦੀਆਂ ਮੁੱਖ ਇਕਾਈਆਂ ਹਨ। ਇਨ੍ਹਾਂ ਨੂੰ ਪੰਜਾਬੀਅਤ ਦੀ ਸਾਂਝੀ ਤੰਦ ਆਪਸ ਵਿਚ ਜੋੜਦੀ ਹੈ, ਪਰ ਇਨ੍ਹਾਂ ਦੀ ਬਣਤਰ ਅਤੇ ਬੁਣਤਰ ਵਿਚ ਗੌਲਣਯੋਗ ਵਖਰੇਵੇਂ ਵੀ ਹਨ ਅਤੇ ਕਿਤੇ-ਕਿਤੇ ਤਾਂ ਟਕਰਾਵੇਂ ਅੰਤਰ-ਵਿਰੋਧ ਹਨ, ਜਿਵੇਂ ਵਿਆਹ-ਪ੍ਰਬੰਧ, ਖਾਣ-ਪੀਣ, ਧਰਮ ਅਤੇ ਲਿੱਪੀਆਂ ਦੇ ਮਾਮਲੇ ਵਿਚ ਦੇਖਣ ਨੂੰ ਮਿਲਦਾ ਹੈ। ਇਸ ਲਈ ਇਨ੍ਹਾਂ ਵੱਖ ਵੱਖ ਇਕਾਈਆਂ ਦੇ ਵੱਖ ਵੱਖ ਪਾਸਾਰਾਂ ਨੂੰ ਵੀ ਧਿਆਨ ਵਿਚ ਰੱਖਣਾ ਪਵੇਗਾ।

ਪਾਕਿਸਤਾਨੀ ਪੰਜਾਬੀ ਬੰਦਾ ਅਨੇਕਾਂ ਧਾਰਮਿਕ ਅਤੇ ਰਾਜਸੀ ਦਬਾਵਾਂ ਕਾਰਨ ਆਪਣੀ ਮੂਲ ਸਭਿਆਚਾਰਕ ਪਛਾਣ ਨਾਲ ਜੀਅ ਸਕਣ ਦੇ ਗੌਰਵ ਤੋਂ ਸੱਖਣਾ ਹੈ। ਪਾਕਿਸਤਾਨੀ ਨੇਸ਼ਨ ਸਟੇਟ ਦੀਆਂ ਆਪਣੀਆਂ ਰਾਜਸੀ ਤਰਜੀਹਾਂ ਹਨ। ਸਿੱਟੇ ਵਜੋਂ ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਨੂੰ ਸਰਕਾਰੇ-ਦਰਬਾਰੇ ਕੇਂਦਰੀ ਸਥਾਨ ਹਾਸਲ ਹੈ ਅਤੇ ਪੰਜਾਬੀ ਦੀ ਸਥਿਤੀ ਹਾਸ਼ੀਏ ਵਾਲੀ ਹੈ। ਦੋ ਵਕਾਰੀ ਭਾਸ਼ਾਵਾਂ ਦੇ ਗੱਠਜੋੜ ਨੂੰ ਮਿਲੀ ਸਰਕਾਰੀ ਸਰਪ੍ਰਸਤੀ ਨੇ ਪੰਜਾਬੀਆਂ ਦੀ ਮਾਤ-ਭਾਸ਼ਾ ਪੰਜਾਬੀ ਦੀ ਹਾਲਤ ਖਸਤਾਹਾਲ ਕਰ ਛੱਡੀ ਹੈ। ਉਰਦੂ ਦੀ ਸਰਕਾਰੀ ਖੇਤਰ ਵਿਚ ਅਤੇ ਅੰਗਰੇਜ਼ੀ ਦੀ ਉਤਲੇ ਅਫ਼ਸਰਸ਼ਾਹ ਵਰਗ ਵਿਚ ਮਾਨਤਾ ਨੇ ਪੰਜਾਬੀ ਨੂੰ ਦੋਹਰੀ ਮਾਰ ਮਾਰੀ ਹੈ। ਇਸਲਾਮ ਧਰਮ ਇਕ ਪਾਸੇ ਮੁਸਲਮਾਨਾਂ ਨੂੰ ਹਿੰਦੂ ਅਤੇ ਸਿੱਖ ਭਾਈਚਾਰਿਆਂ ਤੋਂ ਅਲੱਗ ਕਰਦਾ ਹੈ, ਦੂਜੇ ਪਾਸੇ ਬਹੁ-ਗਿਣਤੀ ਪਾਕਿਸਤਾਨੀ ਪੰਜਾਬੀਆਂ ਨੂੰ ਸਾਂਝੇ ਸੂਤਰ ਵਿਚ ਬੰਨ੍ਹਦਾ ਹੈ ਭਾਵੇਂ ਭਾਸ਼ਾ, ਆਰਥਿਕਤਾ ਅਤੇ ਰਾਜਸੀ ਸ਼ਕਤੀ ਉਨ੍ਹਾਂ ਨੂੰ ਉਚੇ-ਨੀਵੇਂ ਦੀ ਦਰਜੇਬੰਦੀ ਦੇ ਚੌਖਟੇ ਵਿਚ ਨੂੜ ਦਿੰਦੀ ਹੈ। ਸਿੱਟੇ ਵਜੋਂ ਉਹ ਦੋ ਸਭਿਆਚਾਰਾਂ ਵਰਗੇ ਟਕਰਾਵੇਂ ਸਬੰਧਾਂ ਵਿਚ ਬੱਝ ਗਏ ਹਨ। ਆਪਣੇ ਮੂਲ ਸਭਿਆਚਾਰ ਅਤੇ ਭਾਸ਼ਾ ਨੂੰ ਬਣਦਾ ਸਥਾਨ ਦੁਆਉਣ ਲਈ ਜੱਦੋ-ਜਹਿਦ ਕਰਨ ਵਾਲੇ ਪੰਜਾਬੀਆਂ ਨੂੰ ਭਾਰਤ-ਪੱਖੀ ਅਤੇ ਦੇਸ਼-ਧ੍ਰੋਹੀ ਵਰਗੇ ਸ਼ਬਦਾਂ ਨਾਲ ਨਵਾਜਿਆ ਜਾਂਦਾ ਹੈ। ਇਸ ਲਈ ਉਨ੍ਹਾਂ ਨੂੰ ਆਪਣੀਆਂ ਕੁਦਰਤੀ ਅਤੇ ਜਾਇਜ਼



ਭਾਵਨਾਵਾਂ ਦਾ ਪ੍ਰਗਟਾਵਾ ਵੀ ਬੜੇ ਸੰਕੋਚ ਅਤੇ ਚੇਤੰਨਤਾ ਨਾਲ ਕਰਨਾ ਪੈਂਦਾ ਹੈ।

ਪਾਕਿਸਤਾਨ ਵਿਚ ਪੰਜਾਬੀ ਆਰਥਿਕ-ਰਾਜਸੀ ਤੌਰ 'ਤੇ ਖੁਸ਼ਹਾਲ ਤੇ ਸੱਤਾਵਾਨ ਮੰਨੇ ਜਾਂਦੇ ਹਨ, ਪਰ ਭਾਵਨਾਤਮਕ ਤੌਰ 'ਤੇ ਉਹ ਸਭਿਆਚਾਰਕ ਵਿਗੋਚੇ ਦਾ ਅਹਿਸਾਸ ਭੋਗਦੇ ਹਨ। ਆਪਣੀ ਭਾਸ਼ਾ ਗੁਆਚਣ ਨਾਲ ਉਨ੍ਹਾਂ ਦੀਆਂ ਸਭਿਆਚਾਰਕ ਸਿਮਰਤੀਆਂ ਦਾ ਖ਼ਜ਼ਾਨਾ ਗੁਆਚਣ ਲੱਗ ਪਿਆ ਹੈ ਅਤੇ ਉਹ ਸਭਿਆਚਾਰਕ ਅਹਿਸਾਸ-ਏ-ਕਮਤਰੀ ਦਾ ਸ਼ਿਕਾਰ ਬਣਨ ਲੱਗ ਪਏ ਹਨ। ਪਾਕਿਸਤਾਨ ਵਿਚ ਇਸਲਾਮ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਇਸ ਲਈ ਉਥੇ ਧਾਰਮਿਕ ਘੱਟ ਗਿਣਤੀਆਂ ਵਾਲੇ ਫਿਰਕੇ- ਈਸਾਈ, ਹਿੰਦੂ, ਸਿੱਖ ਆਦਿ, ਆਪਣੇ ਸਭਿਆਚਾਰਕ ਗੌਰਵ ਨਾਲ ਜਿਉਂ ਸਕਣ ਵਿਚ ਔਖ ਮਹਿਸੂਸ ਕਰਦੇ ਹਨ।

ਬਹੁ-ਸਭਿਆਚਾਰਵਾਦ ਦੇ ਪ੍ਰਸੰਗ ਵਿਚ ਪਰਵਾਸੀ ਪੰਜਾਬੀਆਂ ਦੀ ਪਛਾਣ ਦਾ ਸੰਕਟ ਇਸ ਕਦਰ ਗਹਿਰਾ ਹੈ ਕਿ ਸਥਿਤੀ ਉਲਟੀ ਗਿਣਤੀ ਦੇ ਸ਼ੁਰੂ ਹੋਣ ਵਾਲੀ ਬਣ ਚੁੱਕੀ ਹੈ। ਪੱਛਮੀ ਸਭਿਆਚਾਰ ਦੇ ਨਵ-ਬਸਤੀਵਾਦੀ ਦਬਾਵਾਂ ਅਧੀਨ ਪੰਜਾਬੀ ਸਭਿਆਚਾਰ ਦੇ ਆਪਣਾ ਵਿਲੱਖਣ ਮੁਹਾਂਦਰਾ ਬਣਾਈ ਰੱਖਣ ਦਾ ਅਮਲ ਬਹੁਤ ਥੋੜ੍ਹ-ਚਿਰਾ ਪ੍ਰਤੀਤ ਹੁੰਦਾ ਹੈ। ਪੱਛਮੀ ਸਮਾਜ ਵਿਚ ਪੰਜਾਬੀ ਭਾਵੇਂ ਆਰਥਿਕ ਅਤੇ ਰਾਜਸੀ ਖੇਤਰ ਵਿਚ ਆਪਣੀ ਨਿੱਗਰ ਪਛਾਣ ਬਣਾ ਚੁੱਕੇ ਹਨ, ਪਰ ਸਭਿਆਚਾਰ ਦੇ ਪੱਖੋਂ ਉਨ੍ਹਾਂ ਦਾ ਝੁਕਾਅ ਮੁੱਖ ਧਾਰਾ ਵਿਚ ਵਿਲੀਨੀਕਰਨ ਦੀ ਚਾਹਤ ਵਾਲਾ ਵਧੇਰੇ ਹੈ। ਨਵੀਂ ਪੀੜ੍ਹੀ ਦੇ ਪ੍ਰਸੰਗ ਵਿਚ ਤਾਂ ਇਹ ਧਾਰਨਾ ਹੋਰ ਵੀ ਪੱਕੀ ਹੈ। ਬਸਤੀਵਾਦ ਵਾਲੀ ਮਾਨਸਿਕਤਾ ਬਾਰੇ ਸਾਧਾਰਨ ਰੂਪ ਵਿਚ ਕੀਤੀ ਅਮਰਤਿਆ ਸੇਨ ਦੀ ਇਹ ਟਿੱਪਣੀ ਪੰਜਾਬੀ ਪਰਵਾਸੀਆਂ ਉਤੇ ਵੀ ਢੁਕਦੀ ਹੈ ਕਿ "ਪੱਛਮੀ ਸਭਿਆਚਾਰ ਪ੍ਰਤੀ ਉਨ੍ਹਾਂ ਦੀ ਖਿਚ ਅਤੇ ਵਿੱਥ ਬਰਾਬਰ ਨਜ਼ਰ ਆਉਂਦੀ ਹੈ।"

ਪਰਵਾਸੀ ਪੰਜਾਬੀ ਭਾਵੇਂ ਆਪਣੀ ਵਿਲੱਖਣ ਸਭਿਆਚਾਰਕ ਪਛਾਣ ਬਣਾਈ ਰੱਖਣ ਪ੍ਰਤੀ ਬਹੁਤ ਸ਼ਿੱਦਤ ਭਰੀ ਚਾਹਤ ਨਾਲ ਯਤਨਸ਼ੀਲ ਨਹੀਂ ਦਿਖਾਈ ਦਿੰਦੇ, ਫਿਰ ਵੀ ਪੱਛਮੀ ਸਮਾਜ-ਸਭਿਆਚਾਰ ਵਿਚ ਉਨ੍ਹਾਂ ਦਾ ਵਿਲੀਨੀਕਰਨ ਕੋਈ ਸਹਿਜ ਕਾਰਜ ਨਹੀਂ। ਅਜਿਹਾ ਇਸ ਲਈ ਹੈ, ਕਿਉਂਕਿ ਮੇਜ਼ਬਾਨ ਗੋਰਾ ਸਮਾਜ ਪੰਜਾਬੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਤਿਆਰ ਨਹੀਂ, ਭਾਵੇਂ ਕਿੰਨੇ ਵੀ ਕਾਨੂੰਨੀ ਜਾਂ ਮਾਨਵੀ ਦਾਅਵੇ ਕੀਤੇ ਜਾਣ। ਇਹ ਗੁੱਝਾ ਨਸਲੀ ਤ੍ਰਿਸਕਾਰ ਹੀ ਪੰਜਾਬੀ ਅਵਚੇਤਨ ਵਿਚ ਰੋਹਮਈ ਭਾਵਾਂ ਦੇ ਰੂਪ ਵਿਚ ਜਮ੍ਹਾਂ ਹੁੰਦਾ ਰਹਿੰਦਾ ਹੈ। ਅਜਿਹਾ ਸਭਿਆਚਾਰਕ ਅਵਚੇਤਨ ਪਰਵਾਸੀ ਪੰਜਾਬੀਆਂ ਨੂੰ ਸੱਤਾਵਾਨ ਗੋਰੇ ਸਮਾਜ ਦੀ ਥਾਂ ਆਦਿ-ਵਾਸੀ ਬਸ਼ਿੰਦਿਆਂ ਦਾ ਹਮਦਰਦ ਬਣਾਉਂਦਾ ਹੈ।

ਅਜੋਕਾ ਭਾਰਤੀ ਪੰਜਾਬੀ ਸਮਾਜ ਚਾਹੇ-ਅਣਚਾਹੇ ਬਹੁਤ ਤੇਜ਼ੀ ਨਾਲ ਵਿਸ਼ਵ ਮੰਡੀ ਦੀ ਗ੍ਰਿਫ਼ਤ ਵਿਚ ਆ ਰਿਹਾ ਹੈ ਅਤੇ ਉਸ ਦਾ ਨਾਤਾ ਉਸੇ ਗਤੀ ਨਾਲ ਆਪਣੀ ਧਰਤੀ ਅਤੇ ਸਭਿਆਚਾਰ ਨਾਲੋਂ ਟੁੱਟ ਰਿਹਾ ਹੈ। ਪੁਨਰ-ਗਠਿਤ ਪੰਜਾਬ ਵਿਚ ਹਰੇ ਇਨਕਲਾਬ ਤੋਂ ਬਾਅਦ ਇਕ ਪਾਸੇ ਧਨੀ ਕਿਸਾਨੀ ਜੱਟ ਸਿੱਖ ਸਭਿਆਚਾਰ ਦੀ ਪ੍ਰਤੀਨਿਧ ਬਣ ਕੇ ਸਥਾਪਿਤ ਹੁੰਦੀ ਹੈ; ਦੂਜੇ ਪਾਸੇ ਨਿਮਨ ਕਿਸਾਨੀ, ਦਸਤਕਾਰੀ ਵਰਗ ਅਤੇ ਦਲਿਤ ਸ਼੍ਰੇਣੀ ਹਾਸ਼ੀਏ 'ਤੇ ਜਾਣ ਲਗਦੀ ਹੈ। ਸਿੱਟੇ ਵਜੋਂ ਹਾਸ਼ੀਏ 'ਤੇ ਗਿਆ ਇਹ ਵਰਗ ਮੁੱਖ ਧਾਰਾ ਤੋਂ ਵਿੱਥ ਥਾਪ ਕੇ ਆਪਣੀ ਨਵੀਂ ਧਾਰਮਿਕ ਪਛਾਣ ਬਣਾਉਣ ਵੱਲ ਅਹੁਲਦੇ ਹਨ।

ਪੰਜਾਬ ਦੇ ਦਲਿਤ ਵਰਗਾਂ, ਔਰਤਾਂ ਤੇ ਨੌਜਵਾਨ ਪੀੜ੍ਹੀ ਵਿਚ ਪੱਛਮੀ ਮੁਲਕਾਂ ਦੇ ਪਰਵਾਸ ਪ੍ਰਤੀ ਖਿੱਚ ਦਾ ਵੱਡਾ ਕਾਰਨ ਇਹ ਵੀ ਹੈ ਕਿ ਉਥੇ ਉਨ੍ਹਾਂ ਨੂੰ ਭਾਰਤ ਦੇ ਜਾਤ-ਪਾਤੀ ਤੇ ਜਗੀਰੂ ਸੋਚ ਵਾਲੇ ਮਾਹੌਲ ਤੋਂ ਕਿਸੇ ਹੱਦ ਤੱਕ ਮੁਕਤੀ ਮਿਲਦੀ ਹੈ ਅਤੇ ਬਰਾਬਰੀ ਵਾਲੀ ਸਭਿਆਚਾਰਕ ਸਪੇਸ ਵਿਚ ਜੀਣ-ਥੀਣ ਦੇ ਮੌਕੇ ਪ੍ਰਾਪਤ ਹੁੰਦੇ ਹਨ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਤਿੰਨੇ ਪੰਜਾਬਾਂ (ਪਾਕਿਸਤਾਨੀ, ਭਾਰਤੀ, ਪਰਵਾਸੀ) ਵਿਚ ਪੰਜਾਬੀ ਬੰਦਾ ਆਪਣੇ ਪਰੰਪਰਿਕ ਸਭਿਆਚਾਰਕ ਪ੍ਰਤੀਮਾਨਾਂ ਤੋਂ ਟੁੱਟ ਰਿਹਾ ਹੈ ਅਤੇ ਨਵੀਆਂ ਪਛਾਣਾਂ ਦੇ ਸੰਕਟ ਨਾਲ ਨਜਿੱਠ ਰਿਹਾ ਹੈ।

# ਰੰਗਲਾ ਪੰਜਾਬ ਸਾਡਾ ਕਾਲਾ ਹੋ ਗਿਆ...

ਗੁਰੂਆਂ, ਪੀਰਾਂ-ਪੈਗੰਬਰਾਂ ਤੇ ਅਵਤਾਰਾਂ ਦੀ ਧਰਤੀ ਕਿਹਾ ਜਾਣ ਵਾਲਾ 'ਪੰਜ-ਆਬ' ਅੱਜ ਛੇਵੇਂ ਦਰਿਆ ਵਿਚ ਤਾਰੀਆਂ ਲਾਉਂਦਾ ਨਜ਼ਰ ਆ ਰਿਹਾ ਹੈ। ਰੰਗਲੀ ਧਰਤ ਨੂੰ ਦਹਾਕਿਆਂ ਤੋਂ ਆਪਣੇ ਪਿੰਡੇ 'ਤੇ ਕਈ ਤਰ੍ਹਾਂ ਦਾ ਸੰਤਾਪ ਹੰਢਾਉਣਾ ਪਿਆ। ਦੇਸ਼ ਦੀ ਅਜ਼ਾਦੀ 'ਚ ਅਹਿਮ ਯੋਗਦਾਨ ਪਾਉਣ ਲਈ ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਅਕਸਰ ਆਉਂਦਾ ਹੈ। ਕਈ ਤਰ੍ਹਾਂ ਦੀਆਂ ਹਨੇਰੀਆਂ ਝੁੱਲੀਆਂ ਤੇ ਤੂਫ਼ਾਨਾਂ ਦਾ ਸਾਹਮਣਾ ਕਰਨ ਦੇ



**ਸੋਹਣ ਸਿੰਘ ਸੋਨੀ**
ਫੋਨ: +91-99156-28853

ਬਾਵਜੂਦ ਪੰਜਾਬ ਅੱਜ 'ਉੜਤਾ ਪੰਜਾਬ' ਵਜੋਂ ਜਾਣਿਆ ਜਾਣ ਲੱਗਾ ਹੈ। ਕਿਉਂ? ਉਘੇ ਗਾਇਕ ਗੁਰਦਾਸ ਮਾਨ ਦੀ ਪਿਛੇ ਜਿਹੇ ਆਈ ਐਲਬਮ ਪੰਜਾਬ ਦੀ ਇਹੀ ਤਰਾਸਦੀ ਬਿਆਨ ਕਰਦੀ ਹੈ। 'ਸਮਾਂ' ਬਣ ਕੇ ਗੁਰਦਾਸ ਮਾਨ ਨੇ ਬਾਲ ਉਮਰ ਦੇ ਭਗਤ ਸਿੰਘ ਨੂੰ ਅੱਜ ਦੇ ਪੰਜਾਬ ਦੇ ਹਾਲਾਤ ਤੋਂ ਜਾਣੂ ਕਰਵਾਉਂਦਿਆਂ ਪੰਜਾਬ ਵਾਸੀਆਂ ਨੂੰ ਫਰਜ਼ ਦਾ ਅਹਿਸਾਸ ਕਰਵਾਇਆ। ਸ਼ਰਾਬ, ਅਫ਼ੀਮ, ਭੁੱਕੀ ਤੋਂ ਬਾਅਦ 'ਚਿੱਟੇ' ਦੀ ਦਸਤਕ ਨੇ ਪੰਜਾਬ ਨੂੰ ਖੋਖਲਾ ਕਰ ਦਿੱਤਾ ਜਿਸ ਨੂੰ ਮਾਨ ਨੇ ਆਪਣੇ ਗੀਤ 'ਚ ਬਾਖੂਬੀ ਫ਼ਿਲਮਾਇਆ ਹੈ। ਸੱਚ ਕੌੜਾ ਹੁੰਦਾ ਹੈ, ਸੁਣਿਆ ਸੀ; ਸੱਚ ਬੋਲਣ ਦੀ ਹਿੰਮਤ ਕਿਸੇ-ਕਿਸੇ 'ਚ ਹੁੰਦੀ ਹੈ, ਪਰ ਜੇ ਕੋਈ ਸੱਚ ਬੋਲਦਾ ਹੈ ਤਾਂ ਉਸ ਵਿਰੁਧ ਆਵਾਜ਼ਾਂ ਉਠਣੀਆਂ ਸ਼ੁਰੂ ਹੋ ਜਾਂਦੀਆਂ ਹਨ। ਗੁਰਦਾਸ ਮਾਨ ਨੇ ਪੰਜਾਬ ਦੇ ਜੋ ਹਾਲਾਤ ਬਿਆਨ ਕੀਤੇ, ਉਸ ਬਾਰੇ ਅਸੀਂ ਸਾਰੇ ਜਾਣਦੇ ਹਾਂ। ਇਹ ਕਹਾਣੀ ਵੀ ਸਭ ਨੂੰ ਸਮਝ ਆ ਗਈ, ਪਰ ਕਿੰਤੂ-ਪ੍ਰੰਤੂ ਕਰਨ ਵਾਲੇ ਪਿਛਾਂਹ ਨਹੀਂ ਹਟੇ। ਅਖੇ, ਐਲਬਮ ਵੋਟਾਂ ਤੋਂ ਬਾਅਦ ਕਿਉਂ ਰਿਲੀਜ਼ ਹੋਈ, ਪਹਿਲਾਂ ਕਿਉਂ ਨਹੀਂ? ਉਂਜ ਬਹੁ-ਗਿਣਤੀ ਨੇ ਉਸ ਦਾ ਸਵਾਗਤ ਹੀ ਕੀਤਾ।

ਕਈ ਮਹੀਨੇ ਪਹਿਲਾਂ ਪੰਜਾਬ ਦੌਰੇ 'ਤੇ ਆਏ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਰੈਲੀ ਦੌਰਾਨ ਕਹਿ ਦਿੱਤਾ ਸੀ ਕਿ ਪੰਜਾਬ ਦੇ 70 ਫੀਸਦੀ ਨੌਜਵਾਨ ਨਸ਼ਈ ਹਨ। ਇਸ ਬਿਆਨ ਨੇ ਪੰਜਾਬ ਦੀ ਸਿਆਸਤ 'ਚ ਤਰਥੱਲੀ ਮਚਾ ਦਿੱਤੀ ਸੀ। ਕਈ ਆਗੂਆਂ ਨੇ ਇਸ ਬਿਆਨ ਦੀ ਕਰੜੀ ਨਿੰਦਾ ਕੀਤੀ ਅਤੇ ਰਾਹੁਲ ਗਾਂਧੀ ਨੂੰ ਪੰਜਾਬ ਦੇ ਭਵਿੱਖ 'ਤੇ ਕਿੰਤੂ-ਪ੍ਰੰਤੂ ਕਰਨ ਲਈ ਮੁਆਫ਼ੀ ਵੀ ਮੰਗਣ ਲਈ ਕਿਹਾ। ਅਕਾਲੀ-ਭਾਜਪਾ ਗਠਜੋੜ ਨੇ ਇਸ ਵਿਰੁਧ ਧਰਨਾ ਦੇ ਕੇ ਰੋਸ ਜ਼ਾਹਰ ਵੀ ਕੀਤਾ, ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਫਿਰ ਕੇਂਦਰੀ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਵੀ ਆਪਣੇ ਪੰਜਾਬ ਦੌਰੇ ਦੌਰਾਨ ਨਸ਼ੇ ਵਧਣ ਬਾਰੇ ਕਹਿ ਦਿੱਤਾ। ਦਰਅਸਲ ਧੜੱਲੇ ਨਾਲ ਨਸ਼ੇ ਦੀ ਹੋ ਰਹੀ ਤਸਕਰੀ ਪੰਜਾਬ ਸਰਕਾਰ 'ਤੇ ਸਵਾਲੀਆ ਚਿੰਨ੍ਹ ਹੀ ਲਾਉਂਦੀ ਹੈ। ਪੰਜਾਬ ਸਰਕਾਰ ਵੱਲੋਂ ਖੋਲ੍ਹੇ ਨਸ਼ਾ ਛੁਡਾਊ ਕੇਂਦਰ ਇਸ ਦੀ ਮਿਸਾਲ ਹਨ। ਸਰਹੱਦੀ ਪਿੰਡਾਂ ਦਾ ਹਾਲ ਬਦ ਤੋਂ ਬਦਤਰ ਹੈ।

ਮੰਨ ਲਈਏ ਕਿ ਪੰਜਾਬ ਵਿਚ ਨਸ਼ਾ ਹੋਰ



ਸੂਬਿਆਂ ਦੇ ਮੁਕਾਬਲੇ ਘੱਟ ਹੈ, ਪਰ ਨਸ਼ਿਆਂ ਦੀਆਂ ਜਿਹੜੀਆਂ ਖੇਪਾਂ ਫੜੀਆਂ ਜਾਂਦੀਆਂ ਹਨ, ਉਹ ਕਿਥੋਂ, ਕਿਵੇਂ ਤੇ ਕੀਹਦੀ ਮਿਲੀਭੁਗਤ ਨਾਲ ਆ ਰਹੀਆਂ ਹਨ? ਨਾਲੇ ਜੇ ਦੇਸ਼ ਵਿਚ ਨੋਟ ਬੰਦ ਹੋ ਸਕਦੇ ਹਨ ਤਾਂ ਨਸ਼ਾ ਬੰਦ ਕਿਉਂ ਨਹੀਂ ਹੋ ਸਕਦਾ? ਨੋਟਬੰਦੀ ਕਾਰਨ ਲੋਕ ਆਪਣੇ ਘਰਾਂ ਦੇ ਖਰਚੇ ਚਲਾਉਣ ਤੋਂ ਔਖੇ ਹੋ ਗਏ ਸਨ। ਨੋਟਬੰਦੀ ਦੇ ਦਿਨਾਂ ਵਿਚ ਮੁਸੀਬਤਾਂ ਜਿਨ੍ਹਾਂ ਲੋਕਾਂ ਨੇ ਝੱਲੀਆਂ, ਉਹੀ ਜਾਣਦੇ ਹਨ, ਪਰ ਉਸ ਵੇਲੇ ਵੀ ਨਸ਼ਈਆਂ ਨੂੰ ਨਸ਼ਾ ਮਿਲਦਾ ਰਿਹਾ। ਸ਼ਰਾਬ ਦੇ ਠੇਕੇ ਰੋਜ਼ ਖੁੱਲ੍ਹਦੇ ਰਹੇ। ਉਦੋਂ ਨਸ਼ੇ ਖਿਲਾਫ਼ ਵਿਰੋਧ ਦੀਆਂ ਸੁਰਾਂ ਮੱਧਮ ਕਿਉਂ ਪੈ ਗਈਆਂ ਸਨ? ਨੋਟਬੰਦੀ ਸਮੇਂ ਤਾਂ ਸਾਰੀਆਂ ਪਾਰਟੀਆਂ ਨੇ ਆਪੋ-ਆਪਣੇ ਚੰਗੇ-ਮੰਦੇ ਬਿਆਨ ਦਾਗ਼ ਦਿੱਤੇ।

ਜਿਹੜਾ ਬੰਦਾ ਪੰਜਾਬ ਦਾ ਦਰਦ ਸਮੋਈ ਬੈਠਾ ਹੈ, ਉਹ ਬਿਆਨ ਤਾਂ ਕਰੇਗਾ ਹੀ। ਦਰਦਮੰਦਾਂ ਦੇ ਖਿਲਾਫ਼ ਉਠਦੀਆਂ ਵਿਰੋਧੀ ਸੁਰਾਂ ਵਾਲਿਆਂ ਨੂੰ ਪੁੱਛੋ ਕਿ ਉਨ੍ਹਾਂ ਪੰਜਾਬ ਦੇ ਹਿਤਾਂ ਲਈ ਕੁਝ ਕੀਤਾ? ਜਦੋਂ ਅਸੀਂ ਆਪ ਖ਼ੁਦ ਕੁਝ ਨਹੀਂ ਕਰ ਸਕਦੇ ਤਾਂ ਦੂਜਿਆਂ ਦੇ ਰਾਹ ਦਾ ਰੋੜਾ ਵੀ ਬਣਨਾ ਨਹੀਂ ਚਾਹੀਦਾ। ਪੰਜਾਬ ਦੇ ਕਈ ਕਲਾਕਾਰਾਂ ਨੇ ਸਿਆਸਤ ਪਿਛੇ ਲੱਗ ਕੇ ਆਪਣਾ ਵੱਕਾਰ ਗਵਾ ਲਿਆ ਹੈ। ਹਾਂ, ਇਕ ਗੱਲ ਜ਼ਰੂਰ ਹੈ, ਜਿਹੜਾ ਕਲਾਕਾਰ ਸਮਾਜ ਲਈ ਪ੍ਰੇਰਨਾ ਸ੍ਰੋਤ ਬਣ ਜਾਵੇ, ਉਸ ਨੂੰ ਇਹ ਗੱਲ ਜ਼ਰੂਰ ਧਿਆਨ 'ਚ ਰੱਖਣੀ ਚਾਹੀਦੀ ਹੈ ਕਿ ਉਸ ਦੀ ਕਲਾ ਕਿਸੇ ਲਈ ਕੀ ਮਾਅਨੇ ਰੱਖਦੀ ਹੈ। ਉਹ ਕਲਾ ਨੂੰ ਸਿਰਫ ਰੋਜ਼ੀ-ਰੋਟੀ ਨਾ ਸਮਝੇ, ਬਲਕਿ ਕਲਾ ਰਾਹੀਂ ਸਮਾਜ ਨੂੰ ਸਮੇਂ-ਸਮੇਂ 'ਤੇ ਸ਼ੀਸ਼ਾ ਵੀ ਜ਼ਰੂਰ ਦਿਖਾਏ।

ਹੁਣ ਹਾਲ ਇਹ ਹੈ ਕਿ ਕੁਝ ਕੁ ਗਾਇਕਾਂ ਨੂੰ ਛੱਡ ਕੇ ਨਵੇਂ-ਪੁਰਾਣੇ ਗਾਇਕ ਸਰੋਤਿਆਂ ਨੂੰ ਆਪਣੇ ਗੀਤਾਂ ਵਿਚ ਨਸ਼ਾ ਪਰੋਸ ਰਹੇ ਹਨ। ਇਸ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਆਪਣੇ ਪੰਜਾਬ ਲਈ ਕਿੰਨੇ ਫਿਕਰਮੰਦ ਹੋਣਗੇ? ਅਜਿਹੇ ਗਾਇਕਾਂ ਵੱਲੋਂ ਗਾਏ ਗਾਣੇ ਨਸ਼ਾ ਵਧਾਉਣ ਵਿਚ ਸਹਾਈ ਸਿੱਧ ਤਾਂ ਹੋ ਹੀ ਰਹੇ ਹੋਣਗੇ, ਦੂਜੇ ਪਾਸੇ ਇਨ੍ਹਾਂ ਨੇ ਵਾਰਦਾਤਾਂ ਨੂੰ ਵੀ ਸੱਦਾ ਦਿੱਤਾ ਹੈ। ਇਸ ਦੀ ਮਿਸਾਲ ਮੌੜ ਮੰਡੀ 'ਚ ਵਿਆਹ ਦੌਰਾਨ ਗੋਲੀ ਨਾਲ ਹੋਈ ਡਾਂਸਰ ਕੁਲਵਿੰਦਰ ਕੌਰ ਦੀ ਮੌਤ ਤੋਂ ਮਿਲਦੀ ਹੈ। ਅਜੋਕੇ ਗੀਤਾਂ 'ਚ ਦਿਖਾਏ ਜਾਂਦੇ ਹਥਿਆਰ ਤਲਵਾਰਾਂ, ਗੰਡਾਸੇ, ਬੰਦੂਕਾਂ, ਰਿਵਾਲਵਰ, ਚਾਕੂ ਤੇ ਬੇਸਬਾਲ ਅਪਰਾਧ ਵਧਾਉਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਇਨ੍ਹਾਂ ਤੋਂ ਸਿੱਖ ਕੇ ਹੀ ਨੌਜਵਾਨ ਕਲਮ, ਵੰਝਲੀ ਚੁੱਕਣ ਦੀ ਥਾਂ ਹਥਿਆਰ ਰੱਖਣ ਨੂੰ ਵਧੇਰੇ ਤਰਜੀਹ ਦੇ ਰਹੇ ਹਨ।

ਸਮੇਂ ਦੀਆਂ ਸਰਕਾਰਾਂ ਆਪਣਾ ਉਲੂ ਸਿੱਧੇ ਰੱਖਣ ਲਈ ਨਸ਼ੇ ਜਿਹੇ ਗੰਭੀਰ ਮਸਲੇ ਤੋਂ ਕਿਨਾਰਾ ਕਰ ਰਹੀਆਂ ਹਨ। ਨਸ਼ੇ ਦੇ ਕਾਰੋਬਾਰਾਂ ਨੂੰ ਜੇ ਉਕਾ ਹੀ ਬੰਦ ਕਰ ਦਿੱਤਾ ਜਾਵੇ ਤਾਂ ਇਕ ਵਾਰ ਜ਼ਰੂਰ ਔਖ ਕੱਟਣੀ ਪਵੇਗੀ, ਪਰ ਥੋੜ੍ਹਾ ਸਮਾਂ ਪਾ ਕੇ ਹਾਲਤ 'ਤੇ ਕਾਬੂ ਪਾਇਆ ਜਾ ਸਕੇਗਾ। ਸੂਰਜ ਅਸਤ ਹੋਣ ਤੋਂ ਬਾਅਦ ਉਦੈ ਜ਼ਰੂਰ ਹੁੰਦਾ ਹੈ। ਸ਼ਾਇਰ ਧਰਮ ਕੰਮੇਆਣਾ ਲਿਖਦੇ ਹਨ- 'ਮੈਨੂੰ ਤਾਂ ਬਸ ਮੋੜ ਦਿਓ ਮੇਰਾ ਘੁੱਗ ਵਸਦਾ ਪੰਜਾਬ'।

# ਸ਼ਮਸ਼ੇਰ ਸਿੰਘ ਬੋਪਾਰਾਏ ਗੁਰਦੁਆਰਾ ਕਰਾਊਨ ਪੁਆਇੰਟ ਦੇ ਪ੍ਰਧਾਨ ਬਣੇ


ਸ਼ਮਸ਼ੇਰ ਸਿੰਘ ਬੋਪਾਰਾਏ


ਰਾਜਿੰਦਰ ਸਿੰਘ ਬੈਂਸ


ਯਾਦਵਿੰਦਰ ਸਿੰਘ ਖੱਟੜਾ

**ਕਰਾਊਨ ਪੁਆਇੰਟ, ਇੰਡੀਆਨਾ (ਬਿਊਰੋ):** ਸ. ਸ਼ਮਸ਼ੇਰ ਸਿੰਘ ਬੋਪਾਰਾਏ ਸਿੱਖ ਰਿਲੀਜੀਅਸ ਸੁਸਾਇਟੀ, ਇੰਡੀਆਨਾ (ਗੁਰਦੁਆਰਾ ਕਰਾਊਨ ਪੁਆਇੰਟ) ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ।

ਸੁਸਾਇਟੀ ਦੇ ਟਰਸਟੀ ਬੋਰਡ ਦੀ ਲੰਘੀ 15 ਅਪਰੈਲ ਨੂੰ ਇਥੇ ਹੋਈ ਮੀਟਿੰਗ ਵਿਚ ਅਗਲੇ ਦੋ ਸਾਲਾਂ ਲਈ ਨਵੀਂ ਗਵਰਨਿੰਗ ਬਾਡੀ ਦੀ ਚੋਣ ਕੀਤੀ ਗਈ ਜਿਸ ਅਨੁਸਾਰ ਪ੍ਰਧਾਨ ਤੋਂ ਇਲਾਵਾ ਸਕੱਤਰ ਯਾਦਵਿੰਦਰ ਸਿੰਘ ਖੱਟੜਾ ਤੇ ਖਜ਼ਾਨਚੀ ਰਾਜਿੰਦਰ ਸਿੰਘ ਬੈਂਸ ਬਣਾਏ ਗਏ ਹਨ। ਮੀਟਿੰਗ ਵਿਚ ਸੁਸਾਇਟੀ ਦੇ 13 ਵਿਚੋਂ 11 ਟਰਸਟੀ ਮੌਜੂਦ ਸਨ।

# ਨਵਰੀਤ ਕੌਰ ਸਕੂਲ ਬੋਰਡ ਦੀ ਮੈਂਬਰ ਬਣੀ

**ਸ਼ਿਕਾਗੋ (ਬਿਊਰੋ):** ਨਵਰੀਤ ਕੌਰ ਹੈਨੇਗਨ ਸਕੂਲ ਡਿਸਟ੍ਰਿਕਟ 45 ਦੇ ਸਕੂਲ ਬੋਰਡ ਵਾਸਤੇ ਸਾਲ 2017-18 ਲਈ ਬਿਨਾ ਮੁਕਾਬਲਾ ਚੁਣੀ ਗਈ ਹੈ। ਚੋਣ ਲੰਘੀ 4 ਅਪਰੈਲ ਨੂੰ ਹੋਈ ਸੀ।



ਨਵਰੀਤ ਪੇਸ਼ੇ ਵਜੋਂ ਅਟਾਰਨੀ ਹੈ। ਉਹ ਕ੍ਰਿਸ ਹੈਨੇਗਨ ਨਾਲ 16 ਸਾਲ ਤੋਂ ਵਿਆਹੀ ਹੋਈ ਹੈ ਅਤੇ ਉਸ ਦੇ ਤਿੰਨ ਬੱਚੇ ਹਨ। ਉਹ ਸੰਨ 2008 ਤੋਂ ਲੌਮਬਾਰਡ (ਡੂਪੇਜ ਕਾਊਂਟੀ) ਵਿਚ ਰਹਿੰਦੇ ਆ ਰਹੇ ਹਨ ਅਤੇ ਉਨ੍ਹਾਂ ਦੇ ਤਿੰਨੇ ਬੱਚੇ ਡਿਸਟ੍ਰਿਕਟ 45 ਸਕੂਲ ਵਿਚ ਪੜ੍ਹਦੇ ਹਨ। ਨਵਰੀਤ ਪੀ ਟੀ ਏ ਨਾਲ ਹਮੇਸ਼ਾ ਸਰਗਰਮ ਰਹੀ ਹੈ ਅਤੇ ਚਾਰ ਸਾਲ ਟਰੈਜ਼ਰਰ ਰਹਿਣ ਸਮੇਂ ਕਈ ਕਮੇਟੀਆਂ ਦੀ ਮੈਂਬਰ ਵੀ ਰਹੀ ਹੈ।

ਨਵਰੀਤ ਬਿਲਡਿੰਗ ਲੀਡਰਸ਼ਿਪ ਟੀਮ ਅਤੇ ਡਿਸਟ੍ਰਿਕਟ ਲੀਡਰਸ਼ਿਪ ਟੀਮ ਵਿਚ ਵੀ ਸ਼ਾਮਲ ਰਹੀ ਹੈ। ਇਸ ਸਮੇਂ ਉਹ ਮਿਊਜ਼ਿਕ ਬੂਸਟਰਜ਼ ਟੀਮ ਦੀ ਪ੍ਰਧਾਨ ਅਤੇ ਇਸ ਅਹੁਦੇ 'ਤੇ ਉਦੋਂ ਤੱਕ ਰਹੇਗੀ ਜਦੋਂ ਤੱਕ ਸਕੂਲ ਬੋਰਡ ਵਿਚ ਹੈ। ਉਸ ਦਾ ਪਬਲਿਕ ਐਜੂਕੇਸ਼ਨ ਸਿਸਟਮ ਵਿਚ ਪੱਕਾ ਯਕੀਨ ਹੈ। ਉਹ ਸਮਝਦੀ ਹੈ ਕਿ ਇਸ ਨਾਲ ਬੱਚਿਆਂ ਦਾ ਨਿੱਗਰ ਸਿੱਖਿਆ ਆਧਾਰ ਬੱਝਦਾ ਹੈ ਅਤੇ ਇਸ ਤਰ੍ਹਾਂ ਭਾਈਚਾਰਕ ਤੰਦਾਂ ਮਜਬੂਤ ਹੁੰਦੀਆਂ ਹਨ।

ਜ਼ਿਕਰਯੋਗ ਹੈ ਕਿ ਨਵਰੀਤ ਸ਼ਿਕਾਗੋ ਦੇ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਠਾਕਰ ਸਿੰਘ ਬਸਾਤੀ ਅਤੇ ਸ੍ਰੀਮਤੀ ਰਾਜਿੰਦਰ ਕੌਰ ਬਸਾਤੀ ਦੀ ਧੀ ਹੈ।

India Palace
Restaurant - Fine Indian Cuisine
4213 Lafayette Rd., Indianapolis, IN 46254
Ph: 317-298-0773
UNDER NEW MANAGEMENT
Open Daily Lunch Buffett 11 am to 3 pm
Dinner
Monday-Friday 4:30 pm to 10 pm
Saturday Dinner 2:30 pm to 10 pm
Sunday Dinner 2:30 pm to 9:30 pm
Banquet Hall Available
Up to 650 People
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com

Charger logistics inc
ਡਰਾਈਵਰਾਂ ਦੀ ਲੋੜ ਹੈ



*ਹੁੱਕ ਐਂਡ ਡਰਾਪ ਆਪਸ਼ਨ *ਲੌਂਗ ਹਾਲ ਅਤੇ ਸ਼ਾਰਟ ਹਾਲ *ਡਾਇਰੈਕਟ ਡਿਪਾਜ਼ਿਟ
*ਇਕੱਲਾ ਡਰਾਈਵਰ 3000 ਮੀਲ ਹਫਤਾ ਅਤੇ ਟੀਮ 6000 ਮੀਲ ਹਫਤਾ ਪੱਕਾ
*ਨਵੇਂ ਨਕੋਰ ਫਲੀਟ ਆਟੋਮੈਟਿਕ ਟਰੱਕ ਅਤੇ 13 ਸਪੀਡ
*ਪ੍ਰੀਪਾਸ, ਈਜ਼ੀਪਾਸ, ਕੰਪਨੀ ਫਿਊਲ ਕਾਰਡ *ਘੱਟੋ ਘੱਟ 6 ਮਹੀਨੇ ਦਾ ਤਜਰਬਾ ਜਰੂਰੀ
ਸੰਪਰਕ ਕਰੋ, ਗੁਰਿੰਦਰ ਮਾਂਗਟ
313-269-7634 ਜਾਂ 734-447-6159

ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਮਦਦ ਦੀ ਲੋੜ ਹੈ
ਪੰਜਾਬੀ, ਭਾਰਤੀ ਭਾਈਚਾਰੇ ਦੇ ਦੋ ਬਜ਼ੁਰਗਾਂ ਦੀ ਸਾਂਭ ਸੰਭਾਲ ਅਤੇ ਘਰ ਦੇ ਕੰਮ ਕਾਰ ਲਈ ਮਦਦ (ਹੈਲਪ) ਦੀ ਫੌਰੀ ਲੋੜ ਹੈ ਜੋ ਘਰ (ਅਰੋਰਾ, ਇਲੀਨਾਏ) ਰਹਿ ਸਕਣ। ਇਸ ਤੋਂ ਪਹਿਲਾਂ ਸਾਡੇ ਪਾਸ ਦੋ ਹੋਰ ਵਰਕਰ ਹਨ, ਸੋ ਕੰਮ ਵੰਡ ਹੋ ਜਾਵੇਗਾ।
Help Wanted
Help needed with household work with two elderly parents for a Punjabi, Indian family.
Live-in (important). Aurora, Illinois.
Have two other helpers presently, so work is shared.
Need immediately.
ਸੰਪਰਕ ਕਰੋ, ਸੁਨੀਤਾ ਚੋਪੜਾ
ਫੋਨ: 773-370-7106

# ਗੁਰਦੁਆਰਾ ਪੈਲਾਟਾਈਨ 'ਚ ਖਾਲਸਾ ਸਾਜਨਾ ਦਿਵਸ ਮੌਕੇ ਕਾਰ ਸੇਵਾ ਉਪਰਾਲਾ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਵਿਚ ਸੇਵਾਦਾਰਾਂ ਨੇ ਖਾਲਸਾ ਸਾਜਨਾ ਦਿਵਸ ਨੂੰ ਮੁੱਖ ਰੱਖਦਿਆਂ ਗੁਰੂ ਘਰ ਦੀ ਅੰਦਰੋਂ ਤੇ ਬਾਹਰੋਂ ਸਾਫ-ਸਫਾਈ ਦੀ ਕਾਰ ਸੇਵਾ ਕੀਤੀ ਜੋ ਹਫਤਾ ਭਰ ਚੱਲਦੀ ਰਹੀ। ਜ਼ਿਕਰਯੋਗ ਹੈ ਕਿ ਗੁਰੂ ਘਰ ਵਿਚ ਸਾਲ 2008 ਤੋਂ ਚੱਲ ਰਹੀ ਕਾਰ ਸੇਵਾ ਵਿਚ ਵਾਧਾ ਹੋ ਰਿਹਾ ਹੈ ਜਿਸ ਤਹਿਤ ਸੇਵਾਦਾਰਾਂ ਨੇ ਪਲਾਨਿੰਗ ਕਰਕੇ ਵਿਸਾਖੀ ਨੂੰ ਮੁੱਖ ਰੱਖਦਿਆਂ ਵੱਡੀ ਸੇਵਾ ਕਰਨ ਦਾ ਬੀੜਾ ਚੁੱਕਿਆ ਸੀ। ਕਾਰ ਸੇਵਾ ਰਾਹੀਂ ਜਿਥੇ ਗੁਰੂ ਘਰ ਦੀ ਵੱਡੀ ਰਕਮ ਬਚਾਈ ਗਈ ਹੈ, ਉਥੇ ਗੁਰੂ ਘਰ ਦੇ ਸ਼ਰਧਾਲੂਆਂ ਵਿਚ ਨਿਸ਼ਕਾਮ ਸੇਵਾ ਦੀ ਭਾਵਨਾ ਵੀ ਪ੍ਰਬਲ ਹੋਈ ਹੈ। ਇਸ ਉਪਰਾਲੇ ਰਾਹੀਂ ਪਿਛਲੇ ਸਾਲ ਕੋਈ ਡੇਢ ਲੱਖ ਡਾਲਰ ਦੀ ਬੱਚਤ ਕੀਤੀ ਗਈ।

ਇਸ ਵਾਰ ਸੇਵਾਦਾਰਾਂ ਨੇ ਗੁਰੂ ਘਰ ਦੀ ਰਸੋਈ, ਲੰਗਰ ਵਰਤਾਉਣ ਦੀ ਜਗ੍ਹਾ ਅਤੇ ਲੰਗਰ ਹਾਲ ਦੀ ਝਾੜ-ਪੂੰਝ ਸਮੇਤ ਦਰਵਾਜੇ, ਬਾਰੀਆਂ, ਫਰਿਜ ਅਤੇ ਨਾਲ ਲਗਦੇ ਕਮਰਿਆਂ ਦੀ ਸਾਫ-ਸਫਾਈ ਕੀਤੀ। ਬੱਚਿਆਂ, ਨੌਜਵਾਨਾਂ ਅਤੇ ਬੀਬੀਆਂ ਨੇ ਸੇਵਾ ਦੌਰਾਨ ਪੂਰਾ ਉਤਸ਼ਾਹ ਦਿਖਾਇਆ। ਕੂੜੇਦਾਨਾਂ ਦੀ ਪਾਵਰ ਵਾਸ਼ ਤੇ ਬਲੀਚ ਦੀ ਵਰਤੋਂ ਕਰਕੇ ਸਫਾਈ ਨੂੰ ਹੋਰ ਵੀ ਯਕੀਨੀ ਬਣਾਇਆ ਅਤੇ ਗਾਰਬੇਜ ਦੇ ਚਾਰ-ਚੁਫੇਰੇ, ਪਰਨਾਲਿਆਂ ਅਤੇ



ਸਫਾਈ ਕੀਤੀ ਗਈ। ਗੁਰੂ ਘਰ ਵਿਚ ਪਿਛਲੇ ਕੁਝ ਸਾਲਾਂ ਤੋਂ ਰੁਮਾਲੇ, ਚੰਦੋਏ, ਗੁਟਕਾ ਸਾਹਿਬ, ਸੈਂਚੀਆਂ ਅਤੇ ਪਟਕਿਆਂ ਦੀ ਸੇਵਾ-ਸੰਭਾਲ ਵੀ ਜਾਰੀ ਹੈ। ਲਾਇਬਰੇਰੀ ਵਿਚ ਸੇਵਾ ਕਰਨ ਵਾਲੀਆਂ ਬੀਬੀਆਂ ਇਸ ਸੇਵਾ ਦੌਰਾਨ ਲਾਇਬਰੇਰੀ ਦੀ ਦਿੱਖ ਨੂੰ ਹੋਰ ਵੀ ਵਧੀਆ ਬਣਾਉਣ ਵਿਚ ਜੁਟੀਆਂ ਰਹੀਆਂ। ਉਨ੍ਹਾਂ ਸਿੱਖ ਸਾਹਿਤ, ਸਿੱਖ ਇਤਿਹਾਸ ਅਤੇ ਹੋਰ ਕਿਤਾਬਾਂ-ਰਸਾਲਿਆਂ ਸਮੇਤ ਧਾਰਮਕ ਸੀਡੀਆਂ ਵਗੈਰਾ ਨੂੰ ਤਰਤੀਬਬੱਧ ਕਰਨ ਦੇ ਨਾਲ ਨਾਲ ਸਾਫ-ਸਫਾਈ ਵੀ ਕੀਤੀ।

ਦੁਪਹਿਰ ਦੇ ਭੋਜਨ ਵੇਲੇ ਸੇਵਾਦਾਰਾਂ ਲਈ, ਖਾਸ ਕਰ ਬੱਚਿਆਂ ਦੀ ਇੱਛਾ ਨੂੰ ਮੁੱਖ ਰੱਖਦਿਆਂ ਪੀਜ਼ਾ ਹਾਜ਼ਰ ਰਿਹਾ। ਕਾਰ ਸੇਵਾ ਪ੍ਰਾਜੈਕਟ ਦੌਰਾਨ ਕੋਈ ਢਾਈ ਸੌ ਸੇਵਾਦਾਰਾਂ ਨੇ ਆਪੋ ਆਪਣੇ ਵਿੱਤ ਮੁਤਾਬਕ ਸੇਵਾ ਕੀਤੀ ਜਿਨ੍ਹਾਂ ਵਿਚ ਬੱਚੇ, ਨੌਜਵਾਨ, ਬੀਬੀਆਂ ਅਤੇ ਬਜ਼ੁਰਗ ਵੀ ਸ਼ਾਮਲ ਸਨ।

ਇਸ ਕਾਰ ਸੇਵਾ ਦੌਰਾਨ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਔਲਖ, ਕੇਹਰ ਸਿੰਘ, ਇਕਬਾਲ ਸਿੰਘ ਸੋਢੀ, ਗੁਰਮਤਿ ਸਕੂਲ ਦੇ ਪ੍ਰਿੰਸੀਪਲ ਅਮਰਦੇਵ ਸਿੰਘ ਬੰਦੇਸ਼ਾ, ਓਂਕਾਰ ਸਿੰਘ ਢਿੱਲੋਂ, ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ, ਤਨਦੀਪ ਸਿੰਘ, ਗੁਰੂ ਘਰ ਦੀ ਸਾਬਕਾ ਪ੍ਰਧਾਨ ਬੀਬੀ ਜਸਬੀਰ ਕੌਰ ਸਲੂਜਾ, ਬੀਬੀ ਪਰੇਵਸ਼ ਕੌਰ ਮਹਿਤਾ, ਪਰਮਿੰਦਰ ਸਿੰਘ ਮਾਨ,





ਗਟਰਾਂ ਦੀ ਪਾਵਰ ਵਾਸ਼ ਨਾਲ ਸਾਫ-ਸਫਾਈ ਕੀਤੀ ਗਈ। ਸਕੂਲ ਦੇ ਸਟੋਰੇਜ ਦੇ ਕਮਰੇ ਨੂੰ ਰੰਗ ਰੋਗਨ ਕਰਨ ਅਤੇ ਗੁਰਮਤਿ ਸਕੂਲ ਦੇ ਕਮਰਿਆਂ ਤੇ ਕੁਰਸੀਆਂ ਦੀ ਸਾਫ-ਸਫਾਈ ਤੋਂ ਇਲਾਵਾ ਲੋੜੀਂਦੀ ਮੁਰੰਮਤ ਕੀਤੀ।

ਗੁਰੂ ਘਰ ਦੇ ਅਹਾਤੇ ਵਿਚ ਕਾਰ ਸੇਵਕਾਂ ਨੇ ਸੁੱਕੇ ਦਰੱਖਤ ਕੱਟੇ ਅਤੇ ਕੱਟੇ ਮੁੱਢਾਂ ਦੀ ਨਾਲੋ ਨਾਲ ਸੰਭਾਲ ਤੇ ਟਾਹਣੀਆਂ ਦੀ ਮਲਚ ਤਿਆਰ ਕੀਤੀ। ਇਹ ਕੰਮ ਜੇ ਕਿਸੇ ਪ੍ਰਾਈਵੇਟ ਕੰਪਨੀ ਤੋਂ ਕਰਵਾਇਆ ਜਾਂਦਾ ਤਾਂ ਇਸ ਦਾ ਖਰਚਾ ਕੋਈ ਦੋ ਹਜ਼ਾਰ ਡਾਲਰ ਹੋਣਾ ਸੀ। ਫੁੱਲਾਂ ਦੀਆਂ ਕਿਆਰੀਆਂ ਵਿਚੋਂ ਵਾਧੂ ਕੱਖ-ਕੰਡੇ ਅਤੇ ਝਾੜੀਆਂ ਦੀ ਛਾਂਗ-ਛੰਗਾਈ ਕੀਤੀ ਗਈ।

ਪਾਰਕਿੰਗ ਲਾਟਾਂ ਦੀ ਸਾਫ-ਸਫਾਈ ਵਿਚ ਨੌਜਵਾਨ ਤੇ ਬੱਚੇ ਪੂਰੇ ਮਸ਼ਰੂਫ ਰਹੇ। ਪਾਰਕਿੰਗ ਲਾਟ ਵਿਚ ਸਾਈਨ ਬੋਰਡ ਲਾਏ ਗਏ। ਗੁਰਦੁਆਰੇ ਦੀ ਹਦੂਦ ਵਾਲੇ ਘਾਹ ਦੇ ਮੈਦਾਨਾਂ 'ਚੋਂ ਪੱਥਰ, ਸੁੱਕੀਆਂ ਟਾਹਣੀਆਂ ਵਗੈਰਾ ਚੁਗੀਆਂ ਤਾਂ ਜੋ ਘਾਹ ਕੱਟਣ ਵਾਲੀ ਮਸ਼ੀਨ ਦਾ ਨੁਕਸਾਨ ਨਾ ਹੋਵੇ। ਘਾਹ ਕੱਟਣ ਵਾਲੀਆਂ ਮਸ਼ੀਨਾਂ ਅਤੇ ਸਟੋਰਾਂ ਵਿਚ ਪਏ ਸੰਦਾਂ ਦੀ ਸਾਫ-ਸਫਾਈ ਅਤੇ ਰੰਗ-ਰੋਗਨ ਕਰਕੇ ਸੰਭਾਲ ਕੀਤੀ ਗਈ।

ਇਸੇ ਦੌਰਾਨ ਦੀਵਾਨ ਹਾਲ, ਅਖੰਡ ਪਾਠ ਅਤੇ ਸੁੱਖ ਆਸਣ ਵਾਲੇ ਕਮਰਿਆਂ ਦੀ ਸਾਫ-ਗੁਰਮੀਤ ਸਿੰਘ ਢਿੱਲੋਂ, ਹਰਦਿਆਲ ਸਿੰਘ ਦਿਓਲ, ਜੈਰਾਮ ਸਿੰਘ ਕਾਹਲੋਂ, ਇਕਬਾਲ ਸਿੰਘ ਚੋਪੜਾ, ਪਾਲ ਸਿੰਘ ਧਾਲੀਵਾਲ, ਤਰਲੋਚਨ ਸਿੰਘ ਗਿੱਲ, ਸਤਨਾਮ ਸਿੰਘ ਗਿੱਲ, ਬਲਦੇਵ ਸਿੰਘ ਗਿੱਲ, ਕੁਲਬੀਰ ਸਿੰਘ ਦਿਓਲ ਅਤੇ ਗਿਆਨੀ ਗੁਰਦੀਪ ਸਿੰਘ ਨੇ ਵਧ ਚੜ੍ਹ ਕੇ ਹਿੱਸਾ ਲਿਆ।

## ਵੱਛਾ ਮਾਰਨ ਦੀ ਇਹ ਸਜ਼ਾ!

**ਭੋਪਾਲ:** ਮੱਧ ਪ੍ਰਦੇਸ਼ ਦੇ ਜ਼ਿਲ੍ਹੇ ਗੁਣਾ ਵਿਚ ਪਿੰਡ ਦੀ ਸੱਥ ਨੇ ਇਕ ਪਰਿਵਾਰ ਨੂੰ ਵੱਛਾ ਮਾਰਨ ਦਾ 'ਪਾਪ' ਉਤਾਰਨ ਲਈ ਆਪਣੀ ਪੰਜ ਸਾਲਾ ਧੀ ਦਾ ਵਿਆਹ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ।

ਲੜਕੀ ਦੇ ਪਿਉ ਨੇ ਚਾਰ ਮਹੀਨੇ ਪਹਿਲਾਂ ਖੇਤ ਵਿਚੋਂ ਵੱਛੇ ਨੂੰ ਡਰਾ ਕੇ ਭਜਾਉਣ ਲਈ ਪੱਥਰ ਮਾਰਿਆ ਸੀ, ਪਰ ਉਹ ਮਰ ਗਿਆ। ਸੱਥ ਨੇ ਪਰਿਵਾਰ ਨੂੰ ਸਮਾਜ ਵਿਚੋਂ ਛੇਕ ਦਿੱਤਾ।

ਪਰਿਵਾਰ ਨੂੰ ਪਾਪ ਬਖਸ਼ਾਉਣ ਲਈ ਤੀਰਥ ਯਾਤਰਾ ਕਰਨ ਅਤੇ ਬਾਅਦ ਵਿਚ ਸਾਰੇ ਪਿੰਡ ਲਈ ਲੰਗਰ ਲਾਉਣ ਲਈ ਕਿਹਾ ਗਿਆ। ਸੱਥ ਨੇ ਦੋਸ਼ ਲਾਇਆ ਕਿ ਪਿੰਡ ਵਿਚ ਕਈ ਨੌਜਵਾਨ ਵਿਆਹਯੋਗ ਹਨ, ਪਰ ਵੱਛੇ ਦੀ ਮੌਤ ਕਾਰਨ ਵਿਆਹ ਨਹੀਂ ਹੋ ਰਹੇ। ਇਸ ਉਤੇ ਸਬੰਧਤ ਪਰਿਵਾਰ ਦੀ ਲੜਕੀ ਦਾ ਵਿਆਹ ਵਿਦਿਸ਼ਾ ਜ਼ਿਲ੍ਹੇ ਦੇ ਅੱਠ ਸਾਲਾ ਲੜਕੇ ਨਾਲ ਤੈਅ ਕੀਤਾ ਗਿਆ। ਲੜਕੀ ਦੀ ਮਾਂ ਨੇ ਪ੍ਰਸ਼ਾਸਨ ਕੋਲ ਪਹੁੰਚ ਕੀਤੀ ਹੈ।

ਪੰਜਾਬ ਟਾਈਮਜ਼

# ਸਿੱਖ ਭਾਈਚਾਰੇ ਨੇ ਪੀ.ਓ.ਸੀ. ਪੈਲਾਟਾਈਨ 'ਚ ਵਿਸਾਖੀ ਮਨਾਈ

**ਸ਼ਿਕਾਗੋ (ਬਿਊਰੋ):** ਸਥਾਨਕ ਸਿੱਖ ਭਾਈਚਾਰੇ ਵਲੋਂ ਪੈਲਾਟਾਈਨ ਦੇ ਪੀ.ਓ.ਸੀ. (ਪਾਰਟਨਰਜ਼ ਆਫ ਅਵਰ ਕਮਿਊਨਿਟੀ) ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਵਿਸਾਖੀ ਮਨਾਈ ਗਈ। ਸਮਾਗਮ ਦੌ ਹਿੱਸਿਆਂ-ਧਾਰਮਕ ਤੇ ਸਭਿਆਚਾਰਕ ਵਿਚ ਵੰਡਿਆ ਗਿਆ ਸੀ।

ਇਸ ਮੌਕੇ ਗੁਰਦੁਆਰਾ ਵ੍ਹੀਟਨ ਦੇ ਹੈਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਸਿੱਖ ਧਰਮ ਵਿਚ ਵਿਸਾਖੀ ਅਤੇ ਸਿੱਖੀ ਵਿਚ ਦਸਤਾਰ ਤੇ ਕੇਸਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਪੀ.ਓ.ਸੀ. ਦੇ ਮੈਂਬਰ ਠਾਕਰ ਸਿੰਘ ਬਸਾਤੀ ਨੇ ਜੱਲ੍ਹਿਆਂਵਾਲਾ ਬਾਗ ਦੇ ਸਭਿਆਚਾਰਕ ਅਤੇ ਇਤਿਹਾਸਕ ਪੱਖਾਂ ਬਾਰੇ ਚਰਚਾ ਛੇੜੀ ਜਿਥੇ ਆਜ਼ਾਦੀ ਮੰਗ ਰਹੇ ਸ਼ਾਂਤੀਮਈ ਅੰਦੋਲਨਕਾਰੀਆਂ ਉਤੇ ਅੰਗਰੇਜ਼ ਹਾਕਮਾਂ ਨੇ ਗੋਲੀ ਚਲਾ ਕੇ ਸੈਂਕੜੇ ਲੋਕਾਂ ਨੂੰ ਸ਼ਹੀਦ ਅਤੇ ਜਖਮੀ ਕਰ ਦਿੱਤਾ ਸੀ। ਉਸ ਵਕਤ ਕਈਆਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆਂ, ਕਿਉਂਕਿ ਬਾਹਰ ਨਿਕਲਣ ਵਾਲਾ ਇਕੋ ਇਕ ਰਸਤਾ ਸੁਰੱਖਿਆ ਬਲਾਂ ਨੇ ਘੇਰਿਆ ਹੋਇਆ ਸੀ।

ਇਸ ਮੌਕੇ ਬਸਾਤੀ ਪਰਿਵਾਰ ਵੱਲੋਂ ਦਾਨ ਕੀਤੇ ਗਏ ਬੈਗ ਪੀ.ਓ.ਸੀ. ਵਿਖੇ ਆਏ ਨੌਜਵਾਨ ਮਹਿਮਾਨਾਂ ਨੂੰ ਦਿੱਤੇ ਗਏ। ਬੀਬੀ ਮਨਦੀਪ ਕੌਰ ਗਿੱਲ ਵੱਲੋਂ ਤਿਆਰ ਕੀਤੇ ਵਿਸਾਖੀ ਦੇ ਕਾਰਡ ਬੈਗਾਂ ਦੇ ਨਾਲ ਹੀ ਦਿੱਤੇ ਗਏ। ਸੰਦੀਪ ਸਿੰਘ ਰਾਜਾ ਨੇ ਫਲ ਵੰਡੇ। ਲੰਗਰ ਦਾ ਪ੍ਰਬੰਧ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ ਵੱਲੋਂ ਸੀ। ਕੁਝ ਨਕਦ ਦਾਨ ਪੀ.ਓ.ਸੀ. ਦੀ ਡਾਇਰੈਕਟਰ ਸ੍ਰੀਮਤੀ ਕੈਥੀ ਮਿਲਿਨ ਨੂੰ ਸੌਂਪੇ ਗਏ।

ਯਾਦ ਰਹੇ, ਪੀ.ਓ.ਸੀ. ਸਥਾਨਕ ਭਾਈਚਾਰੇ ਨੂੰ ਬਹੁਤ ਸਾਰੀਆਂ ਮੁਫਤ ਸੇਵਾਵਾਂ ਮੁਹੱਈਆ ਕਰਦੀ ਹੈ। ਇਨ੍ਹਾਂ ਵਿਚ ਅੰਗਰੇਜ਼ੀ ਤੇ ਕੰਪਿਊਟਰ ਕਲਾਸਾਂ, ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਨਾਲ ਸਬੰਧਤ ਸੇਵਾਵਾਂ ਸ਼ਾਮਲ ਹਨ। ਦੋ ਪ੍ਰਾਇਮਰੀ ਸਕੂਲ ਵੀ ਚਲਾਏ ਜਾ ਰਹੇ ਹਨ। ਸਮਾਜਕ ਸੁਰੱਖਿਆ ਅਤੇ ਯੂਥ ਗਾਈਡੈਂਸ ਸੇਵਾਵਾਂ ਤੋਂ ਇਲਾਵਾ ਮੁਫਤ ਮੈਡੀਕਲ ਮਦਦ ਵੀ ਦਿੱਤੀ ਜਾਂਦੀ ਹੈ। ਪੈਲਾਟਾਈਨ ਵਾਲੀ ਪੀ.ਓ.ਸੀ. ਦੀ ਸਫਲਤਾ ਨੂੰ ਦੇਖਦਿਆਂ ਹੋਰ ਖੇਤਰਾਂ ਵਿਚ ਵੀ ਅਜਿਹੇ ਪ੍ਰੋਗਰਾਮ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਇਸੇ ਤਹਿਤ ਹਾਫਮੈਨ ਐਸਟੇਟਸ ਵਿਖੇ ਬ੍ਰਾਂਚ ਸ਼ੁਰੂ ਹੋ ਗਈ ਹੈ। ਪੀ.ਓ.ਸੀ. ਦੀ ਮਦਦ ਨਾਲ ਕੁਝ ਬੱਚੇ ਕਾਲਜ ਤੱਕ ਪੜ੍ਹਾਈ ਲਈ ਪੁੱਜ ਗਏ ਹਨ। ਜੇ ਉਨ੍ਹਾਂ ਨੂੰ ਇਹ ਇਮਦਾਦ ਨਾ ਮਿਲਦੀ ਤਾਂ ਸ਼ਾਇਦ ਉਹ ਸਕੂਲ ਦੀ ਪੜ੍ਹਾਈ ਵੀ ਮੁਕੰਮਲ ਨਾ ਕਰ ਸਕਦੇ।



ਪੈਲਾਟਾਈਨ ਪਬਲਿਕ ਲਾਇਬਰੇਰੀ ਦੀ ਰੈਂਡ ਰੋਡ ਬ੍ਰਾਂਚ ਦੀ ਸੁਪਰਵਾਈਜ਼ਰ ਮਿਸ ਕੈਰੇਨ ਬੋਲਮੈਨ ਵੱਲੋਂ ਇਕ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਨਾਲ ਜੁੜੇ ਬੱਚਿਆਂ ਨੇ ਭੰਗੜਾ-ਗਿੱਧਾ ਪੇਸ਼ ਕੀਤਾ। ਪੀ.ਸੀ.ਐਸ. ਦੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਤੇ ਹੋਰ ਮੈਂਬਰ-ਅਮਰਜੀਤ ਕੌਰ ਅਟਵਾਲ, ਹਰਵਿੰਦਰ ਸਿੰਘ ਲੈਲ, ਯਾਦਵਿੰਦਰ ਸਿੰਘ ਗਰੇਵਾਲ ਆਦਿ ਹਾਜ਼ਰ ਸਨ। ਸਮਾਗਮ ਦੇ ਅਖੀਰ ਵਿਚ ਸਥਾਨਕ ਲੋਕ ਵੀ ਗਿੱਧੇ ਅਤੇ ਭੰਗੜੇ ਵਿਚ ਸ਼ਾਮਲ ਹੋ ਗਏ।

ਪੈਲਾਟਾਈਨ ਪਬਲਿਕ ਲਾਇਬਰੇਰੀ ਏਸ਼ੀਆਈ ਸਭਿਆਚਾਰ ਦੇ ਪ੍ਰਚਾਰ ਲਈ ਅਪਰੈਲ-ਮਈ ਵਿਚ ਕਈ ਸਮਾਗਮ ਕਰਵਾਉਂਦੀ ਹੈ। ਮਈ ਦੇ ਅਖੀਰ ਵਿਚ ਨੁਮਾਇਸ਼ ਵੀ ਲਗਾਈ ਜਾਵੇਗੀ। ਇਸੇ ਦੌਰਾਨ ਸਿੱਖ ਰਿਲੀਜੀਅਸ ਸੁਸਾਇਟੀ ਵੱਲੋਂ 24 ਮਈ ਨੂੰ ਅੰਤਰ-ਧਰਮ ਸਮਾਗਮ ਵੀ ਕਰਵਾਇਆ ਜਾਵੇਗਾ।

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

## ਰੰਗਲਾ ਪੰਜਾਬ 2017 ਦੇ ਸਪਾਂਸਰ



ਸ. ਦਰਸ਼ਨ ਸਿੰਘ ਧਾਲੀਵਾਲ | ਡਾ. ਭੁਪਿੰਦਰ ਸਿੰਘ ਸੈਣੀ | ਸੁਖਮੇਲ ਸਿੰਘ ਅਟਵਾਲ | ਮੇਜਰ ਗੁਰਚਰਨ ਸਿੰਘ ਝੱਜ | ਜੈਦੇਵ ਸਿੰਘ (ਸੱਤੀ) ਭੱਠਲ | ਜਗਜੀਤ ਸਿੰਘ ਢੀਂਡਸਾ | ਹਰਕੇਵਲ ਸਿੰਘ ਲਾਲੀ | ਮੋਹਿਨਾ ਆਹਲੂਵਾਲੀਆ



ਹਰਿੰਦਰ ਸਿੰਘ ਐਮ ਆਈ ਟੀ ਐਸ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਡਾ. ਹਰਗੁਰਮੁਖਪਾਲ ਸਿੰਘ | ਬਲਵਿੰਦਰ ਸਿੰਘ ਗਿਰਨ | ਪਰਵਿੰਦਰ ਸਿੰਘ ਨਨੂਆ | ਵਿਕ ਸਿੰਘ | ਨਿੱਕ ਗਾਖਲ



ਡਾ. ਸਰਬਜੀਤ ਸਿੰਘ ਭੰਡਾਲ | ਡਾ. ਅਮਰਜੀਤ ਸਿੰਘ | ਰੌਨੀ ਕੁਲਾਰ | ਸੁਰਿੰਦਰ ਸਿੰਘ ਸੰਘਾ | ਗੁਲਜ਼ਾਰ ਸਿੰਘ ਮੁਲਤਾਨੀ | ਅੰਮ੍ਰਿਤਪਾਲ ਸਿੰਘ ਸੰਘਾ | ਜਸਬੀਰ ਸੂਗਾ ਸੂਗਾ ਬਿਲਡਰਜ਼ | ਗੁਰਦੀਪ ਸਿੰਘ ਨੰਦੜਾ



ਲੱਕੀ ਸਹੋਤਾ | ਡਾ. ਸਨਜੀਤ ਸਿੰਘ ਪਰਮਾਰ | ਅਮਰੀਕਪਾਲ ਸਿੰਘ | ਡਾ. ਹਰਜਿੰਦਰ ਸਿੰਘ ਖਹਿਰਾ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ ਸ਼ਿਕਾਗੋ | ਡਾ. ਬਲਵੰਤ ਸਿੰਘ ਹੰਸਰਾ | ਓਂਕਾਰ ਸਿੰਘ ਸੰਘਾ



ਮਨਜੀਤ ਸਿੰਘ ਭੱਲਾ ਅਤੇ ਮੋਨਾ ਭੱਲਾ | ਜਸਬੀਰ ਸਿੰਘ ਪਾਲੀਆ | ਡਾ. ਸੁਤਪਾਲ ਸਿੰਘ | ਸੁਰਿੰਦਰ ਸਿੰਘ ਪਾਲੀਆ | ਭਗਵੰਤ ਸਿੰਘ ਸੰਧੂ | ਨਿੱਕ ਸਿੰਘ | ਹੈਪੀ ਹੀਰ | ਕੁਲਬੀਰ ਸਿੰਘ ਬਾਗੜੀ



ਬਿਕਰਮ ਸਿੰਘ ਸੋਹੀ | ਹੈਪੀ ਮੁਲਤਾਨੀ | ਰਵਿੰਦਰ ਰਵੀ | ਗੁਰਮੀਤ ਸਿੰਘ ਢਿੱਲੋਂ | ਜਸਪਾਲ ਸਿੰਘ ਕਲੇਰ | ਅਵਤਾਰ ਸਿੰਘ ਭੌਰਾ | ਲਵਦੀਪ ਸਿੰਘ ਦੁੱਲਤ | ਸੰਤੋਖ ਸਿੰਘ ਡੀ ਸੀ | ਜਸਵਿੰਦਰ ਸਿੰਘ ਸੰਧੂ

# Sher-E-Punjab Sports & Cultural Society

# Mela Vaisakhi Da VI

## April 22, 2017

*Saturday (4PM till dusk)*

**Monroe High School**
220 Yankee Rd., Monroe OH 45050

**Items by Children, Dance, Bhangra-Gidha, Comedy, Choreography and Much More...**

| Chief Guest | Special Guest |
|---|---|
|  |  |
| Jaspreet Singh<br>Attorney At Law | Baldev Singh<br>Salhan |





**An Evening full of fun Entertainment, cultural & family activities.**

### Event Sponsored by

HACKNEY
Since 1891

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

Satya Wholesale
(C-Store needs)
W (937) 344-6953

Khan
SIGNS & AWNINGS

**No alcohol allowed at School Premises.**

**Free Food (4PM to 5PM)**
**Free Entry, Free Parking**

**Open Invitation To All**

Media Sponsor: ਪੰਜਾਬ ਟਾਈਮਜ਼ | Radio Chann Pardesi

**Advisory Committee:**
Harinder S. Kang, Gurpreet S. Gill, Vineet Gupta, Mani Ram, Parmjit S. Garcha, Bahadur S. Mundi, Narinderpal Tatla.

SHER-E-PUNJAB SPORTS & CULTURAL SOCIETY INC.

**Society Members:**
Charanjit S. Brar 317-903-7400
Surjeet S. Mavi 513-616-4530
Kumar Pawandeep 937-838-3767
Amarjit Takhar 937-604-0012
Amarik S. Tiwana 513-410-4101
Amarjit Aggarwal 937-672-1201
Parminder S. Takhar 937-469-0202
Bobby S. Sidhu (937) 919-4799
Bahadur S. Kaler 513-446-9687
Jagtar S. Fantu 513-328-7500
Pritampaul Singh 518-469-7864
Gurminder S. Sandhu 513-550-6134

www.sherepunjabcincy.com Email :sherepunjabsociety@gmail.com

# Cincinnati, Dayton, Lima, Columbus (OH)

## Platinum Sponsors



Charanjit Singh Brar | Amrik Singh Tiwana | Amarjit Singh Takhar | Harinder Singh Kang | Bobby Sidhu

## Diamond Sponsors



*Surjeet Mavi* | *Parminder Takhar* | *Gurminder Sandhu* | *Amarjit Aggarwal* | *Bahadur Kaler* | *Jagtar Fantu* | *Gurpreet Gill* | *Mani Ram*



*Sukhdev S. Garcha* | *Vineet Gupta* | *Palwinder Dhillon* | *Jas (Amber India)* | *Pushpinder Bhatti* | *Harry Nijjar* | *Pappal Ghotra* | *Gurmail S. Fagura*

## Gold Sponsors



*Kumar Pawandeep* | *Narinder Pal Tatla* | *Agyapal S. Batth* | *Happy Matot* | *Davinder Mundi* | *Harjit Bhullar* | *Lakhvir Bassi* | *Nippy Tiwana* | *Bobby New Krishna* | *Harpal S. Sangha* | *Inderjit Begowal* | *Rajesh Rawal* | *Nishan Singh* | *Sukhwinder Singh* | *Palwinder Gill* | *Onkar Singh*




*Baljinder S. Sandhu* | *Gurjeet S. Hans* | *Balvir S. Dhaliwal* | *Sonu Sirhind* | *Davinder Kahlon* | *J S Chema* | *Jimmy Brar* | *Sukhminder Pandher* | *Makhan Badesha* | *Gurmail Singh* | *Balbir Batth* | *Toni Multani* | *Prithpal Ghotra* | *Darshan Darar* | *Sukhdev Samra* | *Varinder Sahi* | *Sandeep Laddi*

## Silver Sponsors



*Bahadur S. Mundi* | *Lakhvir Singh* | *Balbir S. Gill* | *Gurpreet Batth* | *Jatinder Kumar* | *Sohan Lal Gaba* | *Lakhwinder Mavi* | *Avtar Singh Springfield* | *Satwant Deol* | *Mandeep Badesha* | *Avtar Singh Sohal* | *Bittu Brar* | *Sukhjinder S. Sandhu* | *Kamaljit Singh*

## Guests of Honor



*Sarwan Tiwana* | *Amarjit Dhindsa* | *Didar Dhanoa* | *Gurwinder Babbu* | *Balbir Dran* | *Rimpy Khatra* | *Dharminder Khatra* | *Kuldip Lang* | *Tara S. Salhan* | *Gurmit S. Salhan* | *Sarabjit S. Salhan* | *Pyara S. Bhatti* | *Gurmit Batth* | *Mandip Bhura* | *Nidhan Singh* | *Lakha Dhindsa*

**Sponsors:** Pritampaul Singh, Sohan Singh Bilku, Rupinder Batth, Sonu Cheema, Harvinder Kang (Binda), Inderjit Singh (KY), Jasbir Singh Ahluwalia, Dr. Baljinder Singh, Dalbir Gill, Kirpal Singh Gill (Gill Brothers), Sohan Singh, Dr. Ravinder Mann, Avtar Singh Tari, Gurmeet Bhatti, Prabhpreet Tiwana, Gurmail Singh, Amarjit Singh, Gurpreet Cheema, Sat Parkash Chahal, Kuljit Tuli, Mohinder Kang, Lakhi Grewal, Jasbir Mohi, Ravi Singh, Satnam Singh, Buta Singh, Sukhjinder Sandhu, Dr. Ashwani Kapoor, Nardeep Mavi, Jagtar Singh Xenia, Vicky Singh, Gemini Jewelers, Moreb Wholesales, Janta Transportation, Sunshine Transportation, RA Trucking, Speed 1 Transport, DJ Soni, Kang Transport, Dashmesh Trucking, Clarion Hotel, Sue Fancy Cuts, Bedi & Associates, Tigar Style Corp., A&R Freight Line, MBS Gas Inc., Paul Takhar, Randy Takhar, Makhan Gill, Kirpal Gill, Harpal Gill, Happy & Rubby Dayton. **Restaurants:** Amber India, Baba India, Guru India, Kanak India, Swad India, Raja India, New Krishna, Brij Mohan, Krishna Carry Out, Royal Taj, Tandoor India, Indian Bistro, Bombay Star, Curries, Deep India, Bombay Blazer, Taj Mahal, Aangan Sweets, Indian Spice, Shaan India, Grill of India, Taste of India. **Grocers:** Bombay Grocers, Patel Brothers, Niva Grocers, Indian Bazar.


**Supporting Organizations:** (Chicago) Shere Punjab Sports & Cultural Club, Punjab Sports Club Midwest, Punjab Sports & Cultural Club, Punjabi Heritage Organization (PHO), Punjabi American Organization, Punjabi Cultural Society (PCS). (Indiana) Punjabi American Youth Club, Five River Entertainment, Meeri-Peeri Sports Club Greenwood. (Michigan) Punjab Sports & Cultural Organization, PCS Kalamazoo and Punjab Sports Club Cleveland (Ohio)

# ਤਿੰਨ ਪੀੜ੍ਹੀਆਂ ਦਾ ਸਿਆਸੀ ਮੁਜੱਸਮਾ ਨਾਵਲ 'ਸਿਆਸਤਦਾਨ'

**ਸ਼ਿਕਾਗੋ (ਬਿਊਰੋ):** ਸ. ਮੱਤ ਸਿੰਘ ਢਿੱਲੋਂ ਦੇ ਨਾਵਲ 'ਸਿਆਸਤਦਾਨ' 'ਤੇ ਕਰਵਾਈ ਗਈ ਗੋਸ਼ਟੀ ਦੌਰਾਨ ਬੁਲਾਰਿਆਂ ਨੇ ਨਾਵਲ ਦੀਆਂ ਵਿਸ਼ੇਸ਼ਤਾਈਆਂ ਅਤੇ ਤਰੁਟੀਆਂ ਉਤੇ ਚਰਚਾ ਕਰਦਿਆਂ ਇਸ ਨੂੰ ਤਿੰਨ ਪੀੜ੍ਹੀਆਂ ਦਾ ਸਿਆਸੀ ਮੁਜੱਸਮਾ ਕਰਾਰ ਦਿੱਤਾ। ਬੁਲਾਰਿਆਂ ਨੇ ਨਾਵਲ ਦੀ ਕਹਾਣੀ ਵਿਚਲੀ ਸਾਦਗੀ, ਸਰਲਤਾ, ਸੰਖੇਪਤਾ, ਪਾਤਰਾਂ ਦੀ ਚੋਣ ਤੇ ਪਾਤਰਾਂ ਦੇ ਮੂੰਹੋਂ ਪੰਜਾਬੀ ਸਭਿਆਚਾਰ ਨੂੰ ਟੁੰਬਦੀ ਸ਼ਬਦਾਵਲੀ, ਅਖੌਤਾਂ, ਮੁਹਾਵਰਿਆਂ ਅਤੇ ਗੁਰਬਾਣੀ ਦੇ ਹਵਾਲਿਆਂ ਨੂੰ ਲੈ ਕੇ ਉਨ੍ਹਾਂ ਦੇ ਵਿਸਤਾਰ ਨੂੰ ਕਹਾਣੀ ਰਾਹੀਂ ਵਿਆਖਿਆਤਮਕ ਸ਼ੈਲੀ ਵਿਚ ਬਿਆਨ ਕਰਨ ਨਾਲ ਇਕਸੁਰਤਾ ਪ੍ਰਗਟਾਈ। ਗੋਸ਼ਟੀ ਲੰਘੇ ਦਿਨੀਂ ਪੈਲਾਟਾਈਨ ਲਾਇਬਰੇਰੀ ਵਿਚ ਸਥਾਨਕ ਜਥੇਬੰਦੀ 'ਇਫਕੈਪਸ' ਵੱਲੋਂ ਕਰਵਾਈ ਗਈ।

ਇਸ ਮੌਕੇ ਬੋਲਦਿਆਂ ਇਫਕੈਪਸ ਦੇ ਬਾਨੀ ਡਾ. ਸਵਰਨਜੀਤ ਸਿੰਘ ਨੇ ਕਿਹਾ ਕਿ ਕਰਤਾ ਦਾ ਸਮਾਜ ਵਿਰੋਧੀ ਸੋਚ ਨੂੰ ਇਕ ਪਾਤਰ ਰਾਹੀਂ ਉਭਾਰਨਾ ਤੇ ਦੂਜੇ ਪਾਤਰ ਰਾਹੀਂ ਸਾਕਾਰਾਤਮਕ ਭਾਵਨਾ ਨੂੰ ਸਥਾਪਤ ਕਰਨਾ ਹੀ ਇਸ ਨਾਵਲ ਦੀ ਵਿਲੱਖਣਤਾ ਹੈ। ਧਰਮ ਸਿੰਘ ਤੇ ਮੰਗਲ ਸਿੰਘ ਪਿਓ-ਪੁੱਤਰ ਦੇ ਰਿਸ਼ਤੇ ਵਿਚ ਇਕ ਪਾਤਰ ਦਾ ਹੀ ਵਿਕਸਿਤ ਨਾਂਹ ਤੇ ਹਾਂ ਪੱਖੀ ਸੋਚ ਵਾਲਾ ਮੁਜੱਸਮਾ ਜਾਪਦਾ ਹੈ। ਨਾਵਲ ਦਾ ਮੂਲ ਅਨਪੜ੍ਹਤਾ ਤੇ ਪੜ੍ਹਾਈ ਕਾਰਨ ਪੰਜਾਬੀ ਸਭਿਆਚਾਰ ਵਿਚ ਆ ਰਿਹਾ ਤਣਾਉ ਹੈ। ਉਨ੍ਹਾਂ ਕਿਹਾ ਕਿ ਨਾਵਲ 'ਸਿਆਸਤਦਾਨ' ਤਿੰਨ ਪੀੜ੍ਹੀਆਂ ਦੀ ਇਕ ਸਾਧਾਰਨ ਜਿਹੀ ਕਹਾਣੀ ਹੈ, ਜਿਸ ਦਾ ਦਾਇਰਾ ਸਿਆਸਤ ਤੇ ਪ੍ਰਸ਼ਾਸਨ ਦੇ ਆਪਸੀ ਰਿਸ਼ਤਿਆਂ ਵਿਚਲੀ ਬੁਣਤ ਦੇ ਹਾਂ ਅਤੇ ਨਾਂ ਪੱਖੀ ਗਹਿਰੇ ਪਹਿਲੂਆਂ ਦੀ ਅੰਦਰੂਨੀ ਬਣਤਰ ਨੂੰ ਉਘਾੜਦਾ ਹੈ ਤੇ ਇਹ ਘਰੇਲੂ ਕਹਾਣੀ ਤੋਂ ਸਮੁੱਚੇ ਦੇਸ਼ ਦੇ ਢਾਂਚੇ ਦੀ ਵੱਡੀ ਕਹਾਣੀ ਬਣ ਜਾਂਦੀ ਹੈ।

ਮਿਲਵਾਕੀ ਤੋਂ ਸ. ਹਰਵਿੰਦਰ ਸਿੰਘ ਆਹੂਜਾ ਨੇ ਕਿਹਾ ਕਿ ਨਾਵਲ 'ਸਿਆਸਤਦਾਨ' ਸਾਡੇ ਸਮਾਜ ਵਿਚ ਫੈਲੇ ਅਨਪੜ੍ਹਤਾ, ਰਾਜਨੀਤੀ, ਰਿਸ਼ਵਤਖੋਰੀ, ਨਸ਼ਿਆਂ, ਪ੍ਰਸ਼ਾਸਨ ਤੇ ਨਿਆਂ ਪਾਲਿਕਾ ਆਦਿ ਵਿਚਲੇ ਵਿਗੜੇ ਵਰਤਾਰਿਆਂ ਨੂੰ ਹਾਸ ਰਸ, ਗੁਰਬਾਣੀ, ਅਖੌਤਾਂ ਤੇ ਮੁਹਾਵਰਿਆਂ ਰਾਹੀਂ ਪਾਤਰਾਂ ਦੇ ਕਿਰਦਾਰ ਵਿਚੋਂ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਲੇਖਕ ਆਪਣੀ ਗੱਲ ਕਹਿਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ ਹੈ।



ਬੀਬੀ ਕਿਰਪਾਲ ਕੌਰ ਨੇ ਨਾਵਲ ਦੇ ਸਾਰਥਕ ਵਿਸ਼ੇ 'ਤੇ ਇਸ ਵਿਚਲੇ ਸਮੁੱਚੇ ਵਰਤਾਰੇ ਦੇ ਹਾਂ ਪੱਖੀ ਰੁਝਾਨ ਦੀ ਵਡਿਆਈ ਕਰਦਿਆਂ ਕਿਹਾ ਕਿ ਨਾਵਲਕਾਰ ਨੇ ਜਿਸ ਤਰ੍ਹਾਂ ਮੰਗਲ ਸਿੰਘ ਤੇ ਪਵਨ ਦੇ ਆਪਸੀ ਰਿਸ਼ਤਿਆਂ ਵਿਚਲੀਆਂ ਪਿਆਰ ਦੀਆਂ ਤੰਦਾਂ ਨੂੰ ਸਮੇਟਿਆ ਹੈ, ਉਸ ਦੀ ਸਮਝ ਤਾਂ ਪੈਂਦੀ ਹੈ ਪਰ ਜਿਸ ਤਰ੍ਹਾਂ ਦੀ ਹਿੰਸਾ ਮੰਗਲ ਸਿੰਘ ਦੀ ਪਤਨੀ ਰਮਨ ਕੋਰਟ ਵਿਚ ਕਰਦੀ ਹੈ, ਉਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ।

ਸਿੱਖ ਵਿਦਵਾਨ ਪ੍ਰੋ. ਜਗਿੰਦਰ ਸਿੰਘ ਰਮਦੇਵ ਨੇ ਕਿਹਾ ਕਿ ਪਤੀ-ਪਤਨੀ ਦੇ ਆਪਸੀ ਰਿਸ਼ਤਿਆਂ ਵਿਚਲੇ ਤਣਾਉ ਕਰਕੇ ਹਿੰਸਕ ਤੌਰ 'ਤੇ ਮੰਗਲ ਸਿੰਘ ਦਾ ਆਪਣੀ ਪਤਨੀ 'ਤੇ ਇਸ ਤਰ੍ਹਾਂ ਦਾ ਵਾਰ ਕਰਨਾ ਅਤੇ ਬਾਅਦ ਵਿਚ ਆਪਣਾ ਹੀ ਹੱਥ ਕੱਟ ਲੈਣਾ ਤੇ ਸਭ ਤੋਂ ਛੁਪਾਈ ਰੱਖਣਾ, ਨਾਵਲ ਦਾ ਹਿੱਸਾ ਨਹੀਂ ਹੋਣਾ ਚਾਹੀਦਾ ਸੀ।

ਇਸੇ ਦੌਰਾਨ ਪ੍ਰੋ. ਰਮਦੇਵ ਤੇ ਬੀਬੀ ਕਿਰਪਾਲ ਕੌਰ ਦੀਆਂ ਟਿੱਪਣੀਆਂ ਬਾਰੇ ਲੇਖਕ ਸ. ਮੱਤ ਸਿੰਘ ਢਿੱਲੋਂ ਨੇ ਕਿਹਾ ਕਿ ਇਨ੍ਹਾਂ ਦਾ ਸਬੰਧ ਨਾਵਲ ਦੀ ਕਹਾਣੀ ਤੇ ਪਾਤਰਾਂ ਦੇ ਸੁਭਾਅ ਨਾਲ ਹੈ ਅਤੇ ਇਸ ਵਰਤਾਰੇ ਨੂੰ ਇਸ ਵਿਚੋਂ ਕੱਢ ਕੇ ਕਿਸੇ ਹੋਰ ਰੂਪ ਵਿਚ ਚਿਤਰਨ ਨਾਲ ਨਾਵਲ ਦੀ ਕਹਾਣੀ 'ਤੇ ਅਸਰ ਪੈਣਾ ਸੀ।

ਡਾ. ਸਵਰਨਜੀਤ ਸਿੰਘ ਨੇ ਇਸ ਮੁੱਦੇ 'ਤੇ ਬੋਲਦਿਆਂ ਕਿਹਾ ਕਿ ਇਕ ਹੀ ਵਰਤਾਰੇ ਨੂੰ ਅਸੀਂ ਜਦੋਂ ਪਾਠਕ ਜਾਂ ਆਲੋਚਕ ਤੇ ਰਚਨਾ ਨੂੰ ਲੇਖਕ ਦੇ ਤੌਰ 'ਤੇ ਵੇਖਦੇ ਹਾਂ ਉਸ ਵਕਤ ਪੈਂਤੜੇ ਦੀ ਨਜ਼ਾਕਤ ਵਿਚਾਰਾਂ ਦਾ ਮਤਭੇਦ ਹੋ ਜਾਣਾ ਕੁਦਰਤੀ ਹੈ ਅਤੇ ਲੇਖਕ ਨਾ ਕੇਵਲ ਇਕ ਕਵੀ ਹੀ ਹੈ ਸਗੋਂ ਇਕ ਨਾਵਲਕਾਰ ਵੀ ਹਨ ਅਤੇ ਅਜਿਹੇ ਦ੍ਰਿਸ਼ ਇਸ ਸੰਦਰਭ ਵਿਚ ਆ ਸਕਦੇ ਹਨ।

ਸ. ਹਰਵਿੰਦਰ ਸਿੰਘ ਲੈਲ ਨੇ ਕਿਹਾ ਕਿ ਮਨੁੱਖੀ ਸੁਭਾਅ ਦੀ ਫਿਤਰਤ ਮੁਤਾਬਕ ਚੀਜ਼ਾਂ ਨੂੰ ਵੱਖੋ-ਵੱਖਰੇ ਨਜ਼ਰੀਏ ਤੋਂ ਵੇਖਣ ਕਾਰਨ ਵਿਚਾਰਾਂ ਦਾ ਵਖਰੇਵਾਂ ਜ਼ਰੂਰੀ ਵੀ ਹੈ ਪਰ ਸਾਨੂੰ ਸਾਕਾਰਾਤਮਕ ਸੋਚ ਲੈ ਕੇ ਹੀ ਚਲਣਾ ਚਾਹੀਦਾ ਹੈ ਤਾਂ ਜੋ ਜ਼ਿੰਦਗੀ ਦਾ ਵਰਤਾਰਾ ਹਾਂ ਪੱਖੀ ਰੁਝਾਨ ਵੱਲ ਤੁਰ ਸਕੇ ਅਤੇ ਰਿਸ਼ਤਿਆਂ ਦੀ ਬੁਨਿਆਦ ਹੋਰ ਮਜਬੂਤ ਹੋਵੇ। ਨਾਵਲ ਦਾ ਸਮੁੱਚਾ ਵਰਤਾਰਾ ਹਾਂ ਪੱਖੀ ਰੁਝਾਨ ਨਾਲ ਸਰਸ਼ਾਰ ਹੈ।

ਇਸ ਮੌਕੇ ਸ. ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਨਾਵਲ ਦੀ ਪਹਿਲੀ ਛਾਪ ਯਾਰਾਂ-ਦੋਸਤਾਂ ਦੇ ਕਹਿਣ 'ਤੇ ਹੀ ਉਨ੍ਹਾਂ ਦੀਆਂ ਰਾਵਾਂ ਲੈ ਕੇ ਇਸ ਵਿਚਲੇ ਕੁਝ ਦ੍ਰਿਸ਼ਾਂ ਨੂੰ ਕੱਟ ਕੇ ਕਹਾਣੀ ਵਿਚਲੀ ਸੰਖੇਪਤਾ ਨੂੰ ਬਣਾਈ ਰੱਖਿਆ ਸੀ ਪਰ ਕੁਝ ਦ੍ਰਿਸ਼ਾਂ ਨੂੰ ਨਾਵਲ ਦੀ ਕਹਾਣੀ ਤੇ ਪਾਤਰਾਂ ਵਿਚਲੀ ਕਿਸੇ ਗਹਿਰੀ ਸਾਂਝ ਨੂੰ ਮੁੱਖ ਰੱਖਦਿਆਂ ਕੱਟਣ ਤੋਂ ਅਸਮਰਥਾ ਪ੍ਰਗਟਾਈ ਕਿਉਂਕਿ ਇਨ੍ਹਾਂ ਦ੍ਰਿਸ਼ਾਂ ਨੂੰ ਨਾਵਲ ਦੇ ਸ਼ਿੰਗਾਰ ਤੋਂ ਅਲੱਗ ਕਰਨਾ ਨਾਵਲ ਨਾਲ ਅਨਿਆਂ ਹੋਣਾ ਸੀ। ਉਨ੍ਹਾਂ ਨਾਵਲ ਉਤੇ ਗੋਸ਼ਟੀ ਕਰਵਾਉਣ ਲਈ ਇਫਕੈਪਸ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਾਵਲ ਵਿਚ ਭਵਿੱਖ ਦੀ ਸੁਨਹਿਰੀ ਸਿਰਜਣਾ ਦਾ ਆਧਾਰ ਵਿਦਿਅਕ ਤੇ ਰਾਜਸੀ ਤੌਰ 'ਤੇ ਚੇਤਨਾ ਦੀ ਜਾਗ ਲਾਉਣਾ ਹੈ।

ਸ. ਢਿੱਲੋਂ ਦਾ ਇਹ ਪਲੇਠਾ ਨਾਵਲ ਹੈ ਜਿਸ ਦੀ ਪਹਿਲੀ ਛਾਪ 2016 ਅਤੇ ਦੂਜੀ ਛਾਪ 2017 ਵਿਚ ਛਪੀ। ਇਸ ਤੋਂ ਪਹਿਲਾਂ ਸ. ਢਿੱਲੋਂ ਪੰਜਾਬੀ ਕਵਿਤਾਵਾਂ ਦੀ ਇਕ ਕਿਤਾਬ ਵੀ ਲਿਖ ਚੁਕੇ ਹਨ ਅਤੇ ਇਕ ਪੰਜਾਬੀ ਫਿਲਮ ਵੀ ਬਣਾ ਚੁਕੇ ਹਨ।

ਸ. ਸਰਵਣ ਸਿੰਘ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਨਾਵਲ 'ਸਿਆਸਤਦਾਨ' ਨੂੰ ਸਾਰੀਆਂ ਲਾਇਬਰੇਰੀਆਂ ਵਿਚ ਪੁੱਜਦਾ ਕਰਨਾ ਚਾਹੀਦਾ ਹੈ ਤਾਂ ਜੋ ਹੋਰ ਪੰਜਾਬੀ ਵੀ ਇਸ ਨੂੰ ਪੜ੍ਹ ਸਕਣ।

ਇਫਕੈਪਸ ਦੇ ਪਬਲਿਕ ਰਿਲੇਸ਼ਨਜ਼ ਡਾਇਰੈਕਟਰ ਸ. ਬਲਵੀਰ ਸਿੰਘ ਨੇ ਇਸ ਚਰਚਾ ਵਿਚ ਸ਼ਾਮਲ ਹੋਣ ਆਏ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਾਵਲ ਨੂੰ ਇਕ ਬਹਿਸ ਦੇ ਰੂਪ ਵਿਚ ਲੈ ਕੇ ਆਉਣ ਦਾ ਇਕ ਮਕਸਦ ਸੀ ਤਾਂ ਜੋ ਇਸ ਬਾਰੇ ਸਾਰਥਕ ਬਹਿਸ ਤੁਰ ਸਕੇ ਤੇ ਇਸ ਮਕਸਦ ਵਿਚ ਅਸੀਂ ਕਾਮਯਾਬ ਹੋਏ ਹਾਂ। 'ਸਿਆਸਤਦਾਨ' ਪੰਜਾਬ ਸੰਦਰਭ ਵਿਚਲੇ ਵਰਤਾਰਿਆਂ ਦੀ ਦਾਸਤਾਨ ਹੈ ਅਤੇ ਹਟਵੀਂ ਕਿਸਮ ਦੀ ਰਚਨਾ ਹੈ ਜਿਸ ਦੀ ਨਿਰੰਤਰ ਤੌਰ 'ਤੇ ਚਰਚਾ ਦੀ ਲੋੜ ਹੈ।

ਇਸ ਚਰਚਾ ਵਿਚ ਸ਼ਾਮਲ ਹੋਣ ਲਈ ਮਿਲਵਾਕੀ ਤੋਂ ਉਚੇਚੇ ਤੌਰ 'ਤੇ ਸ. ਪਾਖਰ ਸਿੰਘ, ਸ. ਮਹਿੰਦਰ ਸਿੰਘ ਸਿੱਧੂ, ਸ. ਹਰਵਿੰਦਰ ਸਿੰਘ ਸਿੱਧੂ, ਸ. ਹਰਵਿੰਦਰ ਸਿੰਘ ਆਹੂਜਾ ਅਤੇ ਸ. ਲਖਬੀਰ ਸਿੰਘ ਸ਼ੇਰਾ ਪਹੁੰਚੇ ਅਤੇ ਉਨ੍ਹਾਂ ਨੇ ਸ. ਮੱਤ ਸਿੰਘ ਢਿੱਲੋਂ ਨੂੰ ਸਨਮਾਨ ਵਜੋਂ ਇਕ ਬੰਦ ਲਿਫਾਫਾ ਵੀ ਭੇਟ ਕੀਤਾ।

ਮੱਤ ਸਿੰਘ ਢਿੱਲੋਂ ਨਾਲ ਸੰਪਰਕ ਫੋਨ: 847-308-5411 ਰਾਹੀਂ ਕੀਤਾ ਜਾ ਸਕਦਾ ਹੈ।

## ਮੀਆਂ ਹਾਜੀ ਮਜ਼ੀਦ ਦੇ ਕਿਆ ਕਹਿਣੇ; 54 ਬੱਚੇ ਤੇ 6 ਘਰਵਾਲੀਆਂ

**ਕਰਾਚੀ:** ਪਾਕਿਸਤਾਨ ਦੇ ਸੂਬਾ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਦੇ 35 ਵਰ੍ਹਿਆਂ ਦੇ ਡਾਕਟਰ ਹਾਜੀ ਸਰਦਾਰ ਜਾਨ ਮੁਹੰਮਦ ਦੇ ਤਿੰਨ ਵਿਆਹਾਂ ਵਿਚੋਂ 35 ਬੱਚਿਆਂ ਦੀ ਖਬਰ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ, ਜਦੋਂਕਿ ਹੁਣ ਇਸੇ ਸੂਬੇ ਦੇ ਹੀ ਇਕ ਹੋਰ ਵਿਅਕਤੀ ਦੇ 54 ਬੱਚਿਆਂ ਦੇ ਪਿਤਾ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ।



ਪਾਕਿਸਤਾਨ ਦੀ ਮਰਦਮਸ਼ੁਮਾਰੀ ਦੀ ਟੀਮ ਨੇ ਕੋਇਟਾ ਦੇ ਜ਼ਿਲ੍ਹਾ ਨੁਸ਼ਕੀ ਦੇ 70 ਵਰ੍ਹਿਆਂ ਦੇ ਹਾਜੀ ਅਬਦੁਲ ਮਜ਼ੀਦ ਮੇਂਗਲ ਪਾਸੋਂ ਉਸ ਦੇ ਪਰਿਵਾਰਕ ਮੈਂਬਰਾਂ ਦੀ ਜਾਣਕਾਰੀ ਪੁੱਛੀ ਤਾਂ ਇਹ ਸਾਰਾ ਮਾਮਲਾ ਸਾਹਮਣੇ ਆਇਆ। ਹਾਜੀ ਨੇ ਦੱਸਿਆ ਕਿ ਉਸ ਦੀਆਂ 6 ਪਤਨੀਆਂ ਤੋਂ 54 ਬੱਚੇ ਹਨ। ਉਪਰੋਕਤ ਵਿਚੋਂ 12 ਬੱਚਿਆਂ ਦੀ ਮੌਤ ਹੋ ਚੁੱਕੀ ਹੈ ਅਤੇ 42 ਪੂਰੀ ਤਰ੍ਹਾਂ ਤੰਦਰੁਸਤ ਹਨ। ਉਸ ਦੇ ਬੱਚਿਆਂ ਵਿਚ 22 ਪੁੱਤਰ ਅਤੇ 20 ਧੀਆਂ ਹਨ।

ਹਾਜੀ ਅਨੁਸਾਰ ਉਸ ਦੀਆਂ ਦੋ ਘਰਵਾਲੀਆਂ ਦੀ ਮੌਤ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਨੁਸ਼ਕੀ ਕੋਇਟਾ ਤੋਂ 130 ਕਿਲੋਮੀਟਰ ਦੀ ਦੂਰੀ 'ਤੇ ਅਫਗਾਨਿਸਤਾਨ ਦੀ ਸਰਹੱਦ 'ਤੇ ਆਬਾਦ ਹੈ।

## ਸਭ ਤੋਂ ਵੱਧ ਉਮਰ ਦੀ ਔਰਤ ਦਾ ਦੇਹਾਂਤ

**ਰੋਮ:** 117 ਸਾਲ ਦੀ ਏਮਾ ਮੋਰੇਨ ਨੇ ਇਟਲੀ ਦੇ ਵਬੇਰਨਿਆ ਵਿਚ ਆਖਰੀ ਸਾਹ ਲਿਆ ਹੈ। 29 ਨਵੰਬਰ 1899 ਨੂੰ ਪੈਦਾ ਹੋਈ ਏਮਾ ਮੋਰੇਨ ਦਾ ਪਤਾ ਜਿਵੇਂ ਮੌਤ ਭੁੱਲ ਗਈ ਹੋਵੇ, ਪਰ ਜਦੋਂ ਆਖਰੀ ਸਮਾਂ ਆਇਆ ਤਾਂ ਏਮਾ ਆਪਣੇ ਘਰ ਕੁਰਸੀ 'ਤੇ ਆਰਾਮ ਨਾਲ ਲੇਟੀ ਹੋਈ ਸੀ।



ਡਾਕਟਰ ਨੇ ਦੱਸਿਆ ਕਿ ਏਮਾ ਕਾਫੀ ਦਿਨਾਂ ਤੋਂ ਖਾਮੋਸ਼ ਸੀ ਤੇ ਵੱਧ ਤੋਂ ਵੱਧ ਵਕਤ ਸੌਂ ਕੇ ਕੱਟ ਰਹੀ ਸੀ। ਉਨ੍ਹਾਂ ਦਾ ਨਾਂ ਗਿਨੀਜ਼ ਬੁੱਕ ਆਫ ਵਰਲਡ ਵਿਚ ਦਰਜ ਸੀ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਦੁਨੀਆਂ ਦੀ ਸਭ ਤੋਂ ਵੱਡੀ ਉਮਰ ਦੀ ਔਰਤ ਦੀ ਜਾਪਾਨ ਦੇ ਮਿਸਾਓ ਓਕਾਵਾ ਵਿਚ ਮੌਤ ਹੋਈ ਸੀ। 2013 ਨੂੰ ਓਕਾਵਾ ਨੂੰ ਦੁਨੀਆਂ ਦੀ ਸਭ ਤੋਂ ਬਜ਼ੁਰਗ ਔਰਤ ਦਾ ਖਿਤਾਬ ਮਿਲਿਆ ਸੀ ਤੇ ਗਿਨੀਜ਼ ਬੁੱਕ 'ਚ ਨਾਂ ਦਰਜ ਕੀਤਾ ਗਿਆ।


## ਦੁਨੀਆਂ ਦੀ ਸਭ ਤੋਂ ਭਾਰੀ ਔਰਤ ਦਾ 262 ਕਿਲੋ ਭਾਰ ਘਟਿਆ

**ਨਵੀਂ ਦਿੱਲੀ:** ਦੁਨੀਆਂ ਦੀ ਸਭ ਤੋਂ ਭਾਰੀ ਔਰਤ ਇਮਾਨ ਅਹਿਮਦ ਦਾ ਭਾਰਤ ਵਿਚ ਇਲਾਜ ਚੱਲ ਰਿਹਾ ਹੈ। ਇਲਾਜ ਦੇ ਮਹਿਜ਼ ਦੋ ਮਹੀਨੇ ਬਾਅਦ ਇਮਾਨ ਦੇ ਭਾਰ ਵਿਚ ਹੈਰਾਨੀਜਨਕ ਬਦਲਾਅ ਆਇਆ ਹੈ। ਮਿਸਰ ਦੀ ਨਾਗਰਿਕ ਇਮਾਨ ਦੇ



ਇਲਾਜ ਦੇ ਦੋ ਮਹੀਨੇ ਬਾਅਦ 262 ਕਿੱਲੋ ਭਾਰ ਘਟ ਗਿਆ ਹੈ। ਇਮਾਨ ਜਦੋਂ ਭਾਰਤ ਆਈ ਸੀ ਤਾਂ ਉਸ ਦਾ ਭਾਰ 500 ਕਿੱਲੋ ਸੀ। 36 ਸਾਲ ਦੀ ਇਮਾਨ ਦੇ ਇਲਾਜ ਦੀ ਚੁਣੌਤੀ ਭਾਰਤ ਦੇ ਡਾਕਟਰ ਲਕੜਾਵਾਲਾ ਨੇ ਸਵੀਕਾਰ ਕੀਤੀ ਸੀ। ਇਸ ਤੋਂ ਬਾਅਦ ਇਮਾਨ 11 ਫਰਵਰੀ 2017 ਨੂੰ ਇਲਾਜ ਲਈ ਭਾਰਤ ਪਹੁੰਚੀ ਸੀ ਜਿਥੇ ਮੁੰਬਈ ਵਿਚ ਇਮਾਨ ਦਾ ਇਲਾਜ ਚੱਲ ਰਿਹਾ ਹੈ। ਇਮਾਨ ਦੇ 262 ਕਿੱਲੋ ਭਾਰ ਘਟਣ ਦੀ ਜਾਣਕਾਰੀ ਡਾ. ਲਕੜਾਵਾਲਾ ਨੇ ਦਿੱਤੀ ਜੋ ਮਹਾਰਾਸ਼ਟਰ ਦੇ ਸਾਲਾਨਾ ਪੁਰਸਕਾਰ ਸਮਾਰੋਹ ਵਿਖੇ ਪੁਰਸਕਾਰ ਹਾਸਲ ਕਰਨ ਪਹੁੰਚੇ ਸਨ।

## ਨਿੰਮੇ ਡੱਲੇਵਾਲਾ ਦਾ ਨਵਾਂ ਗੀਤ 'ਰੁਮਾਲ'




ਓਹਾਇਓ, ਅਮਰੀਕਾ ਵਸਦੇ ਗਾਇਕ ਤੇ ਲੇਖਕ ਨਿੰਮਾ ਡੱਲੇਵਾਲਾ ਦਾ ਤੀਜਾ ਸਿੰਗਲ ਟਰੈਕ 'ਰੁਮਾਲ' ਜਿਸ ਦੀ ਵੀਡੀਓ ਮੁਕੰਮਲ ਹੋ ਚੁਕੀ ਹੈ, ਇਸੇ ਹਫਤੇ ਰਿਲੀਜ਼ ਹੋ ਰਿਹਾ ਹੈ। ਗੀਤ ਨਿੰਮੇ ਨੇ ਖੁਦ ਲਿਖਿਆ ਹੈ ਅਤੇ ਸੰਗੀਤ ਅਮਦਾਦ ਅਲੀ ਦਾ ਹੈ। ਨਿਰਮਾਤਾ ਹੇਮੰਤ ਕੁਮਾਰ ਅਤੇ ਨਿਰਦੇਸ਼ਕ ਹਨੀ ਹਰਦੀਪ ਦਾ ਤਿਆਰ ਇਹ ਗੀਤ ਇੰਗਲੈਂਡ ਦੀ ਕੰਪਨੀ ਐਚ1ਵਾਈ ਵਲੋਂ ਲੋਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਨਿੰਮੇ ਦੇ ਪਹਿਲੇ ਗੀਤ ਵੀ ਇਸੇ ਬੈਨਰ ਹੇਠ ਰਿਲੀਜ਼ ਹੋਏ ਸਨ।

ਗੀਤ ਦੀ ਵੀਡੀਓ ਪੰਜਾਬ ਦੇ ਇਕ ਪਿੰਡ ਵਿਚ ਸ਼ੂਟ ਕੀਤੀ ਗਈ ਜਿਸ ਵਿਚ ਬਹੁ-ਚਰਚਿਤ ਅਦਾਕਾਰ ਅਮ੍ਰਿਤਪਾਲ ਬਿੱਲਾ ਨੇ ਵੀ ਭੂਮਿਕਾ ਨਿਭਾਈ ਹੈ ਅਤੇ ਆਉਣ ਵਾਲੀਆਂ ਫਿਲਮਾਂ ਵਿਚ ਨਜ਼ਰ ਆਉਣ ਵਾਲੀ ਕੁੜੀ ਸੋਨੀਆ ਵੀ ਇਸ ਗੀਤ ਵਿਚ ਨਜ਼ਰ ਆਵੇਗੀ। ਨਿੰਮੇ ਡੱਲੇਵਾਲੇ ਦਾ ਗੀਤ 'ਰੁਮਾਲ' ਇਸ ਹਫਤੇ ਜੱਸ ਪੰਜਾਬੀ, ਐਚ ਐਮ ਵੰਨ ਅਤੇ ਜਲੰਧਰ ਦੂਰਦਰਸ਼ਨ ਉਤੇ ਲਗਾਤਾਰ ਵੇਖਣ ਨੂੰ ਮਿਲੇਗਾ। ਯੂ ਟਿਊਬ ਅਤੇ ਫੇਸਬੁੱਕ ਤੋਂ ਵੀ ਲੱਭਿਆ ਜਾ ਸਕਦਾ ਹੈ, ਰੁਮਾਲ।

ਨਿੰਮੇ ਨੂੰ ਉਮੀਦ ਹੈ, ਇਹ ਗੀਤ ਉਸ ਨੂੰ ਲੋਕਾਂ ਦੇ ਹੋਰ ਕਰੀਬ ਕਰੇਗਾ ਕਿਉਂਕਿ ਉਸ ਦੇ ਪਹਿਲੇ ਗੀਤਾਂ ਵਾਂਗ ਇਸ ਵਿਚ ਵੀ ਪੰਜਾਬੀ ਸਭਿਆਚਾਰ ਦੇ ਭਰਪੂਰ ਰੰਗ ਝਲਕਦੇ ਹਨ।

**ਨਿੰਮੇ ਦਾ ਸੰਪਰਕ ਫੋਨ: 513-432-9754 ਅਤੇ 513-432-4657**

# ਸ਼ਤਾਬਦੀ ਸਮਾਗਮਾਂ ਦੀ ਅਸਫਲਤਾ ਲਈ ਬਾਦਲਾਂ ਨੇ ਲਾਇਆ ਸੀ ਟਿਲ

**ਚੰਡੀਗੜ੍ਹ:** ਤਖਤ ਪਟਨਾ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350 ਸਾਲਾ ਸ਼ਤਾਬਦੀ ਸਮਾਗਮਾਂ ਬਾਰੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵੱਡਾ ਖੁਲਾਸਾ ਕੀਤਾ ਹੈ। ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਉਤੇ ਦੋਸ਼ ਲਾਇਆ ਹੈ ਕਿ ਉਹ ਸਮਾਗਮ ਨੂੰ ਫੇਲ ਕਰਨਾ ਚਾਹੁੰਦੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਕੋਈ ਸ਼ਤਾਬਦੀ ਸਮਾਗਮ ਪੰਜਾਬ ਤੋਂ ਬਾਹਰ ਮਨਾਇਆ ਜਾਵੇ।



ਬਾਦਲ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਉਨ੍ਹਾਂ ਨੂੰ ਫੋਨ ਕਰ ਕੇ ਵੀ ਸਮਾਗਮ ਰੱਦ ਕਰ ਲਈ ਕਹਿੰਦੇ ਰਹੇ। ਤੇ ਕਹਿੰਦੇ ਸਨ ਕਿ ਸ਼ਤਾਬਦੀ ਮਨਾਉਣਾ 'ਖਾਲਾ ਜੀ ਦਾ ਵਾੜਾ ਨਹੀਂ।' ਪਟਨਾ ਸਾਹਿਬ ਵਿਚ ਗੱਲਬਾਤ ਦੌਰਾਨ ਜਥੇਦਾਰ ਨੇ ਇਹ ਖੁਲਾਸਾ ਕੀਤਾ। ਉਨ੍ਹਾਂ ਦੇ ਇਸ ਖੁਲਾਸੇ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਹ ਅਕਾਲੀ ਦਲ ਦੇ ਖਿਲਾਫ ਹਨ। ਇਸ ਤੋਂ ਪਹਿਲਾਂ ਦਮਦਮਾ ਸਾਹਿਬ ਦੇ ਮੁਖੀ ਗੁਰਮੁਖ ਸਿੰਘ ਦੇ ਤੇਵਰ ਅਕਾਲੀ ਦਲ ਦੇ ਵਿਰੁੱਧ ਚੱਲ ਰਹੇ ਹਨ ਜੋ ਅਕਾਲੀ ਦਲ ਦੀ ਧਾਰਮਿਕ ਰਾਜਨੀਤੀ ਲਈ ਖਤਰੇ ਦੀ ਘੰਟੀ ਹੈ।

ਇਸ ਖੁਲਾਸੇ ਤੋਂ ਬਾਅਦ ਹੁਣ ਸ੍ਰੀ ਅਕਾਲ ਤਖਤ ਦੇ ਜਥੇਦਾਰ ਹੀ ਅਕਾਲੀ ਦਲ ਦੇ ਨਾਲ ਰਹੇ ਗਏ ਹਨ। ਇਸ ਸਬੰਧੀ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਇਹ ਦੋਸ਼ ਬੇਬੁਨਿਆਦ ਹਨ। ਸ਼ਤਾਬਦੀ ਤਾਂ ਉਥੇ ਹੀ ਮਨਾਈ ਜਾਂਦੀ ਹੈ, ਜਿਥੋਂ ਇਤਿਹਾਸ ਜੁੜਿਆ ਹੋਵੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਸਮਾਗਮ ਵਿਚ ਵੱਧ ਤੋਂ ਵੱਧ ਤੋਂ ਮਦਦ ਕੀਤੀ ਤੇ ਸੰਗਤ ਨੂੰ ਉਥੇ ਪਹੁੰਚਾਉਣ ਲਈ ਮੁਫਤ ਪ੍ਰਬੰਧ ਕੀਤੇ ਗਏ।

# ਗੁਰਦੁਆਰਾ ਗਰਲੈਂਡ ਵਿਚ ਖਾਲਸਾ ਸਾਜਨਾ ਦਿਵਸ ਮਨਾਇਆ

**ਡੈਲਸ, ਟੈਕਸਸ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਟੈਂਪਲ, ਗਾਰਲੈਂਡ ਵਿਚ ਖਾਲਸਾ ਸਾਜਨਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਵੱਡੀ ਗਿਣਤੀ ਸੰਗਤ ਗੁਰੂ ਘਰ ਨਤਮਸਤਕ ਹੋਈ।

ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਸਜੇ ਕੀਰਤਨ ਦਰਬਾਰ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਸ਼ਬਦ ਕੀਰਤਨ ਕੀਤਾ। ਭਾਈ ਅਮਰਜੀਤ ਸਿੰਘ ਦੇ ਕਵੀਸ਼ਰੀ ਜਥੇ ਨੇ ਵਾਰਾਂ ਪੇਸ਼ ਕਰਕੇ ਸੰਗਤ ਵਿਚ ਖਾਲਸਾਈ ਜੋਸ਼ ਭਰਿਆ।

ਇਸੇ ਦੌਰਾਨ ਸੰਗਤ ਵਲੋਂ ਗੁਰੂ ਘਰ ਦੀ ਪਰਿਕਰਮਾ ਕੀਤੀ ਗਈ। ਪੰਜਾਬੀ ਸਕੂਲ ਦੇ ਬੱਚੇ ਰਵਾਇਤੀ ਬਾਣੇ ਅਤੇ ਕੇਸਰੀ ਦੁਪੱਟਿਆਂ, ਪੱਗਾਂ ਅਤੇ ਪਟਕਿਆਂ ਵਿਚ ਸਜੇ ਸਭ ਤੋਂ ਅੱਗੇ ਅੱਗੇ ਚੱਲ ਰਹੇ ਸਨ। ਬੱਚਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਰੰਧਾਵਾ ਨੇ ਖਾਲਸਾ ਸਿਰਜਣਾ ਦਿਵਸ ਦੀ ਵਧਾਈ ਦਿੰਦਿਆਂ ਸੰਗਤ ਦਾ ਧੰਨਵਾਦ ਕੀਤਾ।




(ਉਪਰ) ਗੁਰਦੁਆਰਾ ਗਾਰਲੈਂਡ ਵਿਚ ਬੱਚੇ ਕੀਰਤਨ ਕਰਦੇ ਹੋਏ ਅਤੇ (ਹੇਠਾਂ) ਪੰਜਾਬੀ ਸਕੂਲ ਦੇ ਬੱਚੇ ਤੇ ਸੰਗਤ ਗੁਰਦੁਆਰੇ ਦੀ ਪਰਿਕਰਮਾ ਕਰਦਿਆਂ




# ਸਭਿਆਚਾਰਕ ਵਿਗਾੜ ਨੂੰ ਠੱਲ੍ਹਣ ਲਈ ਨਿੱਤਰੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਮਾਂਬੱਧ ਢੰਗ ਨਾਲ ਸੂਬੇ ਦੀ ਸੱਭਿਆਚਾਰਕ ਨੀਤੀ ਬਣਾਉਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਵਿਚ 100 ਏਕੜ ਰਕਬੇ ਵਿਚ ਫਿਲਮ ਸਿਟੀ ਬਣਾਉਣ ਦੀ ਤਜਵੀਜ਼ ਵੀ ਤਿਆਰ ਕੀਤੀ ਹੈ। ਸਥਾਨਕ ਸਰਕਾਰਾਂ ਤੇ ਸੱਭਿਆਚਾਰਕ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਸਿਰਮੌਰ ਸਾਹਿਤਕਾਰਾਂ ਦੇ ਚਾਰ ਘੰਟੇ ਵਿਚਾਰ ਸੁਣਨ ਤੋਂ ਬਾਅਦ ਸਾਹਿਤਕਾਰ ਤੇ ਲੇਖਕਾਂ ਨੂੰ ਇਕ ਹਫਤੇ ਵਿਚ ਸੱਭਿਆਚਾਰਕ ਵਿਭਾਗ ਨੂੰ ਲਿਖਤੀ ਸੁਝਾਅ ਭੇਜਣ ਅਤੇ 15 ਦਿਨਾਂ ਬਾਅਦ ਮੁੜ ਮੀਟਿੰਗ ਕਰਨ ਦਾ ਫੈਸਲਾ ਕੀਤਾ। ਇਨ੍ਹਾਂ ਸੁਝਾਵਾਂ ਦੇ ਆਧਾਰ 'ਤੇ ਸੱਭਿਆਚਾਰਕ ਨੀਤੀ ਦਾ ਖਰੜਾ ਤਿਆਰ ਕਰ ਕੇ ਇਸ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

ਉਨ੍ਹਾਂ ਨਸ਼ਿਆਂ, ਬੰਦੂਕਾਂ-ਗੰਡਾਸਿਆਂ ਨੂੰ ਉਤਸ਼ਾਹਿਤ ਕਰਨ ਅਤੇ ਧੀਆਂ-ਧਿਆਣੀਆਂ ਨੂੰ ਭੱਦੇ ਢੰਗ ਨਾਲ ਪੇਸ਼ ਕਰਨ ਵਾਲੀ ਗਾਇਕੀ ਨੂੰ ਸੈਂਸਰ ਬੋਰਡ ਜਾਂ ਹੋਰ ਰੋਕਾਂ ਰਾਹੀਂ ਠੱਲ੍ਹਣ ਦੀ ਥਾਂ ਇਸ ਦੇ ਬਰਾਬਰ ਮੁਹਿੰਮ ਚਲਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਦੇ ਕੰਢੀ ਖੇਤਰ ਵਿਚ ਸਸਤੀ ਤੇ ਕਾਫੀ ਜ਼ਮੀਨ ਹੈ ਅਤੇ ਉਹ 100 ਏਕੜ ਵਿਚ ਫਿਲਮ ਸਿਟੀ ਬਣਾਉਣ ਦੀ ਤਜਵੀਜ਼ ਵੀ ਮੁੱਖ ਮੰਤਰੀ ਕੋਲ ਲੈ ਕੇ ਜਾਣਗੇ। ਉਨ੍ਹਾਂ ਪਾਇਰੇਸੀ ਨੂੰ ਰੋਕਣ ਲਈ ਗੁੰਡਾ ਐਕਟ ਬਣਾਉਣ ਦਾ ਭਰੋਸਾ ਵੀ ਦਿੱਤਾ।

ਸ੍ਰੀ ਸਿੱਧੂ ਨੇ ਵਿਰਸਾ ਵਿਹਾਰ ਕੇਂਦਰਾਂ ਵਿਚ ਲੱਗ ਰਹੀਆਂ ਕਮਰਸ਼ੀਅਲ ਪ੍ਰਦਰਸ਼ਨੀਆਂ ਰੋਕ ਕੇ ਸੱਭਿਆਚਾਰਕ ਕੇਂਦਰ ਵਜੋਂ ਵਿਕਸਤ ਕਰਨ ਦੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਆਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਧਾਰਮਿਕ ਤੇ ਵਿਰਾਸਤੀ ਥਾਵਾਂ ਦੇ ਸੈਲਾਨੀਆਂ ਲਈ ਵਿਸ਼ੇਸ਼ ਸਰਕਟ ਬਣਾਏ ਜਾਣਗੇ। ਮੀਟਿੰਗ ਦੌਰਾਨ ਸਾਹਿਤਕਾਰਾਂ ਤੇ ਲੇਖਕਾਂ ਨੇ ਸ੍ਰੀ ਸਿੱਧੂ ਨੂੰ ਉਨ੍ਹਾਂ ਦੇ ਲਹਿਜੇ ਅਨੁਸਾਰ ਟੋਟਕਿਆਂ ਦੇ ਰੂਪ ਵਿਚ ਹੀ ਵਿਚਾਰ ਦਿੱਤੇ ਅਤੇ ਕਈ ਵਾਰ ਮੀਟਿੰਗ ਵਿਚ ਠਹਾਕੇ ਗੂੰਜਦੇ ਰਹੇ। ਸ਼ਾਇਰ ਸੁਰਜੀਤ ਪਾਤਰ ਨੇ ਕਿਹਾ ਕਿ ਪੰਜਾਬ ਨੂੰ ਮੁੜ ਪੰਜਾਬ ਬਣਾਉਣ ਦੀ ਨੀਤੀ ਘੜਨ ਦੀ ਲੋੜ ਹੈ। ਇਸ ਤੋਂ ਇਲਾਵਾ ਪੰਜਾਬੀਆਂ ਦੇ ਬਚਪਨ ਤੇ ਜਵਾਨੀ ਬਚਾਉਣ ਲਈ ਉਨ੍ਹਾਂ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ ਕਿਉਂਕਿ ਸੱਭਿਆਚਾਰ ਕਿਸੇ ਵੀ ਦੇਸ਼ ਦੀ ਆਤਮਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਚੰਗੇ ਸ਼ਬਦ ਤੇ ਸੰਗੀਤ ਪੱਛੜਦਾ ਜਾ ਰਿਹਾ ਹੈ ਅਤੇ 'ਡਿਸਕਵਰੀ ਆਫ ਪੰਜਾਬ' ਤੇ 'ਕੌਫੀ ਟੇਬਲ ਬੁੱਕ' ਲਿਖਣ ਦੀ ਵੀ ਲੋੜ ਜਾਪਦੀ ਹੈ। ਪੰਜਾਬ ਕਲਾ ਪ੍ਰੀਸ਼ਦ ਦੇ ਸਾਬਕਾ ਸਕੱਤਰ ਜਨਰਲ ਪ੍ਰੋ. ਰਾਜਪਾਲ ਸਿੰਘ ਨੇ ਕਿਹਾ ਕਿ 'ਕਲਚਰਲ ਵਿਲੇਜ' ਅਤੇ ਕਲਚਰਲ ਰੋਡ ਮੈਪ ਬਣਾਉਣਾ ਸਮੇਂ ਦੀ ਮੰਗ ਹੈ। ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਤਕਰੀਬਨ ਪੰਜਾਬ ਦੇ ਹਰੇਕ ਮੁੱਖ ਮੰਤਰੀ ਨਾਲ ਸੱਭਿਆਚਾਰਕ ਨੀਤੀ ਬਣਾਉਣ ਬਾਰੇ ਚਰਚਾ ਹੋਈ ਹੈ, ਪਰ ਅੱਜ ਤੱਕ ਇਹ ਨੀਤੀ ਕਿਸੇ ਸਿਰੇ ਨਹੀਂ ਲੱਗੀ। ਮੀਟਿੰਗ ਵਿੱਚ ਬਤੌਰ ਕਲਾਕਾਰ ਪੁੱਜੇ ਆਮ ਆਦਮੀ ਪਾਰਟੀ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਵੜੈਚ ਨੇ ਕਿਹਾ ਕਿ ਕਿਸੇ ਹੋਰ ਭਾਸ਼ਾ ਦੀ ਕੀਮਤ 'ਤੇ ਮਾਂ ਬੋਲੀ ਨੂੰ ਦਾਅ ਉਪਰ ਲਾਉਣਾ ਦਰੁਸਤ ਨਹੀਂ ਹੈ।


ਸਾਬਕਾ ਆਈ.ਏ.ਐਸ. ਅਧਿਕਾਰੀ ਡਾ. ਕਰਮਜੀਤ ਸਰਾਂ ਨੇ ਪਿਛਲੀ ਸਰਕਾਰ ਦੀ ਕਾਰਗੁਜ਼ਾਰੀ ਉਪਰ ਚੋਟਾਂ ਕਰਦਿਆਂ ਕਿਹਾ ਕਿ ਵਿਦੇਸ਼ੀਆਂ ਕੋਲੋਂ ਪੰਜਾਬ ਦੀ ਸੱਭਿਆਚਾਰਕ ਨੀਤੀ ਬਣਾਉਣ ਉਪਰ 2.31 ਕਰੋੜ ਰੁਪਏ ਖਰਚੇ ਗਏ, ਪਰ ਇਹ ਨੀਤੀ ਸੱਭਿਆਚਾਰਕ ਵਿਭਾਗ ਦੀ ਅਲਮਾਰੀ ਵਿਚ ਬੰਦ ਪਈ ਹੈ। ਲੋਕ ਗਾਇਕ ਪੰਮੀ ਬਾਈ ਨੇ ਨਸ਼ਿਆਂ ਤੇ ਹਥਿਆਰਾਂ ਨੂੰ ਪ੍ਰਫੁੱਲਤ ਕਰਨ ਵਾਲੀ ਗਾਇਕੀ ਨੂੰ ਰੋਕਣ ਅਤੇ ਪੰਜਾਬ ਦੇ ਗਾਇਕਾਂ ਨੂੰ ਅੱਖੋਂ-ਪਰੋਖੇ ਕਰ ਕੇ ਬਾਲੀਵੁੱਡ ਦੇ ਕਲਾਕਾਰਾਂ ਉਪਰ ਕਰੋੜਾਂ ਰੁਪਏ ਰੋੜ੍ਹਨ ਦੀਆਂ ਨੀਤੀਆਂ ਰੱਦ ਕਰਨ ਦੀ ਮੰਗ ਕੀਤੀ।

# ਸੋਸ਼ਲ ਮੀਡੀਆ ਉਤੇ ਰਾਤੋ-ਰਾਤ ਸਟਾਰ ਬਣੇ ਇਹ ਲੋਕ


**ਕਰਾਚੀ:** ਇਹ ਸਾਲ ਉਨ੍ਹਾਂ ਖੂਬਸੂਰਤ ਚਿਹਰਿਆਂ ਦੇ ਨਾਂ ਰਿਹਾ, ਜਿਨ੍ਹਾਂ ਨੂੰ ਸੋਸ਼ਲ ਮੀਡੀਆ ਨੇ ਰਾਤੋ-ਰਾਤ ਸਟਾਰ ਬਣਾ ਦਿੱਤਾ ਅਤੇ ਇਨ੍ਹਾਂ ਵਿਚੋਂ ਕਿਸੇ ਦੀ ਸਾਦਗੀ ਅਤੇ ਕਿਸੇ ਦਾ ਅੰਦਾਜ਼ ਸਾਰਿਆਂ ਦਾ ਮਨ ਮੋਹ ਗਿਆ।

ਗੱਲ ਚਾਹੇ ਪਾਕਿਸਤਾਨ ਦੇ ਚਾਹ ਵਾਲੇ ਦੀ ਹੋਵੇ ਜਾਂ ਫਿਰ ਨੇਪਾਲ ਦੀ ਸਬਜ਼ੀ ਵੇਚਣ ਵਾਲੀ ਦੀ, ਇਹ ਮਿਹਨਤਕਸ਼ ਲੋਕ ਦੁਨੀਆਂ ਤੋਂ ਬੇਪਰਵਾਹ ਆਪਣੇ ਕੰਮ ਕਰਦੇ ਦਿਸੇ ਤਾਂ ਹਰ ਕਿਸੇ ਨੂੰ ਇਨ੍ਹਾਂ 'ਤੇ ਪਿਆਰ ਆ ਗਿਆ ਅਤੇ ਇਸ ਪਿਆਰ ਨੇ ਉਨ੍ਹਾਂ ਦੀ ਕਿਸਮਤ ਬਦਲ ਦਿੱਤੀ। ਨੇਪਾਲ ਵਿਚ ਪਿਛਲੇ ਮਹੀਨੇ ਸਬਜ਼ੀ ਵੇਚਣ ਵਾਲੀ ਇਕ ਕੁੜੀ ਚਰਚਾ ਦਾ ਵਿਸ਼ਾ ਬਣੀ ਰਹੀ। ਲੋਕਾਂ ਨੇ ਹੈਸ਼ਟੈਗ ਤਰਕਾਰੀਵਾਲੀ ਨਾਲ ਇਸ ਕੁੜੀ ਦੀਆਂ ਤਸਵੀਰਾਂ ਨੂੰ ਵਧ ਤੋਂ ਵਧ ਸ਼ੇਅਰ ਕੀਤਾ।

ਲੋਕ ਇਸ ਕੁੜੀ ਦੀ ਖੂਬਸੂਰਤੀ ਦੇ ਨਾਲ-ਨਾਲ ਉਸ ਦੀ ਮਿਹਨਤ ਦੇ ਕਾਇਲ ਹੋ ਗਏ। ਚੀਨ ਵਿਚ ਮਿਰਚਾਂ ਵੇਚਣ ਵਾਲੀ ਕੁੜੀ ਦੀ ਖੂਬਸੂਰਤੀ ਲੋਕਾਂ ਨੂੰ ਮਿਰਚਾਂ ਤੋਂ ਵੀ ਤਿੱਖੀ ਲੱਗੀ। ਲੋਕਾਂ ਨੇ ਕਿਹਾ ਕਿ ਪਿੰਡ ਦੀ ਇਹ ਕੁੜੀ ਕਈ ਵੱਡੀਆਂ ਮਾਡਲਾਂ ਨੂੰ ਟੱਕਰ ਦੇ ਸਕਦੀ ਹੈ। ਤਾਈਵਾਨ ਵਿਚ ਸਟਰੀਟ ਫੂਡ ਸ਼ਾਪ 'ਤੇ ਚਿਕਨ ਵੇਚਣ ਵਾਲੀ ਕੁੜੀ ਦੀਆਂ ਤਸਵੀਰਾਂ ਵੀ ਰਾਤੋ-ਰਾਤ ਵਾਇਰਲ ਹੋ ਗਈਆਂ। ਹਾਲਾਂਕਿ ਇਹ ਕੁੜੀ ਸਾਬਕਾ ਮਾਡਲ ਹੀ ਸੀ। ਇਹ ਕੁੜੀ ਜਦੋਂ ਚਿਕਨ ਵੇਚਦੀ ਹੈ ਤਾਂ ਖਰੀਦਣ ਵਾਲਿਆਂ ਦੀਆਂ ਦੁਕਾਨ 'ਤੇ ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ। ਪਾਕਿਸਤਾਨ ਦੇ ਚਾਹ ਵਾਲੇ ਅਰਸ਼ਦ ਖਾਨ ਦੀਆਂ ਤਸਵੀਰਾਂ ਨਾ ਸਿਰਫ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ, ਸਗੋਂ ਰਾਤੋ-ਰਾਤ ਉਸ ਦੀ ਕਿਸਮਤ ਵੀ ਬਦਲ ਗਈ। ਨੀਲੀਆਂ ਅੱਖਾਂ ਵਾਲਾ ਇਹ ਚਾਹ ਵਾਲਾ ਹੁਣ ਪਾਕਿਸਤਾਨ ਵਿਚ ਸੈਲੀਬ੍ਰਿਟੀ ਹੈ ਅਤੇ ਉਸ ਕੋਲ ਮਾਡਲਿੰਗ ਅਤੇ ਫਿਲਮਾਂ ਦੇ ਕਈ ਆਫਰ ਹਨ।








## Michigan Truck Driving School

6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ





*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

## Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਹਮ ਭੂਲ ਗਏ ਹਰ ਬਾਤ ਮਗਰ ਤੇਰਾ ਪਿਆਰ ਨਹੀਂ ਭੂਲੇ...



## ਬਾਤਾਂ ਨਸੀਮ ਬੇਗਮ ਦੀਆਂ

ਕਲਾ ਪਰਿਕਰਮਾ

ਮਸ਼ਹੂਰ ਗਾਇਕਾ ਨਸੀਮ ਬੇਗ਼ਮ ਨੂੰ ਇਸ ਜੱਗ-ਜਹਾਨ 'ਤੇ ਜਿਊਣ ਦਾ ਬਹੁਤ ਥੋੜ੍ਹਾ ਮੌਕਾ ਮਿਲਿਆ। ਉਹ 35 ਵਰ੍ਹਿਆਂ ਦੀ ਸੀ ਜਦੋਂ 29 ਸਤੰਬਰ 1971 ਨੂੰ ਉਸ ਦਾ ਇੰਤਕਾਲ ਹੋ ਗਿਆ। ਉਸ ਦਾ ਜਨਮ 1936 ਵਿਚ ਅੰਮ੍ਰਿਤਸਰ ਵਿਖੇ ਹੋਇਆ ਸੀ। 1950ਵਿਆਂ

**ਕੀਰਤ ਕਾਸ਼ਣੀ**

ਦੇ ਅਖੀਰ ਵਿਚ ਉਸ ਨੇ ਆਪਣੀ ਕਲਾ ਦੇ ਖੂਬ ਜਲਵੇ ਦਿਖਾਏ ਅਤੇ ਰਾਤੋ-ਰਾਤ ਮਸ਼ਹੂਰ ਹੋ ਗਈ। 1964 ਤੱਕ ਪੁੱਜਦਿਆਂ ਤਾਂ ਉਸ ਨੇ ਪੰਜ ਵਾਰ ਵੱਕਾਰੀ ਨਿਗਾਰ ਇਨਾਮ ਜਿੱਤ ਲਿਆ ਸੀ। ਉਸ ਦੀ ਆਵਾਜ਼ ਅਤੇ ਸ਼ਕਲ ਦੇ ਪੱਖ ਤੋਂ ਉਸ ਨੂੰ ਸੰਗਤਿ ਦੇ ਖੇਤਰ ਦੀ 'ਦੂਜੀ ਨੂਰ ਜਹਾਂ' ਦਾ ਰੁਤਬਾ ਵੀ ਮਿਲ ਗਿਆ। ਨੂਰ ਜਹਾਂ ਦੇ ਪਰਛਾਵੇਂ ਵਿਚੋਂ ਨਿਕਲਣਾ ਬਹੁਤ ਔਖਾ ਕੰਮ ਸੀ, ਪਰ ਉਸ ਨੇ ਅਜਿਹਾ ਕਰ ਦਿਖਾਇਆ ਅਤੇ ਆਪਣੀ ਵੱਖਰੀ ਪਛਾਣ ਬਣਾਉਣ ਵਿਚ ਸਫ਼ਲ ਰਹੀ।

ਨਸੀਮ ਬੇਗਮ ਨੇ ਬਹੁਤੇ ਗੀਤ ਭਾਵੇਂ ਫਿਲਮਾਂ ਲਈ ਹੀ ਗਾਏ, ਪਰ ਗੀਤਾਂ ਦੀਆਂ ਸੁਗਮ ਸੰਗੀਤ ਵਾਲੀਆਂ ਤਰਜ਼ਾਂ ਲੋਕਾਂ ਦੇ ਦਿਲਾਂ 'ਤੇ ਛਾ ਗਈਆਂ। ਨਸੀਮ ਨੇ ਸੰਗੀਤ ਦੀ ਸਿਖਲਾਈ ਮਸ਼ਹੂਰ ਗਜ਼ਲ ਗਾਇਕਾ ਫਰੀਦਾ ਖਾਨਮ ਦੀ ਵੱਡੀ ਭੈਣ ਮੁਖਤਾਰ ਬੇਗਮ ਤੋਂ ਹਾਸਲ ਕੀਤੀ। ਪਹਿਲੀ ਵਾਰ ਉਸ ਨੇ 1956 ਵਿਚ ਸੰਗੀਤਕਾਰ ਗੁਲਾਮ ਅਹਿਮਦ ਚਿਸ਼ਤੀ ਲਈ ਫਿਲਮੀ ਗੀਤ ਗਾਇਆ। ਇਹ 1958 ਦੀ ਗੱਲ ਹੈ ਕਿ ਸੰਗੀਤਕਾਰ ਮੀਆਂ ਸ਼ਹਿਰਯਾਰ ਉਸ ਦੀ ਆਵਾਜ਼ ਉਤੇ ਫਿਦਾ ਹੋ ਗਿਆ ਅਤੇ ਉਸ ਨੂੰ ਆਪਣੀ ਫਿਲਮ 'ਬੇਗੁਨਾਹ' ਵਿਚ ਉਚੇਚਾ ਮੌਕਾ ਦਿੱਤਾ। ਉਸ ਵੇਲੇ ਨਸੀਮ ਦੀ ਉਮਰ 22 ਵਰ੍ਹਿਆਂ ਦੀ ਸੀ। ਇਸ ਤੋਂ ਬਾਅਦ ਸਫ਼ਲਤਾ ਉਸ ਦੇ ਰਾਹਾਂ ਅੱਗੇ ਵਿਛਦੀ ਗਈ ਅਤੇ ਉਸ ਨੇ ਬਹੁਤ ਸਾਰੇ ਯਾਦਗਾਰੀ ਗੀਤ ਸਰੋਤਿਆਂ ਨੂੰ ਦਿੱਤੇ।

ਨਸੀਮ ਬੇਗਮ ਨੇ ਸ਼ਾਮ ਢਲੇ, ਸਹੇਲੀ, ਸ਼ਹੀਦ, ਔਲਾਦ, ਬਾਜੀ, ਇਕ ਤੇਰਾ ਸਹਾਰਾ, ਹਵੇਲੀ, ਫਰੰਗੀ, ਪਾਇਲ ਕੀ ਝਨਕਾਰ ਅਤੇ ਪਰਦੇਸ ਵਰਗੀਆਂ ਉਰਦੂ ਫਿਲਮਾਂ ਵਿਚ ਗੀਤ ਗਾਏ। ਉਸ ਨੇ ਕਈ ਪੰਜਾਬੀ ਫਿਲਮਾਂ ਦੇ ਗੀਤ ਵੀ ਗਾਏ, ਇਨ੍ਹਾਂ ਫਿਲਮਾਂ ਵਿਚ ਕਰਤਾਰ ਸਿੰਘ, ਤੀਸ ਮਾਰ ਖਾਨ, ਮੁਖੜਾ ਚੰਨ ਵਰਗਾ ਆਦਿ ਮੁਖ ਹਨ। ਲੁਟੇਰਾ, ਕੌਨ ਕਿਸੀ ਕਾ, ਕੌਸਰ,




ਚੰਨ ਪੁੱਤਰ, ਮੇਰਾ ਵੀਰ, ਚੰਨ ਵੀਰ, ਲੰਗੋਟੀਆ ਅਤੇ ਯੇ ਰਾਸਤੇ ਹੈਂ ਪਿਆਰ ਕੇ, ਵਰਗੀਆਂ ਫਿਲਮਾਂ ਤਾਂ ਉਸ ਦੇ ਗੀਤਾਂ ਕਰ ਕੇ ਹੀ ਯਾਦ ਕੀਤੀਆਂ ਜਾਂਦੀਆਂ ਹਨ।

ਨਸੀਮ ਨੇ ਦੇਸ਼ ਭਗਤੀ ਦੇ ਕਈ ਗੀਤ ਗਾਏ ਜੋ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਏ। 'ਅਹਿ ਰਾਹ-ਏ-ਹੱਕ ਕੇ ਸ਼ਹੀਦੋ ਵਫ਼ਾ ਕੀ ਤਸਵੀਰੋ, ਤੁਮੇ ਵਤਨ ਕੀ ਹਵਾਏਂ ਸਲਾਮ ਕਰਤੀ ਹੈਂ" ਗੀਤ ਨਾਲ ਉਸ ਦੀ ਬੜੀ ਚਰਚਾ ਹੋਈ। ਇਹ ਗੀਤ 1966 ਵਿਚ ਰਿਲੀਜ਼ ਹੋਈ ਫਿਲਮ 'ਮਾਦਰ-ਏ-ਵਤਨ' ਦਾ ਸੀ। ਇਹ ਗੀਤ ਸੈਫ਼-ਉਦ-ਦੀਨ ਸੈਫ਼ ਨੇ ਲਿਖਿਆ ਸੀ ਅਤੇ ਸੰਗੀਤ ਸਲੀਮ ਇਕਬਾਲ ਨੇ ਤਿਆਰ ਕੀਤਾ ਸੀ। ਉਸ ਦੇ ਕੁਝ ਚਰਚਿਤ ਗੀਤਾਂ ਦੇ ਮੁਖੜੇ ਇਉਂ ਹਨ:

ਹਮ ਭੂਲ ਗਏ ਹਰ ਬਾਤ...
ਵੀਰ ਮੇਰਾ ਘੋੜੀ ਚੜ੍ਹਿਆ...
ਉਸ ਬੇਵਫ਼ਾ ਕਾ ਸ਼ਹਿਰ ਹੈ...
ਸੌ ਵਾਰ ਚਮਨ ਮਹਿਕਾ...
ਮੇਰਾ ਵਿਛੜਾ ਬਾਲਮ ਘਰ ਆ ਗਿਆ...
ਚੰਦਾ ਤੋਰੀ ਚਾਂਦਨੀ ਮੇਂ...
ਹਬੀਬੀ ਹਈਆ ਹਈਆ...

'ਹਮ ਭੂਲ ਗਏ ਹਰ ਬਾਤ, ਮਗਰ ਤੇਰਾ ਪਿਆਰ ਨਹੀਂ ਭੂਲੇ' ਗੀਤ ਅੱਜ ਵੀ ਰੇਡੀਓ 'ਤੇ ਅਕਸਰ ਸੁਣ ਜਾਂਦਾ ਹੈ। ਬੇਗਮ ਨਸੀਮ ਦੇ ਘਰੇ ਨਵਾਂ ਜੀਅ ਆਉਣ ਵਾਲਾ ਸੀ ਕਿ ਉਹ ਬਿਮਾਰ ਹੋ ਗਈ ਅਤੇ ਹਸਪਤਾਲ ਵਿਚ ਹੀ ਉਸ ਦੀ ਮੌਤ ਹੋ ਗਈ।



### ਨਸੀਮ ਬੇਗਮ ਅਤੇ ਅਹਿਮਦ ਰਸ਼ਦੀ

*ਨਸੀਮ ਬੇਗਮ ਅਤੇ ਮਸ਼ਹੂਰ ਗਾਇਕ ਅਹਿਮਦ ਰੁਸ਼ਦੀ ਦੀ ਜੋੜੀ ਖੂਬ ਬਣੀ। ਉਨ੍ਹਾਂ ਦੇ ਕਈ ਗੀਤ ਯਾਦਗਾਰੀ ਹੋ ਨਿਬੜੇ। ਅਹਿਮਦ ਰੁਸ਼ਦੀ (24 ਅਪਰੈਲ 1934-11 ਅਪਰੈਲ 1983) ਦਾ ਜਨਮ ਹੈਦਰਾਬਾਦ ਵਿਚ ਹੋਇਆ ਸੀ ਅਤੇ ਉਸ ਦੇ ਵੇਲਿਆਂ ਨੂੰ ਪਾਕਿਸਤਾਨੀ ਫਿਲਮ ਸੰਗੀਤ ਦੇ ਸੁਨਹਿਰੀ ਯੁਗ ਵਜੋਂ ਯਾਦ ਕੀਤਾ ਜਾਂਦਾ ਹੈ। ਉਸ ਨੂੰ ਆਪਣਾ ਕਰੀਅਰ ਅੱਗੇ ਲਿਜਾਣ ਵਿਚ ਬਹੁਤ ਤਰੱਦਦ ਕਰਨਾ ਪਿਆ ਪਰ ਉਹ ਅਜਿਹਾ ਸਫ਼ਲ ਹੋਇਆ ਕਿ ਸਨਮਾਨ ਅਤੇ ਸ਼ੋਹਰਤ ਕਦਮਾਂ ਵਿਚ ਆਣ ਡਿੱਗੇ। ਉਸ ਨੇ ਬਹੁਤ ਸਾਰੇ ਇਨਾਮ ਜਿੱਤੇ ਜਿਨ੍ਹਾਂ ਵਿਚ ਪੰਜ ਨਿਗਾਰ ਐਵਾਰਡ ਅਤੇ ਪੰਜ ਹੀ ਵਾਰ ਮੁਸੱਵਰ ਐਵਾਰਡ ਸ਼ਾਮਲ ਹਨ। ਸੰਨ 2004 ਵਿਚ ਉਸ ਨੂੰ ਸਿਤਾਰਾ-ਏ-ਇਮਤਿਆਜ਼ ਦਾ ਖਿਤਾਬ ਦਿੱਤਾ ਗਿਆ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਪਰੈਲ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-270



*ਪਾਲਸ਼ਾਂ ਬੁਰਸ਼ ਲੈ ਕੇ ਗਲੀਆਂ ਬਾਜ਼ਾਰਾਂ ਵਿਚ*
*ਫਿਰਦਾ ਨਾ ਦਿਸੇ ਯਾਰੋ ਹੁਣ ਕੋਈ ਬੰਦਾ।*
*ਜੁੱਤੀ ਨੂੰ ਗਠਾਉਣਾ-ਲਿਸ਼ਕਾਉਣਾ ਅਲੋਪ ਹੋਇਆ*
*ਖੋਹ ਲਿਆ 'ਅਮੀਰੀ' ਨੇ ਗਰੀਬਾਂ ਕੋਲੋਂ ਧੰਦਾ।*

## ਕੈਪਸ਼ਨ ਮੁਕਾਬਲਾ-268



ਬਿਪਤਾ ਭਾਵੇਂ ਪੈ ਗਈ ਭਾਰੀ
ਪਰ ਚਿੱਤ ਨਾ ਕਦੇ ਡੁਲਾਵਾਂ।
ਮਿਹਨਤ ਵਾਲਾ ਲੜ ਨਾ ਛੱਡਾਂ
ਬਣਦਾ ਆਪਣਾ ਫਰਜ਼ ਨਿਭਾਵਾਂ।
ਦਿਲ ਆਪਣੇ ਦੇ ਟੁਕੜੇ ਤਾਈਂ
ਹਮੇਸ਼ਾ ਦਿਲ ਦੇ ਨਾਲ ਲਗਾਵਾਂ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਬਿਮਾਰ ਹੈ ਬੀਵੀ ਵਿਚ ਹਸਪਤਾਲ ਦੇ
ਜਾਂ ਫਿਰ ਡਾਢੇ ਦੀ ਮਾਰ ਪਈ ਹੈ?
ਦਿਲ ਦਾ ਟੁਕੜਾ ਲਾਇਆ ਸੀਨੇ
ਆਪਣਿਆਂ ਕਿਉਂ ਨਹੀਂ ਸਾਰ ਲਈ ਹੈ?
ਵਾਹ ਓਏ ਸ਼ੇਰਾ! ਤੱਕ ਹਿੰਮਤ ਤੇਰੀ
ਜਾਂਦਾ ਹੈ ਸਭ ਜੱਗ ਬਲਿਹਾਰੇ।
ਹੱਥ ਅੱਡਣ ਤੋਂ ਮਿਹਨਤ ਬਿਹਤਰ
ਜਾਪੇ ਨੀਲੀ ਛਤਰੀ ਵਾਲਾ ਵੀ ਨਿਹਾਰੇ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***
***ਫੋਨ: 408-912-3438***

---

ਜੰਮਦਿਆਂ ਮਾਂ ਸਦਾ ਲਈ ਤੁਰ ਗਈ
ਕਰ ਗਈ ਸਾਨੂੰ ਹਾਲੋਂ ਬੇਹਾਲ।
ਆਪਣਾ ਦੁੱਖ ਢਿੱਡ ਵਿਚ ਪਾ ਕੇ
ਕੰਗਾਰੂ ਵਾਂਗੂ ਚੁੱਕ ਲਿਆ ਬਾਲ।
ਸਭੇ ਦੁੱਖ ਝੱਲ ਲਊਂ, ਪਰ ਇਸ ਦਾ
ਹੋਣ ਨਹੀਂ ਦਿੰਦਾ ਵਿੰਗਾ ਵਾਲ।
***-ਦਵਿੰਦਰ ਕੌਰ***

---

ਗੁਰਬਤ ਵਿਚ ਕੱਢੀ ਜ਼ਿੰਦਗੀ
ਢੇਰੀ ਕਦੀ ਢਾਹੀ ਨਹੀਂ।
ਸਿਰੜ ਨਾਲ ਪਾਇਆ ਸਭ ਕੁਝ
ਮੁਫਤ ਕਦੀ ਕੋਈ ਚੀਜ਼ ਚਾਹੀ ਨਹੀਂ।
ਕੁਦਰਤ ਨੇ ਲਾਲ ਬਖਸ਼ਿਆ
ਭਾਗਾਂਵਾਲੀ ਪਾਲਣ ਤੋਂ ਹੋਈ ਲਾਚਾਰ।
ਸਿਦਕ ਜਿੰਨਾ ਕੁ ਰੱਬ ਨੇ ਦਿੱਤਾ
ਉਸ ਨਾਲ ਹੀ ਬੇੜੀ ਹੋਣੀ ਪਾਰ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਸਾਡੀ ਗਰੀਬਾਂ ਦੀ ਤਾਂ
ਇਸੇ ਤਰ੍ਹਾਂ ਚੱਲਦੀ ਕਬੀਲਦਾਰੀ।
ਪੈਸਾ ਜੋੜ ਜੋੜ ਰਿਕਸ਼ਾ ਲਿਆ
ਘਰ ਵਾਲੀ ਬੱਚਾ ਸੰਭਾਲਣ ਜੋਗੀ ਨਾ ਰਹੀ।
ਮੈਨੂੰ ਵੀ ਦੋ ਟੁੱਕੜਾਂ ਵਾਸਤੇ
ਢੋਣੀ ਪੈਂਦੀ ਸਵਾਰੀ।
***-ਜਗਜੀਤ ਕੌਰ ਚੰਡੀਗੜ੍ਹ***

---

ਮੰਗ ਕੇ ਖਾਣਾ ਇਕ ਵੰਗਾਰ
ਹੱਥੀਂ ਮਿਹਨਤ ਕਰਨੀ
ਨਹੀਂ ਉਲਾਂਭਾ ਕਿਸੇ ਦਾ।
ਪਰ ਇਥੇ ਤਾਂ ਬੰਦਾ ਬੰਦੇ ਨੂੰ ਧੂਹ ਰਿਹਾ।
ਦੇਖੋ ਕਿੰਜ ਦੋ ਸਵਾਈਆਂ ਬਿਠਾ ਪਿਛੇ
ਹੱਥ ਫੜ੍ਹ ਬੱਚਾ ਵੀ
ਕਿਵੇਂ ਸਿਦਕ ਨਿਭਾ ਰਿਹਾ।
ਇਹੀ ਹੈ ਦਸਾਂ ਨਹੁੰਆਂ ਦੀ ਕਿਰਤ
ਕਿੰਜ ਆਪਣਾ ਟੱਬਰ ਪਾਲ ਰਿਹਾ।
***-ਦਰਸ਼ਨਪਾਲ ਦੋਸਾਂਝ***

---

ਬੱਚਾ ਜੰਮ ਕੇ ਮਾਂ ਹੋ ਗਈ ਰੱਬ ਨੂੰ ਪਿਆਰੀ।
ਪੈ ਗਈ ਮੇਰੇ 'ਤੇ ਜ਼ਿੰਮੇਵਾਰੀ ਭਾਰੀ।
ਝੋਲੀ ਬਣਾ ਕੇ ਕੱਪੜੇ ਦੀ
ਵਿਚ ਪਾ ਲਿਆ ਬੱਚਾ।
ਕਰ ਕੇ ਮਿਹਨਤ ਖਾਣੀ
ਇਸ ਨਾਲੋਂ ਹੋਰ ਨਾ ਕੋਈ ਸੌਦਾ ਸੱਚਾ।
ਇਕ ਹੱਥ ਨਾਲ ਰਿਕਸ਼ਾ ਚਲਾਵਾਂ
ਦੂਜੇ ਹੱਥ ਨਾਲ ਫੜ੍ਹਦਾ ਬੱਚਾ।
ਮੰਗਣ ਨਾਲੋਂ ਮਿਹਨਤ ਚੰਗੀ
ਇਹੋ ਸਭ ਨੂੰ ਆਖਾਂ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਇੰਜ ਬਣਿਆ ਕਵੀਸ਼ਰੀ ਜਥਾ

***ਕਵੀਸ਼ਰੀ ਦੇ ਖੇਤਰ ਅੰਦਰ ਕਰਨੈਲ ਸਿੰਘ ਪਾਰਸ ਦਾ ਆਪਣਾ ਮੁਕਾਮ ਹੈ। ਉਸ ਦੀ ਰਚੀ ਕਵੀਸ਼ਰੀ ਦੇ ਕਈ ਮੁਖੜੇ ਤਾਂ ਅੱਜ ਕਹਾਵਤਾਂ ਬਣ ਚੁੱਕੇ ਹਨ। ਪਾਰਸ ਦੇ ਕੈਨੇਡਾ ਵੱਸਦੇ ਲਿਖਾਰੀ ਪੁੱਤਰ ਇਕਬਾਲ ਰਾਮੂਵਾਲੀਆ ਨੇ ਇਸ ਲੇਖ ਵਿਚ ਉਨ੍ਹਾਂ ਦਾ ਆਪਣਾ ਜਥਾ ਬੱਝਣ ਬਾਰੇ ਗੱਲਾਂ ਸਾਂਝੀਆਂ ਕੀਤੀ ਹਨ। ਇਸ ਤੋਂ ਪਾਰਸ ਦੇ ਮਨ ਅੰਦਰ ਆਪਣੇ ਪੁੱਤਰਾਂ ਬਾਬਤ ਉਠਦੇ-ਉਮੜਦੇ ਖਿਆਲ ਇਸ ਲਿਖਤ ਵਿਚ ਬਹੁਤ ਸੋਹਣੇ ਢੰਗ ਨਾਲ ਪਰੋਏ ਗਏ ਹਨ। ਇਕਬਾਲ ਰਾਮੀਵਾਲੀਆ ਪਹਿਲਾਂ ਕਵਿਤਾ ਲਿਖਦਾ ਹੁੰਦਾ ਸੀ, ਪਰ ਜਦੋਂ ਉਸ ਨੇ ਵਾਰਤਕ ਲਿਖੀ ਤਾਂ ਕਵਿਤਾ ਨਾਲੋਂ ਵੀ ਵੱਧ ਬੱਲੇ ਬੱਲੇ ਕਰਵਾ ਦਿੱਤੀ। ਇਸ ਲਿਖਤ ਵਿਚੋਂ ਉਸ ਦੀ ਇਸ ਨਿਵੇਕਲੀ ਅਤੇ ਨਿਆਰੀ ਵਾਰਤਕ ਦਾ ਰੰਗ-ਰੂਪ ਠਾਠਾਂ ਮਾਰਦਾ ਦਿਸਦਾ ਹੈ।***



ਇਕਬਾਲ ਰਾਮੂਵਾਲੀਆ

ਸਵੇਰੇ ਚਾਹ ਤੇ ਪਰਾਉਂਠਿਆਂ ਤੋਂ ਵਿਹਲੇ ਹੋਣ ਬਾਅਦ ਸਾਨੂੰ ਤਿੰਨਾਂ ਭਰਾਵਾਂ (ਬਲਵੰਤ, ਰਛਪਾਲ ਤੇ ਮੈਂ) ਨੂੰ ਬਾਪੂ ਦੇ 'ਦਰਬਾਰ' ਵਿਚ ਹਾਜ਼ਰ ਹੋਣ ਦਾ ਹੁਕਮ ਹੋਇਆ। ਉਹ ਰੇਡੀਓ ਵਾਲੇ ਕਮਰੇ ਵਿਚ ਫਰਸ਼ 'ਤੇ ਵਿਛੀ ਪੁਰਾਣੀ ਦਰੀ ਉਤੇ ਚੌਂਕੜਾ ਮਾਰੀ ਅਖਬਾਰ ਦੇ ਕਾਲਮਾਂ ਵਿਚ ਗੁਆਚਿਆ ਹੋਇਆ ਸੀ। ਉਸ ਦੇ ਚਿਹਰੇ ਉਤੇ ਨਾ ਕਸੇਵਾਂ ਸੀ, ਨਾ ਹੀ ਢਿਲਕ, ਤੇ ਨਾ ਹੀ ਖੇੜਾ! ਮੇਰੇ ਬਾਲੜੇ ਜਿਹੇ ਕੰਬਦੇ ਹੱਥ ਇਕ ਦੂਜੇ ਨੂੰ ਪਲੋਸਣ ਲੱਗੇ। ਪਹਿਲੀ ਸ਼ਾਮ ਭਾਵੇਂ ਸਾਡੇ ਤਿੰਨਾਂ ਭਰਾਵਾਂ ਵੱਲੋਂ ਗਾਈ ਕਵੀਸ਼ਰੀ ਨੇ ਬਾਪੂ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਛਿੜਕ ਦਿੱਤੀ ਸੀ, ਪਰ ਮੇਰੇ ਜ਼ਿਹਨ ਵਿਚ ਇਹ ਖਦਸ਼ਾ ਹਾਲੇ ਵੀ ਹੰਗਾਲੇ ਲੈ ਰਿਹਾ ਸੀ ਕਿ ਬਾਪੂ ਸਾਨੂੰ ਅਗੇ ਤੋਂ ਕਵਸ਼ਰੀ ਗਾਉਣ ਤੋਂ ਵਰਜੇਗਾ।

"ਅਖਬਾਰ ਇਕੱਠੇ ਕਰੋ ਤੇ ਔਸ ਕੋਨੇ 'ਚ ਟਿਕਾਅ ਦਿਓ।" ਐਨਕ ਦੇ ਫਰੇਮ ਉਪਰੋਂ ਦੀ ਆਪਣੀਆਂ ਨਜ਼ਰਾਂ ਸਾਡੇ ਵੱਲ ਸੇਧਦਿਆਂ ਬਾਪੂ ਬੋਲਿਆ। ਉਸ ਦੇ ਬੋਲਾਂ 'ਚ ਨਾ ਤਲਖ਼ੀ ਸੀ, ਨਾ ਨਰਮੀ ਤੇ ਨਾ ਹੀ ਹੁਕਮ।

ਅਗਲੇ ਪਲ ਹਿੰਦੀ, ਪੰਜਾਬੀ ਤੇ ਉਰਦੂ ਦੇ ਇਧਰ-ਉਧਰ ਖਿਲਰੇ ਅਖ਼ਬਾਰ ਸਾਡੇ ਹੱਥਾਂ ਵਿਚ ਚੜ੍ਹ-ਚੜ੍ਹ ਕੇ ਇਕ ਦੂਜੇ ਨੂੰ ਬਗਲਗੀਰ ਹੋਣ ਲੱਗੇ।

"ਬੈਠੋ ਮੇਰੇ ਸਾਹਮਣੇ।" 'ਪ੍ਰੀਤ ਲੜੀ' ਰਿਸਾਲੇ ਕੋਲ ਪਏ ਅਖਬਾਰਾਂ ਨੂੰ ਥਾਪੜਦਿਆਂ ਬਾਪੂ ਬੁੜਬੁੜਾਇਆ: "ਕਵੀਸ਼ਰੀ... ਕਵੀਸ਼ਰੀ... ਕਵੀਸ਼ਰੀ...।"

ਲਫ਼ਜ਼ਾਂ ਦੇ ਆਖਰੀ ਹਿਸਿਆਂ ਨੂੰ ਲਮਕਾਉਂਦਿਆਂ ਬਾਪੂ ਨੇ ਆਪਣੀਆਂ ਭਵਾਂ ਉਤਾਂਹ ਵੱਲ ਖਿੱਚ ਲਈਆਂ। ਫਿਰ ਉਸ ਨੇ ਆਪਣਾ ਸਿਰ ਖੱਬੇ-ਸੱਜੇ ਹਿਲਾਇਆ, ਤੇ ਉਸ ਦੇ ਦੋਵੇਂ ਬੁੱਲ੍ਹ ਹੌਲੀ ਹੌਲੀ ਪਾਸਿਆਂ ਵੱਲ ਨੂੰ ਖਿੱਚੇ ਜਾਣ ਲੱਗੇ। ਉਸ ਦਾ ਹਲਕਾ ਜਿਹਾ ਟੀਰ ਸੰਘਣਾ ਹੋਣ ਲੱਗਿਆ।

"ਕਵੀਸ਼ਰੀ ਮੁੰਡਿਓ ਬਹੁ... ਤ ਔਖਾ ਕਿੱਤਾ ਐ। ਮੇਰਾ ਥੋਨੂੰ ਏਸ ਕੰਮ ਵਿਚ ਪਾਉਣ ਦਾ ਕੋਈ ਇਰਾਦਾ ਨਈਂ। ਮੈਂ ਚਹੁੰਨੈ, ਤੁਸੀਂ ਪੜ੍ਹਾਈਆਂ ਕਰੋ ਤੇ ਨੌਕਰੀਆਂ 'ਤੇ ਲੱਗੋ! ਮੀਂਹ ਆਵੇ, 'ਨ੍ਹੇਰੀ ਆਵੇ, ਨੌਕਰੀ ਵਿਚ ਚੜ੍ਹੇ ਮਹੀਨੇ ਮੀਟਰ ਡਿੱਗੀ ਤੁਰਿਆ ਜਾਂਦੈ!"

ਬਾਪੂ ਦੇ ਮੂੰਹੋ 'ਕਵੀਸ਼ਰੀ' ਸ਼ਬਦ ਸੁਣਦਿਆਂ ਹੀ ਸਾਡੇ ਪਿੰਡ ਵਾਲੇ ਸਾਡੇ ਦੋਸਤ ਗੁਰਦੇਵ ਦੀ ਭੈਣ ਦੇ ਵਿਆਹ ਵਾਲੇ ਬਰਾਤੀਆਂ ਦੀਆਂ ਢਾਣੀਆਂ ਮੇਰੇ ਦਿਮਾਗ ਵਿਚ ਝੂੰਮਣ ਲਗ ਪਈਆਂ ਸਨ। ਸਾਡੇ ਪਲੇਠੇ ਕਵੀਸ਼ਰੀ 'ਸ਼ੋਅ' ਨੂੰ ਸੁਣਨ ਆਏ ਧਰਮਸ਼ਾਲਾ ਦੀਆਂ ਕੰਧਾਂ 'ਤੇ ਬੈਠੇ ਅਣਗਿਣਤ ਸਰੋਤਿਆਂ ਦੀਆਂ ਸਾਡੇ ਉਤੇ ਗੱਡੀਆਂ ਬੇਝਮਕ ਅੱਖਾਂ ਸਾਕਾਰ ਹੋ ਗਈਆਂ ਸਨ। ਮੇਜ਼ ਦੀ ਲੱਤ ਨਾਲ ਕੱਸ ਕੇ ਨੂੜੀ ਸੋਟੀ ਦੇ ਉਪਰਲੇ ਸਿਰੇ 'ਤੇ ਰੁਮਾਲ ਨਾਲ ਬੰਨ੍ਹਿਆ ਨਿੱਕੇ ਬਲੂੰਗੜੇ ਦੇ ਸਿਰ ਵਰਗਾ ਮਾਈਕ੍ਰੋਫੋਨ ਹੱਸਣ ਲੱਗਾ ਸੀ; ਪਰ 'ਔਖਾ ਕਿੱਤਾ' ਸੁਣਦਿਆਂ ਹੀ ਧਰਮਸ਼ਾਲਾ ਵਾਲੇ ਸਰੋਤੇ ਆਪਣੀਆਂ ਪਿੱਠਾਂ ਝਾੜਦੇ, ਆਪੋ ਆਪਣੇ ਘਰਾਂ ਨੂੰ ਤੁਰਨ ਲੱਗੇ। ਬਰਾਤੀਆਂ ਦੇ ਮੰਜੇ ਭਾਂ-ਭਾਂ ਕਰਨ ਲੱਗੇ ਤੇ ਮੰਜਿਆਂ ਹੇਠ ਪਈਆਂ ਸ਼ਰਾਬ ਦੀਆਂ ਬੋਤਲਾਂ ਬਾਹਰ ਵੱਲ ਰੁੜ੍ਹਨ ਲੱਗੀਆਂ। ਮਾਈਕ੍ਰੋਫੋਨ ਪਿਚਕਣ ਲੱਗਾ ਤੇ ਲਾਊਡ ਸਪੀਕਰ ਦੀ ਆਵਾਜ਼ ਵਿਚ ਰੋੜ ਖੜਕਣ ਲੱਗੇ।

"ਹਾਂ, ਮੈਂ ਤੁਹਾਨੂੰ ਕਾਲਜਾਂ-ਯੂਨੀਵਰਸਿਟੀਆਂ ਵਿਚ ਪੜ੍ਹਾਉਣਾ ਚਹੁੰਨਾਂ। ਉਚ ਵਿਦਿਆ।" ਬਾਪੂ ਥੋੜ੍ਹੇ ਅਟਕਾਓ ਬਾਅਦ ਬੋਲਿਆ- "ਪਰ ਪੜ੍ਹਾਈ ਲਈ ਕਾਫ਼ੀ ਸਾਰੇ ਪੈਸਿਆਂ ਦੀ ਜ਼ਰੂਰਤ ਪੈਣੀ ਐਂ, ਤੇ ਜਿੰਨੀ ਕੁ ਆਪਣੇ ਆਪਣੇ ਕੋਲ ਗੁੰਜਾਇਸ਼ ਐ, ਉਸ ਮੁਤਾਬਕ ਮੈਂ ਥੋਨੂੰ ਕਾਲਜਾਂ ਦਾ ਖਰਚਾ ਨਈਂ ਦੇ ਸਕਣਾ।"

ਹੁਣ ਬਾਪੂ 'ਪ੍ਰੀਤ ਲੜੀ' ਦੇ ਵਰਕੇ ਅੱਗੇ ਪਿਛੇ ਪਲਟਣ ਲੱਗਾ ਜਿਵੇਂ ਉਹ ਆਪਣੇ ਜ਼ਿਹਨ ਵਿਚ ਗੁਆਚ ਗਈ ਕਵੀਸ਼ਰੀ ਦੀ ਕੋਈ ਸਤਰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

"ਥੋਨੂੰ ਕਦੇ ਮੈਂ ਦੱਸਿਆ ਨਈਂ, ਬਈ ਆਪਣੀ ਕਾਫ਼ੀ ਸਾਰੀ ਜ਼ਮੀਨ ਹਾਲੇ ਵੀ ਗਹਿਣੇ ਐ।" ਬਾਪੂ 'ਪ੍ਰੀਤ ਲੜੀ' ਨੂੰ ਕਦੇ ਅੱਗੇ ਤੇ ਕਦੇ ਪਿਛੇ ਧਕਦਿਆਂ-ਖਿਚਦਿਆਂ ਬੋਲਿਆ- "ਮੇਰਾ ਪਿਓ ਅਫ਼ੀਮ ਦਾ ਤਕੜਾ ਅਮਲੀ ਸੀ। ਆਖਰੀ ਸਾਹ ਲੈਣ ਤੋਂ ਪਹਿਲਾਂ ਉਸ ਨੇ ਆਖਰੀ ਸਿਆੜ ਵੀ ਗਹਿਣੇ ਕਰ ਮਾਰਿਆ ਸੀ, ਪਰ ਏਨਾ ਸ਼ੁਕਰ ਆ, ਬਈ ਉਸ ਨੇ ਜ਼ਮੀਨ ਹਾਲੇ ਵੇਚਣੀ ਸ਼ੁਰੂ ਨਹੀਂ ਸੀ ਕੀਤੀ। ਮੈਂ ਉਦੋਂ 12 ਕੁ ਸਾਲ ਦਾ ਸਾਂ, ਅਗਲੇ ਵਰ੍ਹੇ ਮਰੀ ਮਾਂ ਵੀ ਤੁਰਗੀ। ਚਾਰ ਭੈਣਾਂ ਦਾ ਬੋਝ ਮੈਂ 'ਕੱਲੇ ਨੇ ਉਠਾਇਆ। ਹੁਣ ਦੋ ਥੋਡੀਆਂ ਭੈਣਾਂ ਤੇ ਚਾਰ ਤੁਸੀਂ ਭਰਾ। ਕਬੀਲਦਾਰੀ ਖਾਸੀ ਵੱਡੀ ਐ। ਗਾਇਕੀ ਵਿਚ ਭੱਜ-ਦੌੜ ਬਹੁਤ ਹੁੰਦੀ ਐ। ਇਸ ਲਈ ਮੈਂ ਤੁਹਾਨੂੰ ਪੜ੍ਹਾਉਣਾ ਈ ਚਾਹੰਦਾ ਆਂ।"

ਕਮਰੇ 'ਚ ਛਾ ਗਈ ਚੁੱਪ ਲੰਮੇਰੀ ਹੋਣ ਲੱਗੀ। ਬਾਪੂ ਕਦੀ ਸਾਡੇ ਵੱਲ ਦੇਖਦਾ, ਕਦੇ ਰੇਡੀਓ ਵਾਲੀ ਅਲਮਾਰੀ ਵੱਲ, ਤੇ ਕਦੇ 'ਪ੍ਰੀਤ ਲੜੀ' ਵੱਲ।

"ਅਸੀਂ ਕਿਹੜਾ ਪੜ੍ਹਾਈ ਛੱਡਦੇ ਆਂ।" ਸਾਥੋਂ ਦੋਹਾਂ ਤੋਂ ਵੱਡਾ ਬਲਵੰਤ ਆਖਿਰ ਹਿੰਮਤ ਕਰ ਕੇ ਬੋਲਿਆ। ਅਸੀਂ ਤਾਂ ਬੱਸ ਐਵੇਂ ਸ਼ੌਕ ਨਾਲ ਈ ਗਾਇਆ ਸੀ।

ਹੁਣ 'ਪ੍ਰੀਤ ਲੜੀ' ਵਾਰ-ਵਾਰ ਬਾਪੂ ਦੇ ਹੱਥਾਂ 'ਚ ਚੜ੍ਹਨ ਲੱਥਣ ਲੱਗੀ। ਉਹਦਾ ਸਿਰ ਵਾਰ ਵਾਰ ਸੱਜੇ-ਖੱਬੇ ਘੁੰਮਦਾ ਤੇ ਰੁਕ ਜਾਂਦਾ। ਅਗਲੇ ਪਲਾਂ ਵਿਚ ਉਹ ਵਾਰ ਵਾਰ ਆਪਣੀਆਂ ਅੱਖਾਂ ਨੂੰ ਸੁੰਗੇੜਦਾ ਤੇ ਭਵਾਂ ਉਪਰ ਵੱਲ ਖਿੱਚ ਲੈਂਦਾ। ਲਗਾਤਾਰ ਉਸ ਦੀ ਦਾਹੜੀ ਵਿਚ ਕੰਘੀ ਕਰ ਰਹੀਆਂ ਉਸ ਦੀਆਂ ਉਂਗਲਾਂ ਜਿਵੇਂ ਮੇਰੇ ਦਿਲ 'ਤੇ ਘਸਰ ਰਹੀਆਂ ਹੋਵਣ। ਫਿਰ ਉਸ ਨੇ ਆਪਣੀਆਂ ਨਜ਼ਰਾਂ ਵਾਰੋ-ਵਾਰੀ ਸਾਡੇ ਚਿਹਰਿਆਂ 'ਤੇ ਘਸਾਉਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਉਸ ਦੀਆਂ ਐਨਕਾਂ ਉਸ ਦੇ ਨੱਕ ਤੋਂ ਉਤਰ ਕੇ ਦਰੀ 'ਤੇ ਬੈਠ ਗਈਆਂ। ਉਹਦੇ ਸੱਜੇ ਹੱਥ ਦੀਆਂ ਉਂਗਲਾਂ ਉਸ ਦੀਆਂ ਮੁੱਛਾਂ ਨਾਲ ਗੁਫ਼ਤਗੂ ਕਰਨ ਲੱਗੀਆਂ: ਉਹ ਕਦੇ ਸੱਜੀ ਮੁੱਛ 'ਤੇ ਜਾ ਬੈਠਦੀਆਂ, ਤੇ ਕਦੇ ਖੱਬੀ ਉਤੇ। ਫਿਰ ਉਸ ਦੇ ਹੱਥ, ਕਲੰਘੜੀ ਬਣ ਕੇ ਉਸ ਦੇ ਸਿਰ 'ਤੇ ਜਾ ਬਿਰਾਜੇ। ਕਾਫੀ ਦੇਰ ਬਾਅਦ ਉਸ ਦਾ ਮੂੰਹ ਰਤਾ ਕੁ ਖੁੱਲ੍ਹਿਆ, ਤੇ ਉਸ ਦੇ ਹੇਠਲੇ ਬੁੱਲ੍ਹ ਸਮੇਤ, ਉਸ ਦੇ ਮੂੰਹ ਦੀਆਂ ਕੰਨੀਆਂ ਹੇਠਾਂ ਵੱਲ ਖਿੱਚੀਆਂ ਗਈਆਂ।

"ਚੰਗਾ ਇਉਂ ਕਰੋ", ਬਾਪੂ ਅਚਾਨਕ ਬੋਲਿਆ ਜਿਵੇਂ ਕਵੀਸ਼ਰੀ ਦੀ ਗਵਾਚੀ ਸਤਰ ਉਸ ਦੇ ਦਿਮਾਗ 'ਚ ਪਰਤ ਆਈ ਹੋਵੇ- "ਕੱਲ੍ਹ ਵਾਲੀ ਕਵੀਸ਼ਰੀ ਇਕ ਵਾਰੀ ਫਿਰ ਸੁਣਾਓ!"

ਅਗਲੇ ਹੀ ਪਲ ਸ਼ਾਹਣੀ ਕੌਲਾਂ ਦੇ ਚਰਿਤਰ 'ਤੇ ਸ਼ੱਕ ਹੋਣ ਬਾਅਦ ਬੀਜੇ ਬਾਣੀਏਂ ਵੱਲੋਂ ਉਸ ਨੂੰ ਘਰੋਂ ਕੱਢਣ ਵਾਲਾ ਦ੍ਰਿਸ਼ ਚਿਤਰਦੀ ਬਾਪੂ ਪਾਰਸ ਦੀ ਲਿਖੀ ਕਵੀਸ਼ਰੀ ਮੇਰੀ ਜ਼ੁਬਾਨ 'ਤੇ ਖੁਰਕ ਕਰਨ ਲੱਗੀ। ਮੈਂ ਗਲਾ ਸਾਫ਼ ਕੀਤਾ ਤੇ ਮੇਰੀ ਬਾਲ ਉਮਰੀ, ਤਿੱਖੀ ਆਵਾਜ਼ ਕਮਰੇ ਵਿਚ ਗੂੰਜਣ ਲੱਗੀ:

ਕੱਢ'ਤੀ ਪਤੀ ਨੇ ਘਰੋਂ ਧੱਕੇ ਮਾਰ ਕੇ
ਤੁਰ ਚੱਲੀ ਵਾਲ ਸਿਰ ਦੇ ਖਿਲਾਰ ਕੇ!

ਰਛਪਾਲ ਤੇ ਬਲਵੰਤ ਦੇ ਸਿਰ ਇਕ ਦੂਜੇ ਵੱਲ ਉਲਰੇ, ਤੇ ਉਹ ਇਕ ਸੁਰ ਹੋ ਕੇ ਬੋਲੇ:

ਸ਼ਿਵਾ ਨੇ ਵਿਛੋੜ ਦਿੱਤਾ ਪਾਰਬਤੀ ਨੂੰ
ਕੌਲਾਂ ਰੋਂਦੀ ਜਾਂਦੀ ਕਰਮਾਂ ਦੀ ਗਤੀ ਨੂੰ!

ਬਲਵੰਤ ਤੇ ਰਛਪਾਲ ਚੌ-ਸਤਰੀ ਪੰਗਤੀ ਦੀਆਂ ਪਿਛਲੀਆਂ ਦੋ ਸਤਰਾਂ ਮੁਕਾਉਂਦੇ ਤਾਂ ਮੈਂ ਅਗਲੀ ਪੰਗਤੀ ਦੀਆਂ ਪਹਿਲੀਆਂ ਦੋ ਸਤਰਾਂ ਚੁੱਕ ਲੈਂਦਾ। ਮੇਰੀਆਂ ਸਤਰਾਂ ਮੁਕਦਿਆਂ ਹੀ ਰਛਪਾਲ-ਬਲਵੰਤ ਦੀ ਜੋੜੀ ਅਗਲੀਆਂ ਸਤਰਾਂ ਉਠਾ ਲੈਂਦੀ। ਛੰਦ ਜਿਉਂ-ਜਿਉਂ ਆਪਣੀ ਬੁਲੰਦੀ ਵੱਲ ਵਧ ਰਿਹਾ ਸੀ, ਬਾਪੂ ਦਾ ਸਿਰ ਤੇ ਧੜ ਕਦੇ ਪਾਸਿਆਂ ਵੱਲ ਨੂੰ ਹਿਲਦੇ ਤੇ ਕਦੇ ਅੱਗੇ ਪਿਛੇ ਨੂੰ। ਛੰਦ ਦੀਆਂ ਆਖਰੀ ਸਤਰਾਂ ਜਦੋਂ ਅਸੀਂ ਤਿੰਨਾਂ ਨੇ ਰਲ ਕੇ ਸੰਪੂਰਨ ਕੀਤੀਆਂ, ਬਾਪੂ ਦੀਆਂ ਅੱਖਾਂ ਵਿਚ ਫੁੱਲ-ਝੜੀਆਂ ਖਿੜ ਉਠੀਆਂ। ਭੁਕਾਨੇ ਵਾਂਗ ਫੁੱਲ ਗਈਆਂ ਉਸ ਦੀਆਂ ਗੱਲ੍ਹਾਂ 'ਚ ਲਾਲੀ ਥਿਰਕਣ ਲੱਗੀ। ਠੋਡੀ ਨੂੰ ਛਾਤੀ ਵੱਲ ਖਿਚਦਿਆਂ, ਉਸ ਨੇ ਆਪਣੇ ਬੁੱਲ੍ਹਾਂ ਨੂੰ ਛਤਰੀ ਵਾਂਗ ਖੋਲ੍ਹ ਦਿੱਤਾ। ਗੁਲਾਬੀ ਫੁੱਲਾਂ ਦਾ ਗੁਲਦਸਤਾ ਬਣੇ ਆਪਣੇ ਚਿਹਰੇ ਨੂੰ ਉਸ ਨੇ ਚਾਰ-ਪੰਜ ਵਾਰ ਸੱਜੇ-ਖੱਬੇ ਫੇਰਿਆ।

***ਬਾਪੂ ਅਚਾਨਕ ਬੋਲਿਆ ਜਿਵੇਂ ਕਵੀਸ਼ਰੀ ਦੀ ਗਵਾਚੀ ਸਤਰ ਉਸ ਦੇ ਦਿਮਾਗ਼ 'ਚ ਪਰਤ ਆਈ ਹੋਵੇ- "ਕੱਲ੍ਹ ਵਾਲੀ ਕਵੀਸ਼ਰੀ ਇਕ ਵਾਰੀ ਫਿਰ ਸੁਣਾਓ!" ਅਗਲੇ ਹੀ ਪਲ ਸ਼ਾਹਣੀ ਕੌਲਾਂ ਦੇ ਚਰਿਤਰ 'ਤੇ ਸ਼ੱਕ ਹੋਣ ਬਾਅਦ ਬੀਜੇ ਬਾਣੀਏਂ ਵੱਲੋਂ ਉਸ ਨੂੰ ਘਰੋਂ ਕੱਢਣ ਵਾਲਾ ਦ੍ਰਿਸ਼ ਚਿਤਰਦੀ ਬਾਪੂ ਪਾਰਸ ਦੀ ਲਿਖੀ ਕਵੀਸ਼ਰੀ ਮੇਰੀ ਜ਼ੁਬਾਨ 'ਤੇ ਖੁਰਕ ਕਰਨ ਲੱਗੀ। ਮੈਂ ਗਲਾ ਸਾਫ਼ ਕੀਤਾ ਤੇ ਮੇਰੀ ਬਾਲ ਉਮਰੀ, ਤਿੱਖੀ ਆਵਾਜ਼ ਕਮਰੇ ਵਿਚ ਗੂੰਜਣ ਲੱਗੀ:***
***ਕੱਢ'ਤੀ ਪਤੀ ਨੇ ਘਰੋਂ ਧੱਕੇ ਮਾਰ ਕੇ***
***ਤੁਰ ਚੱਲੀ ਵਾਲ ਸਿਰ ਦੇ ਖਿਲਾਰ ਕੇ!***



S. Karnail Singh Paras "Ramuwalia"
Rachpal Singh Gill, Kartar Singh Sidhu
& Chamkaur Singh Sekhon

"ਵਾਹ ਉਏ ਮੁੰਡਿਓ!" ਉਹ ਮੂੰਹ ਫੁਲਾ ਕੇ ਬੋਲਿਆ- "ਏਨੀ ਵਧੀਆ ਗਾਇਕੀ ਆਪਣੇ-ਆਪ ਈ ਕਿਵੇਂ ਸਿੱਖਗੇ?"

---

ਸ਼ਾਮ ਦਾ ਘੁਸ-ਮੁਸਾ ਸੰਘਣਾ ਹੋਣ ਲੱਗਾ ਤਾਂ ਬੇਬੇ ਦਾ ਹੁਕਮ ਹੋਇਆ: "ਚਲੋ ਮੁੰਡਿਓ, ਚਿਮਨੀਆਂ ਸਾਫ਼ ਕਰੋ!"

ਇਕ ਖਾਲੀ ਬੋਰੀ ਰੇਡੀਓ ਵਾਲੇ ਕਮਰੇ ਦੇ ਸਾਹਮਣੇ ਵਿਹੜੇ ਵਿਚ ਵਿਛ ਗਈ ਤੇ ਕਿੱਲੀਆਂ 'ਤੇ ਲਟਕਦੀਆਂ ਲਾਲਟੈਣਾਂ ਤੇ ਰੇਡੀਓ ਵਾਲੇ ਕਮਰੇ ਦੀ ਟਾਂਡ 'ਤੇ ਬੈਠਾ ਲੈਂਪ ਬੋਰੀ ਉਤੇ ਉਤਰ ਆਏ। ਚਿਮਨੀਆਂ, ਲਾਲਟੈਣਾਂ ਦੀਆਂ ਪੱਸਲੀਆਂ ਵਿਚੋਂ ਮਲਕੜੇ-ਮਲਕੜੇ ਨਿਕਲ ਕੇ, ਸਾਡੇ ਨਿੱਕੇ ਨਿੱਕੇ ਹੱਥਾਂ ਵਿਚ ਫੜੇ ਗਿੱਲੇ ਪੋਣਿਆਂ ਨਾਲ ਸਾਫ਼ ਹੋਣ ਲੱਗੀਆਂ। ਮਿੱਟੀ ਦੇ ਤੇਲ ਵਾਲੀ ਪੀਪੀ ਹਰਕਤ ਵਿਚ ਆਈ, ਤੇ ਲੈਂਪ-ਲਾਲਟੈਣਾਂ ਦੇ ਹੇਠਲੇ ਪਾਸਿਆਂ ਨਾਲ ਜੁੜੀ ਗੋਲਾਈ ਵਿਚ ਤੇਲ ਦੀਆਂ ਛੱਲਾਂ ਵੱਜਣ ਲੱਗੀਆਂ। ਮਿੱਟੀ ਦੇ ਤੇਲ ਦੀਆਂ ਗੰਧ ਵਿਹੜੇ 'ਚ ਫੈਲਦੀ-ਫੈਲਦੀ ਕਮਰਿਆਂ ਤੀਕ ਅੱਪੜ ਗਈ।

***ਸਿਆਲੀ ਦਿਨਾਂ ਵਿਚ ਸ਼ਾਦੀਆਂ ਤੇ ਧਾਰਮਿਕ ਦੀਵਾਨਾਂ ਦਾ ਸੀਜ਼ਨ ਹੋਣ ਕਾਰਨ ਬਾਪੂ ਦਾ ਕਵੀਸ਼ਰੀ ਜੱਥਾ ਡਾਢਾ ਮਸਰੂਫ਼ ਹੁੰਦਾ ਸੀ; ਇਸ ਲਈ ਉਹ ਪੰਜਵੇਂ-ਸੱਤਵੇਂ ਦਿਨ ਹੀ ਪਿੰਡ ਪਰਤਦਾ। ਜਿਸ ਦਿਨ ਉਹ ਪਿੰਡ ਹੁੰਦਾ, ਸਾਨੂੰ ਤਿੰਨਾਂ ਨੂੰ ਤੜਕਸਾਰ ਤਿੰਨ-ਚਾਰ ਵਜੇ ਆਵਾਜ਼ ਮਾਰ ਦਿੰਦਾ। ਨਿਆਣ ਉਮਰੇ ਅਸੀਂ ਰਜਾਈ ਦੇ ਨਿੱਘ ਵਿਚੋਂ ਨਿਕਲਣ ਵੇਲੇ ਚੀਂ-ਚੀਂ ਕਰਦੇ, ਪਾਸੇ ਮਾਰਦੇ ਤੇ ਅੱਖਾਂ ਮਲਦੇ। ਸੋਚਦੇ, ਬਾਪੂ ਸ਼ਾਇਦ ਸਾਨੂੰ ਅੱਜ ਛੁੱਟੀ ਹੀ ਬਖਸ਼ ਦੇਵੇ, ਪਰ ਉਹ ਅਸੂਲਾਂ ਦਾ ਪੱਕਾ ਸੀ।***

ਰਸੋਈ 'ਚ ਮਿੱਟੀ ਦੀ ਅੰਗੀਠੀ ਉਤੇ ਉਬਲਦੇ ਆਂਡਿਆਂ ਦੀ ਗੁੜ-ਗੁੜ ਜਦੋਂ ਰੇਡੀਓ ਵਾਲੇ ਕਮਰੇ ਤੀਕ ਅੱਪੜੀ, ਅਲਮਾਰੀ ਵਿਚ ਖਲੋਤੀ ਬੋਤਲ ਬਾਹਰ ਆਉਣ ਲਈ ਤਾਂਘਣ ਲੱਗੀ। ਕੱਚ ਦਾ ਗਲਾਸ, ਪਾਣੀ ਵਾਲੀ ਗੜਵੀ, ਤੇ ਕੱਟੇ ਹੋਏ ਗੰਢਿਆਂ ਦੀ ਪਲੇਟ ਬਾਪੂ ਦੀ ਕੁਰਸੀ ਦੇ ਸਾਹਮਣੇ ਪਏ ਮੇਜ਼ ਉਪਰ ਉਤਰਨ ਲੱਗੇ। ਬਾਪੂ ਦੀਆਂ ਅੱਖਾਂ ਵਿਚ ਜੁਗਨੂੰ ਟਿਮਕਣ ਲੱਗੇ।

"ਗੱਲ ਸੁਣੋ ਮੁੰਡਿਓ", ਦੂਸਰਾ ਪੈਗ ਗਲਾਸ ਵਿਚ ਪਾਉਂਦਿਆਂ ਬਾਪੂ ਬੋਲਿਆ- ਆਓ, ਥੋਡੀ ਕਵੀਸ਼ਰੀ ਦੀ ਗੱਲ ਮੁਕਾਈਏ।"

ਆਂਡੇ ਛਿਲਦੇ ਸਾਡੇ ਹੱਥ ਥਾਏਂ ਸੁੰਨ ਹੋ ਗਏ, ਕਿਤੇ ਬਾਪੂ ਸਾਡੇ ਕਵੀਸ਼ਰੀ ਗਾਉਣ 'ਤੇ ਪਾਬੰਦੀ ਹੀ ਨਾ ਲਾ ਦੇਵੇ!

"ਕਵੀਸ਼ਰੀ ਵਿਚ ਮੈਂ ਤਕੜਾ ਨਾਮ ਕਮਾਇਐ। ਜਿਥੇ ਮੇਰੇ ਕਵੀਸ਼ਰੀ ਜੱਥੇ ਦਾ ਪ੍ਰੋਗਰਾਮ ਹੋਵੇ, ਲੋਕ ਦਸ-ਦਸ ਕੋਹ ਤੋਂ ਵਹੀਰਾਂ ਘੱਤ ਕੇ ਸੁਣਨ ਆਉਂਦੇ ਆ। ਤੁਸੀਂ ਨਿਆਣੇ ਓਂ, ਤੇ ਗਾਉਂਦੇ ਵੀ ਚੰਗਾ ਓ; ਅਭਿਆਸ ਕਰਾ ਕੇ ਮੈਂ ਥੋਨੂੰ ਗੁਣੀਏਂ ਵਿਚ ਲੈ ਆਊਂਗਾ। ਇਸ ਲਈ ਲੋਕ ਤੁਹਾਨੂੰ ਵੀ ਹੱਥਾਂ 'ਤੇ ਚੁੱਕਣਗੇ, ਪਰ... ਮੈਂ ਤੁਹਾਡੀ ਪੜ੍ਹਾਈ ਦਾ ਨੁਕਸਾਨ ਹੋਇਆ ਨਹੀਂ ਦੇਖਣਾ ਚਾਹੁੰਦਾ।"

ਦੂਜਾ ਪੈਗ ਬਾਪੂ ਨੂੰ ਬੇਸਬਰੀ ਨਾਲ ਉਡੀਕ ਰਿਹਾ ਸੀ।

"ਗਾਇਕੀ ਦਾ ਕੋਈ ਪ੍ਰੋਗਰਾਮ ਜੇ ਸਿਰਫ਼ ਸ਼ਨਿੱਚਰ ਜਾਂ ਐਤਵਾਰ ਨੂੰ ਹੋਵੇ ਤਾਂ ਤੁਸੀਂ ਜਾ ਸਕਦੇ ਹੋ।"

ਅਗਲੀ ਸਵੇਰ ਕਵੀਸ਼ਰੀ ਵਿਚ ਪਰੋਇਆ ਦਸਵੇਂ ਗੁਰੂ ਦੇ ਨੰਨ੍ਹੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸਾਡੇ ਹੱਥਾਂ ਵਿਚ ਫੜਾਉਂਦਿਆਂ ਬਾਪੂ ਨੇ ਤਾਕੀਦ ਕੀਤੀ ਕਿ ਦੋ ਹਫ਼ਤੇ ਵਿਚ ਉਸ ਪ੍ਰਸੰਗ ਦੇ ਤਕਰੀਬਨ ਪੰਦਰਾਂ ਸੋਲਾਂ ਛੰਦ ਜ਼ੁਬਾਨੀ ਯਾਦ ਹੋਣੇ ਚਾਹੀਦੇ ਨੇ।

ਨਵੰਬਰ ਦੇ ਮੁਢਲੇ ਪੱਖ ਦੀ ਸਰਦੀ ਨੇ ਟੀਨ ਦੀਆਂ ਪੇਟੀਆਂ ਤੇ ਲੱਕੜ ਦੇ ਸੰਦੂਕ ਵਿਚ ਨਿਸਲੇਵਾਂ ਹੰਢਾਉਂਦੀਆਂ ਰਜਾਈਆਂ ਧੂਹ ਕੇ ਮੰਜਿਆਂ 'ਤੇ ਲੈ ਆਂਦਾ। ਮੰਜੇ ਦਿਨ ਵੇਲੇ ਧੁੱਪ ਸੇਕਦੇ, ਤੇ ਸੂਰਜ ਦੇ ਛਿਪਾ ਤੋਂ ਪਹਿਲਾਂ ਹੀ ਦਲਾਨ ਤੇ ਪੇਟੀ ਵਾਲੇ ਕਮਰੇ ਵਿਚ ਜਾ ਖੜ੍ਹਦੇ।

ਸਾਡਾ ਤਿੰਨਾਂ ਭਰਾਵਾਂ ਦਾ ਡੇਰਾ ਹੱਥਾਂ ਨਾਲ ਗੇੜ ਕੇ ਪੱਠੇ ਕੁਤਰਨ ਵਾਲੀ ਮਸ਼ੀਨ ਕੋਲ ਸੀ ਜਿਹੜੀ ਆਪ ਉਸ ਪੜਛੱਤੇ ਦੇ ਕੋਨੇ ਵਿਚ ਸਾਰੀ ਦਿਹਾੜੀ ਚੁੱਪ ਭੋਗਦੀ ਜਿਸ ਵਿਚ ਮੱਝਾਂ, ਕੱਟੀਆਂ ਤੇ ਗਾਈਆਂ ਦਾ ਵਸੇਬਾ ਸੀ। ਪੜਛੱਤੇ ਦੇ ਤਿੰਨ ਪਾਸੇ ਤਾਂ ਕੰਧਾਂ ਨਾਲ ਢਕੇ ਹੋਏ ਸਨ, ਪਰ ਚੌਥਾ ਖੁੱਲ੍ਹਾ ਸੀ। ਕੰਧੋਂ ਸੱਖਣੇ ਇਸ ਚੌਥੇ ਪਾਸੇ 'ਤੇ ਕਾਨਿਆਂ ਨਾਲ ਬਣਾਇਆ ਫਿੜਕਾ ਸਿਆਲੋ-ਸਿਆਲ ਦਿਨ ਵੇਲੇ ਬਨੇਰੇ ਵੱਲ ਲਿਪਟਿਆ ਰਹਿੰਦਾ ਤੇ ਸ਼ਾਮ ਨੂੰ ਪਸ਼ੂਆਂ ਦੀ ਵਿਹੜੇ ਵਾਲੇ ਕਿੱਲਿਆਂ ਤੋਂ ਪੜਛੱਤੇ ਅੰਦਰ ਆਮਦ ਤੋਂ ਬਾਅਦ, ਖੁੱਲ੍ਹ ਕੇ ਸਿਹਰੇ ਵਾਂਗ ਤਣ ਜਾਂਦਾ।

ਮਸ਼ੀਨ ਦੇ ਕੋਲ ਹੀ ਦੋ ਮੰਜਿਆਂ ਵਿਚਕਾਰ ਸਿਰ੍ਹਾਣਿਆਂ ਦੇ ਨਜ਼ਦੀਕ ਸਟੂਲ ਉਤੇ ਮਿੱਟੀ ਦੇ ਤੇਲ ਨਾਲ ਜਗਣ ਵਾਲਾ ਲੈਂਪ ਹੁੰਦਾ ਸੀ ਜੀਹਦੇ ਪੇਤਲੇ ਜਿਹੇ ਚਾਨਣ ਵਿਚ ਅਸੀਂ ਤਿੰਨੇ ਭਰਾ ਹਿਸਾਬ ਦੇ ਜਮ੍ਹਾਂ-ਘਟਾਓ ਵਿਚ ਉਲਝਣ ਦੇ ਨਾਲ-ਨਾਲ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਕਵੀਸ਼ਰੀ ਵਿਚ ਲਿਪਟਿਆ ਪ੍ਰਸੰਗ ਯਾਦ ਕਰਨ ਵਿਚ ਰੁਝ ਗਏ।

ਸਿਆਲੀ ਦਿਨਾਂ ਵਿਚ ਸ਼ਾਦੀਆਂ ਤੇ ਧਾਰਮਿਕ ਦੀਵਾਨਾਂ ਦਾ ਸੀਜ਼ਨ ਹੋਣ ਕਾਰਨ ਬਾਪੂ ਦਾ ਕਵੀਸ਼ਰੀ ਜੱਥਾ ਡਾਢਾ ਮਸਰੂਫ਼ ਹੁੰਦਾ ਸੀ; ਇਸ ਲਈ ਉਹ ਪੰਜਵੇਂ-ਸੱਤਵੇਂ ਦਿਨ ਹੀ ਪਿੰਡ ਪਰਤਦਾ। ਜਿਸ ਦਿਨ ਉਹ ਪਿੰਡ ਹੁੰਦਾ, ਸਾਨੂੰ ਤਿੰਨਾਂ ਨੂੰ ਤੜਕਸਾਰ ਤਿੰਨ-ਚਾਰ ਵਜੇ ਆਵਾਜ਼ ਮਾਰ ਦਿੰਦਾ। ਨਿਆਣ ਉਮਰੇ ਅਸੀਂ ਰਜਾਈ ਦੇ ਨਿੱਘ ਵਿਚੋਂ ਨਿਕਲਣ ਵੇਲੇ ਚੀਂ-ਚੀਂ ਕਰਦੇ, ਪਾਸੇ ਮਾਰਦੇ ਤੇ ਅੱਖਾਂ ਮਲਦੇ। ਸੋਚਦੇ, ਬਾਪੂ ਸ਼ਾਇਦ ਸਾਨੂੰ ਅੱਜ ਛੁੱਟੀ ਹੀ ਬਖਸ਼ ਦੇਵੇ, ਪਰ ਉਹ ਅਸੂਲਾਂ ਦਾ ਪੱਕਾ ਸੀ- "ਉਠੋ! ਉਠੋ!" ਉਹ ਪ੍ਰੇਰਨਾ ਤੇ ਹੁਕਮ ਨੂੰ ਸ਼ਰਾਬ ਤੇ ਪਾਣੀ ਵਾਂਗ ਸੰਤੁਲਨ ਵਿਚ ਕਰ ਕੇ ਬੋਲਦਾ- "ਪਹਿਲਾਂ ਨਹਾਓ ਤੇ ਫ਼ੁਰਤੀ ਵਿਚ ਆਓ!"

ਇਕ ਸਰਦੀ ਦੀ ਰੁੱਤ, ਦੂਸਰਾ ਤੜਕਸਾਰ ਦੀ ਠਾਰੀ, ਤੇ ਉਪਰੋਂ ਖੁੱਲ੍ਹੇ ਅਸਮਾਨ ਦੀ ਚੁੱਪ ਹੇਠ ਖਲੋਤਾ ਨਲਕਾ!

ਕੁੰਗੜੇ ਹੋਏ ਆਕਾਸ਼ ਵਿਚ ਟਿਮਟਿਮਾਂਦੇ ਤਾਰਿਆਂ ਹੇਠ ਖਾਮੋਸ਼ੀ ਧਾਰ ਕੇ ਸੁੱਤੇ ਵਿਹੜੇ ਵਿਚ ਲੜਖੜਾਉਂਦੇ, ਅਸੀਂ ਨਲਕੇ ਵੱਲ ਤੁਰ ਜਾਂਦੇ। ਸਾਡੇ ਵਿਚੋਂ ਇਕ ਜਣਾ ਨਕਲੇ ਦੀ ਠਰੀ ਹੋਈ ਹੱਥੀ ਨੂੰ ਉਪਰੋਂ ਹੇਠਾਂ ਨੂੰ ਦਬਾਉਂਦਾ: ਨਲਕਾ ਬੁਖਾਰ ਵਾਲੇ ਨਿਆਣੇ ਵਾਂਗ ਚੀਕਦਾ ਤਾਂ ਕੰਧ ਦੀਆਂ ਜੜ੍ਹਾਂ ਨਾਲ ਸਿਮਟੀ ਖੁਰਲੀ ਹੇਠ ਬਣੇ ਖੁੱਡੇ ਵਿਚ ਇਕ ਦੂਜੀ ਨਾਲ ਘਸਰ ਕੇ ਸੁੱਤੀਆਂ ਕੁਕੜੀਆਂ ਕੁੜ-ਕੁੜਾਅ ਉਠਦੀਆਂ। ਦੂਸਰਾ ਜਣਾ ਕੱਪੜੇ ਉਤਾਰਦਾ, ਤੇ ਮੱਗ ਨੂੰ ਹੱਥ ਵਿਚ ਫੜ ਕੇ ਠੰਢੇ ਪਾਣੀ ਦੀ ਬਾਲਟੀ ਵੱਲ ਇੰਝ ਝਾਕਦਾ ਜਿਵੇਂ ਉਸ ਵਿਚ ਭੂੰਡਾਂ ਦੀ ਖੱਖਰ ਲੱਗੀ ਹੋਈ ਹੋਵੇ, ਪਰ ਕੁਝ ਦਿਨਾਂ ਵਿਚ ਹੀ ਇਹ ਸਮਝ ਲੱਗ ਗਈ ਕਿ ਪਹਿਲੇ ਦੋ ਕੁ ਮੱਗ ਹੀ ਡਰਦਿਆਂ ਡਰਦਿਆਂ ਪਿੰਡੇ ਉਪਰ ਪਾਉਣੇ ਪੈਂਦੇ, ਬਾਕੀ ਦਾ ਇਸ਼ਨਾਨ ਤਾਂ ਬਿਨਾਂ ਤਕਲੀਫ਼ ਹੀ ਹੋ ਜਾਂਦਾ।

ਸ਼ੂੰ-ਸ਼ੂੰ ਸ਼ੂਕਦੇ ਸਟੋਵ ਉਤੇ ਬਾਪੂ ਵੱਲੋਂ ਬਣਾਈ ਚਾਹ ਜਿਉਂ ਹੀ ਸੁੜ੍ਹਾਕਿਆਂ ਵਿਚ ਅਨੁਵਾਦ ਹੁੰਦੀ, ਸਾਡੇ ਨਰਮ ਜਿਹੇ ਸਰੀਰਾਂ ਵਿਚ ਗਰਮੀ ਛਪਣ ਲਗਦੀ।

"ਚਲੋ ਬਈ ਪੇਟੀ 'ਤੇ।" ਬਾਪੂ ਇਸ਼ਾਰੇ ਨਾਲ ਆਖਦਾ।

ਅਸੀਂ ਤਿੰਨੇ ਪੇਟੀਆਂ ਵਾਲੇ ਕੋਠੇ 'ਚ ਪਈ ਮਧਰੀ ਜਿਹੀ ਪੇਟੀ ਉਪਰ ਕਤਾਰ ਵਿਚ ਬੈਠ ਜਾਂਦੇ। ਮਿੱਟੀ ਦੇ ਤੇਲ ਵਾਲਾ ਲੈਂਪ ਸਾਡੇ ਸਾਹਮਣੇ ਚੌਕੜੀ ਮਾਰ ਲੈਂਦਾ। ਬਾਪੂ ਸਾਡੇ ਸਾਹਮਣੇ, ਮੰਜੇ ਉਤੇ ਬਿਰਾਜਮਾਨ ਹੋ ਜਾਂਦਾ।

"ਕਰੋ ਸ਼ੁਰੂ!"

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਾਕੇ ਦੇ ਛੰਦ ਇਕ ਤੋਂ ਬਾਅਦ ਦੂਸਰਾ ਸਾਡੀਆਂ ਉਚੀਆਂ ਆਵਾਜ਼ਾਂ ਵਿਚ ਉਧੜੀ ਜਾਂਦੇ।

ਵਿਚ ਵਿਚ ਬਾਪੂ ਸਾਨੂੰ ਰੋਕਦਾ, ਦਸਦਾ ਕਿ ਸਰੋਤੇ ਤੁਹਾਡੀਆਂ ਆਵਾਜ਼ਾਂ ਦੇ ਉਤਰਾਅ-ਚੜ੍ਹਾਅ, ਸੁਰੀਲੇਪਣ ਤੇ ਬੁਲੰਦੀ ਦੇ ਨਾਲ-ਨਾਲ, ਇਹ ਸੁਣਨਾ ਚਾਹੁੰਦੇ ਹੁੰਦੇ ਨੇ ਕਿ ਤੁਸੀਂ ਗਾਇਕੀ ਵਿਚ ਕਹਿ ਕੀ ਰਹੇ ਹੋ। ਗਾਇਕੀ ਦੇ ਨਾਲ ਨਾਲ ਗਾਈ ਜਾ ਰਹੀ ਸ਼ਾਇਰੀ ਦਾ ਆਪਣਾ ਰਸ ਹੁੰਦਾ ਹੈ। ਇਸ ਲਈ ਹਰ ਲਫਜ਼ ਨਿਖਾਰ-ਨਿਖਾਰ ਕੇ ਬੋਲਣਾ ਹੈ। ਨਾਲੇ ਸਟੇਜ ਉਤੇ ਬੁੱਤ ਬਣ ਕੇ ਨਹੀਂ ਖਲੋਣਾ, ਸਗੋਂ ਕਵੀਸ਼ਰੀ ਦੇ ਪ੍ਰਸੰਗ ਮੁਤਾਬਕ ਚਿਹਰੇ ਉਪਰ ਤੇ ਆਵਾਜ਼ ਵਿਚ ਕਰੁਣਾ, ਉਦਾਸੀ, ਦਰਦ, ਗਮੀ ਤੇ ਖੁਸ਼ੀ ਆਦਿਕ ਦੇ ਹਾਵ ਭਾਵ ਵੀ ਲਿਆਉਣੇ ਹਨ ਤੇ ਹੱਥਾਂ ਦੇ ਇਸ਼ਾਰੇ ਵੀ ਕਰਨੇ ਹਨ।

ਫਿਰ ਉਸ ਨੇ ਬੇਬੇ ਨੂੰ ਹੁਕਮ ਕਰ ਦਿੱਤਾ: "ਦਿਲਜੀਤ ਕੁਰੇ, ਮੈਂ ਪਿੰਡ ਹੋਵਾਂ ਜਾਂ ਨਾ, ਤੂੰ ਏਹਨਾਂ ਨੂੰ ਅਲਾਰਮ ਲਾ ਕੇ ਤੜਕਿਓਂ ਤਿੰਨ ਵਜੇ ਉਠਾਉਣਾ ਹੈ। ਚਾਹ ਨਾਲ ਖੋਏ ਦੀ ਇਕ ਇਕ ਪਿੰਨੀ ਦੇ ਕੇ ਇਨ੍ਹਾਂ ਨੂੰ ਐਸ ਪੇਟੀ 'ਤੇ ਬਿਠਾ ਦੇਣਾ ਹੈ। ਜਿੰਨੀ ਮਿਹਨਤ ਇਹ ਵੱਧ ਕਰਨਗੇ, ਓਨਾ ਹੀ ਇਨ੍ਹਾਂ ਦੀ ਗਾਇਕੀ ਵਿਚ ਨਿਖਾਰ ਆਵੇਗਾ। ਇਕ ਘੰਟਾ ਕਵੀਸ਼ਰੀ ਦਾ ਰਿਆਜ਼ ਤੇ ਉਸ ਤੋਂ ਬਾਅਦ ਸਕੂਲ ਦਾ ਕੰਮ।"

# ਰੋਮਾਂਟਿਕ ਪਿਆਰ ਸਾਨੂੰ ਮਾਰ ਰਿਹੈ...



## ਕੌਣ ਧਿਆਨ ਰੱਖਦਾ ਹੈ ਜਦ ਅਸੀਂ 'ਸਿੰਗਲ' ਹੁੰਦੇ ਹਾਂ?

*ਨਿੱਠ ਕੇ ਪੜ੍ਹਨ-ਗੁੜਨ ਵਾਲੀ ਨਿਕਿਤਾ ਆਜ਼ਾਦ ਫਿਲਹਾਲ ਗਰੈਜੂਏਸ਼ਨ ਕਰ ਰਹੀ ਹੈ। ਉਹ ਸਮਾਜ ਵਿਚ ਫੈਲੇ ਕੋਹੜ ਦੀਆਂ ਜੜ੍ਹਾਂ ਫਰੋਲਦੀ ਮਸਲੇ ਦੀ ਤਹਿ ਤੱਕ ਪਹੁੰਚਣ ਦਾ ਅਹੁਰ ਕਰਦੀ ਹੈ। ਸੇਲਬ ਲੂਨਾ ਦਾ ਇਹ ਲੇਖ ਉਸ ਨੇ ਉਚੇਚਾ ਤਰਜਮਾ ਕਰ ਕੇ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਇਸ ਲੇਖ ਵਿਚ ਸੇਲਬ ਨੇ ਅੱਜ ਦੇ ਸਮਾਜ ਦੀਆਂ ਤਰਜੀਹਾਂ ਦੇ ਉਲਟ ਇਕ ਆਮ ਨੌਜਵਾਨ ਦੇ ਭਾਵਨਾਵਾਂ ਦਾ ਖੁਲਾਸਾ ਕੀਤਾ ਹੈ। ਸੇਲਬ ਨੇ ਜਿੰਨੀ ਸ਼ਿੱਦਤ ਨਾਲ ਇਹ ਲੇਖ ਲਿਖਿਆ ਹੈ, ਨਿਕਿਤਾ ਆਜ਼ਾਦ ਨੇ ਉਸੇ ਸ਼ਿੱਦਤ ਨਾਲ ਇਸ ਦਾ ਪੰਜਾਬੀ ਵਿਚ ਤਰਜਮਾ ਕੀਤਾ ਹੈ। ਇਸ ਲੇਖ ਵਿਚ ਨਵੀਆਂ ਸੋਚਾਂ ਅਤੇ ਨਿਵੇਕਲੀਆਂ ਤਰੰਗਾਂ ਉਛਾਲੇ ਮਾਰਦੀਆਂ ਹਨ। -ਸੰਪਾਦਕ*



ਨਿਕਿਤਾ ਆਜ਼ਾਦ

ਮੈਂ 'ਡਿਪਰੈਸਡ' ਹਾਂ ਪਰ ਅੰਗਰੇਜ਼ੀ ਭਾਸ਼ਾ ਵਿਚ ਡਿਪਰੈਸਡ ਇਕ ਕਿਰਿਆ ਹੈ, ਕੋਈ ਸਥਿਰ ਨਾਂਵ ਨਹੀਂ। ਮੈਂ ਸਮਝਦਾ ਹਾਂ ਕਿ ਮੇਰਾ ਡਿਪਰੈਸ਼ਨ ਸਮਾਜਿਕ ਵੰਡਾਂ, ਬਸਤੀਵਾਦ, ਨਸਲਵਾਦ, ਮੋਟਾਪੇ ਨਾਲ ਜੁੜੀ ਘ੍ਰਿਣਾ, ਵਿਤਕਰੇ ਅਤੇ ਵਿਰੋਧਾਭਾਸ ਦਾ ਨਤੀਜਾ ਹੈ। ਮੈਂ ਡਿਪਰੈਸ਼ਨ ਦੀਆਂ ਗੋਲੀਆਂ ਖਾ ਰਿਹਾ ਹਾਂ, ਪਰ ਉਹ ਕੇਵਲ ਮੇਰੇ ਦਿਮਾਗ ਦੇ ਰਸਾਇਣਾਂ 'ਤੇ ਅਸਰ ਕਰ

**ਸੇਲਬ ਲੂਨਾ**
**ਤਰਜਮਾ: ਨਿਕਿਤਾ ਆਜ਼ਾਦ**

ਸਕਦੀਆਂ ਹਨ, ਮੇਰੇ ਸਮਾਜਿਕ ਅਤੇ ਪਦਾਰਥਕ ਹਾਲਾਤ ਉਤੇ ਨਹੀਂ। ਉਹ ਮੇਰੇ ਦੋਸਤਾਂ ਨੂੰ ਨਹੀਂ ਬਦਲ ਸਕਦੀਆਂ ਜਿਨ੍ਹਾਂ ਤੋਂ ਮੈਂ ਮੇਰੀ ਪ੍ਰਵਾਹ ਕਰਨ ਦੀ ਉਮੀਦ ਕਰਦਾ ਹਾਂ। ਇਹ ਦਵਾਈਆਂ ਦੂਜਿਆਂ ਦੇ ਮਨਾਂ ਵਿਚ ਬਣੀਆਂ ਮੇਰੇ ਸਰੀਰ ਬਾਰੇ ਧਾਰਨਾਵਾਂ ਅਤੇ ਉਨ੍ਹਾਂ ਦੇ ਆਧਾਰ 'ਤੇ ਬਣੇ ਰਿਸ਼ਤਿਆਂ ਨੂੰ ਨਹੀਂ ਬਦਲ ਸਕਦੀਆਂ। ਨਾ ਹੀ ਉਨ੍ਹਾਂ ਦੇ ਮੈਨੂੰ ਮਹੱਤਤਾ ਅਤੇ ਤਰਜੀਹ ਨਾ ਦੇਣ ਦੇ ਰਵੱਈਏ ਨੂੰ ਬਦਲ ਸਕਦੀਆਂ ਹਨ।

ਮੈਂ ਆਪਣੀ ਜ਼ਿੰਦਗੀ ਦੇ ਅਸਥਾਈ ਮੋੜ 'ਤੇ ਖੜ੍ਹਾ ਹਾਂ। ਆਪਣਾ ਇਲਾਕਾ ਛੱਡ ਕੇ ਮੈਂ ਦੇਸ਼ ਦੇ ਦੂਸਰੇ ਕੋਨੇ 'ਤੇ ਪਹੁੰਚ ਗਿਆ ਹਾਂ ਅਤੇ ਪੋਸਟ ਗਰੈਜੂਏਸ਼ਨ ਦੀ ਸ਼ੁਰੂਆਤ ਕਰ ਲਈ ਹੈ। ਬਾਵਜੂਦ ਇਸ ਦੇ ਕਿ ਮੈਂ ਇਥੋਂ ਦੇ ਕੁਝ ਲੋਕਾਂ ਨੂੰ ਜਾਣਦਾ ਹੈ, ਇਹ ਕਦਮ ਬੜਾ ਔਕੜਾਂ ਭਰਿਆ ਲੱਗਦਾ ਹੈ। ਨਵੇਂ ਰਿਸ਼ਤੇ ਬਣਾਉਣਾ ਬਹੁਤ ਔਖਾ ਜਿਹਾ ਜਾਪਦਾ ਹੈ ਅਤੇ ਅਕਸਰ ਹੀ ਮੈਂ ਆਪਣੇ ਪੁਰਾਣੇ ਰਿਸ਼ਤਿਆਂ 'ਤੇ ਨਿਰਭਰ ਹੋ ਜਾਂਦਾ ਹਾਂ ਜਿਨ੍ਹਾਂ ਨੇ ਮੈਨੂੰ ਪਹਿਲਾਂ ਸਾਂਭਿਆ ਸੀ।

ਮੇਰੇ ਸਿੰਗਲ ਜਿਉਣ ਦਾ ਕੀ ਮਤਲਬ ਹੈ?

ਅੱਜ ਮੈਂ ਜ਼ਿੰਦਗੀ ਦੇ ਅਜਿਹੇ ਪੜਾਅ 'ਤੇ ਵੀ ਹਾਂ, ਜਦ ਮੈਂ ਸਿੰਗਲ ਹਾਂ ਅਤੇ ਮੇਰੇ ਦੋਸਤ ਕਿਸੇ ਨਾ ਕਿਸੇ ਰੋਮਾਂਟਿਕ ਰਿਸ਼ਤੇ ਵਿਚ ਹਨ। ਮੈਂ ਅੱਜ ਤੱਕ ਕਦੇ ਵੀ ਰੋਮਾਂਟਿਕ ਸਾਥੀ ਤੋਂ ਬਗੈਰ ਇਕੱਲਾ ਜਾਂ ਅਧੂਰਾ ਮਹਿਸੂਸ ਨਹੀਂ ਕੀਤਾ, ਪਰ ਹੁਣ ਮੈਂ ਅਜੀਬ ਜਿਹਾ ਇਕਲਾਪਨ ਮਹਿਸੂਸ ਕਰਦਾ ਹਾਂ। ਜਦ ਮੈਂ ਆਪਣੇ ਆਸ ਪਾਸ ਰੋਮਾਂਟਿਕ ਰਿਸ਼ਤਿਆਂ ਦੇ ਫਾਇਦਿਆਂ ਬਾਰੇ ਸੋਚਦਾ ਹਾਂ, ਜਿਵੇਂ ਅੱਜ ਦੇ ਸਭਿਆਚਾਰ ਵਿਚ ਦਿਖਾਇਆ ਜਾਂਦਾ ਹੈ ਜਾਂ ਮੇਰੇ ਦੋਸਤਾਂ ਦੇ ਰਿਸ਼ਤਿਆਂ ਰਾਹੀਂ ਮੈਂ ਮਹਿਸੂਸ ਕਰਦਾ ਹਾਂ, ਤਾਂ ਮੈਨੂੰ ਲੱਗਦਾ ਹੈ ਕਿ ਇਨ੍ਹਾਂ ਰਿਸ਼ਤਿਆਂ ਦੇ ਫਾਇਦੇ ਸਿਰਫ਼ ਆਰਥਿਕ ਜਾਂ ਸਰੀਰਕ ਨਹੀਂ ਹੁੰਦੇ ਹਨ। ਇਹ ਸਾਡੀ ਰੋਜ਼ਾਨਾ ਜ਼ਿੰਦਗੀ ਦੀਆਂ ਨਿੱਕੀਆਂ ਮੋਟੀਆਂ ਗੱਲਾਂ, ਚੀਜ਼ਾਂ ਤੇ ਭਾਵਨਾਵਾਂ ਤੇ ਆਦਾਨ-ਪ੍ਰਦਾਨ ਬਾਰੇ ਵੀ ਹੁੰਦਾ ਹੈ। ਦੂਜੇ ਸ਼ਬਦਾਂ ਵਿਚ, ਇਹ ਇਕ-ਦੂਜੇ ਦੀ ਪ੍ਰਵਾਹ ਕਰਨ ਅਤੇ ਸਮਾਂ/ਪਿਆਰ ਨਿਵੇਸ਼ ਬਾਰੇ ਹੁੰਦੇ ਹਨ। ਕਿਸੇ ਦੀ ਪ੍ਰਵਾਹ ਕਰਨ ਦੀ ਅਤੇ ਉਸ ਵਿਚ ਆਪਣੀ ਤਾਕਤ/ਸਮਾਂ ਜਾਂ ਕੁਝ ਵੀ ਨਿਵੇਸ਼ ਕਰਨ ਦੀ ਇਸ ਕਿਰਿਆ ਰਾਹੀਂ ਤੁਸੀਂ ਕਿਸੇ ਦੇ ਜੀਵਨ ਦੇ ਅਨਿਖੜਵੇਂ ਨਾ ਸਹੀ, ਪਰ ਜ਼ਰੂਰੀ ਹਿੱਸਾ ਬਣ ਜਾਂਦੇ ਹੋ। ਜਦੋਂ ਮੈਂ ਸਿੰਗਲ ਹੋਣ ਦੀ ਗੱਲ ਕਰਦਾ ਹਾਂ, ਤਦ ਉਹਦਾ ਭਾਵ ਉਸ ਸਥਿਤੀ ਵਿਚ ਖੜ੍ਹੇ ਹੋਣ ਤੋਂ ਹੈ, ਜਦੋਂ ਮੈਨੂੰ ਆਪਣੇ ਲੋਕਾਂ ਤੋਂ ਅਪਣੱਤ ਅਤੇ ਪ੍ਰਵਾਹ ਨਹੀਂ ਮਿਲਦੀ, ਕਿਉਂਕਿ ਉਹ ਇਹ ਸਭ ਭਾਵ ਆਪਣੇ ਰੋਮਾਂਟਿਕ ਰਿਸ਼ਤਿਆਂ ਲਈ ਬਚਾ ਕੇ ਰੱਖਦੇ ਹਨ।

ਪਰ ਇਸ ਨੂੰ ਰੋਮਾਂਸ ਨਾਲ ਜੋੜਨ ਦੀ ਲੋੜ ਨਹੀਂ। ਮੈਨੂੰ ਲੱਗਦਾ ਹੈ ਕਿ ਮੈਨੂੰ ਰੋਮਾਂਸ ਨਾਲੋਂ ਅਪਣੱਤ ਦੀ ਕਿਤੇ ਵੱਧ ਲੋੜ ਹੈ। ਕਿਸੇ ਅਜਿਹੇ ਇਨਸਾਨ ਦੇ ਮੇਰੀ ਜ਼ਿੰਦਗੀ ਵਿਚ ਹੋਣ ਦੀ, ਜਿਹੜਾ ਬਿਮਾਰੀ ਵਿਚ ਮੇਰੀ ਪ੍ਰਵਾਹ ਕਰੇ, ਮੁਸ਼ਕਿਲ ਸਮਿਆਂ ਵਿਚ ਸਾਥ ਦੇਵੇ, ਮੇਰੇ ਨਾਲ ਦੁੱਖ-ਸੁੱਖ ਸਾਂਝਾ ਕਰੇ। ਇਹ ਪ੍ਰਵਾਹ ਕਿਸੇ ਖਾਸ ਲਈ ਨਹੀਂ, ਸਿਰਫ ਮੇਰੇ ਲਈ ਨਹੀਂ ਹੋਣੀ ਚਾਹੀਦੀ, ਪਰ ਸਭਿਆਚਾਰਕ ਪੱਧਰ 'ਤੇ ਲੋਕ ਇਸ ਗੱਲ ਨਾਲ ਸਹਿਮਤ ਹੋ ਚੁੱਕੇ ਹਨ ਕਿ ਇਹ ਸਭ ਸਿਰਫ ਰੋਮਾਂਟਿਕ ਰਿਸ਼ਤਿਆਂ ਲਈ ਹੈ ਅਤੇ ਇਸ ਨੂੰ ਇਸੇ ਤਰ੍ਹਾਂ ਵੰਡਿਆ ਜਾਣਾ ਚਾਹੀਦਾ ਹੈ। ਅਜਿਹਾ ਨਹੀਂ ਕਿ ਮੈਨੂੰ ਇਸ ਤਰ੍ਹਾਂ ਦੀ ਪ੍ਰਵਾਹ ਕਦੇ ਨਹੀਂ ਮਿਲੀ। ਜਦ ਮੈਂ ਨਿੱਕਾ ਸਾਂ ਤਦ ਗੈਰ-ਰੋਮਾਂਟਿਕ ਦੋਸਤੀ ਵਾਲੇ ਰਿਸ਼ਤਿਆਂ ਵਿਚ ਅਜਿਹੀ ਪ੍ਰਵਾਹ ਮਿਲਦੀ ਸੀ, ਪਰ ਜਿਵੇਂ-ਜਿਵੇਂ ਮੈਂ ਵੱਡਾ ਹੁੰਦਾ ਗਿਆ, ਮੇਰੇ ਦੋਸਤ ਇਕ ਤੋਂ ਬਾਅਦ ਇਕ ਗੰਭੀਰ ਰੋਮਾਂਟਿਕ ਰਿਸ਼ਤਿਆਂ ਵਿਚ ਬਝਦੇ ਰਹੇ ਅਤੇ ਇਉਂ ਪ੍ਰਵਾਹ ਮਿਲਣੀ ਬਿਲਕੁਲ ਖਤਮ ਹੋ ਗਈ। ਸ਼ਾਇਦ ਜਿਵੇਂ-ਜਿਵੇਂ ਸਾਡੀ ਨਾਦਾਨਗੀ ਘਟਦੀ ਜਾਂਦੀ ਹੈ, ਦੁੱਖਾਂ ਭਰੇ ਸਫ਼ਰ ਵਿਚ ਕਠੋਰਤਾ ਵਧਦੀ ਜਾਂਦੀ ਹੈ ਜਾਂ ਉਮਰਾਂ ਦੇ ਕੰਮ ਦੀ ਥਕਾਣ ਵਧਦੀ ਜਾਂਦੀ ਹੈ, ਸਾਡੇ ਅੰਦਰ ਇੰਨੀ ਤਾਕਤ ਹੀ ਨਹੀਂ ਬਚਦੀ ਕਿ ਹਰ ਰਿਸ਼ਤੇ 'ਤੇ ਜ਼ੋਰ ਲਾ ਸਕੀਏ ਅਤੇ ਅਸੀਂ ਧਿਆਨ ਨਾਲ ਚੁਣ ਦੇ ਕੁਝ ਖਾਸ ਰਿਸ਼ਤਿਆਂ 'ਤੇ ਸਮਾਂ ਲਗਾਉਂਦੇ ਹਾਂ।

ਖ਼ੈਰ, ਪ੍ਰਵਾਹ ਦੀਆਂ ਇਨ੍ਹਾਂ 'ਆਰਥਿਕਤਾਵਾਂ' ਵਿਚ ਹਿੱਸਾ ਲੈਣ ਦੇ ਆਪਣੇ ਪ੍ਰਭਾਵ ਅਤੇ ਨਤੀਜੇ ਨਿਕਲਦੇ ਹਨ; ਖਾਸ ਕਰ ਕੇ ਉਨ੍ਹਾਂ ਲੋਕਾਂ ਲਈ ਜੋ ਰੋਮਾਂਟਿਕ ਰਿਸ਼ਤਿਆਂ ਵਿਚ ਨਹੀਂ ਹਨ ਜਾਂ ਫਿਰ ਜਿਨ੍ਹਾਂ ਦੇ ਸਰੀਰ, ਸਮਾਜਿਕ ਹਾਲਾਤ (ਜਾਤ, ਲਿੰਗ ਆਦਿ), ਸਮਾਜ ਵਿਚ ਉਨ੍ਹਾਂ ਬਾਰੇ ਨਜ਼ਰੀਆ ਅਤੇ ਵਿਚਾਰ ਉਨ੍ਹਾਂ ਨੂੰ ਲੋਕਾਂ ਵਿਚ 'ਅ-ਪਿਆਰਯੋਗ' ਬਣਾ ਕੇ ਪੇਸ਼ ਕਰਦੇ ਹਨ।

ਕੀ ਪੂੰਜੀਵਾਦ ਅੰਦਰ ਆਪਣੇ ਆਪ ਨੂੰ ਪਿਆਰ ਕਰਨ ਨਾਲ ਮੈਂ ਬਚਿਆ ਰਹਿ ਸਕਦਾ ਹਾਂ?

ਜਿਵੇਂ ਮੈਂ ਪਹਿਲਾਂ ਆਪਣੇ ਇਕ ਲੇਖ ਵਿਚ ਲਿਖਿਆ ਸੀ ਕਿ ਮੈਨੂੰ ਇਤਿਹਾਸ ਨੇ ਹੀ ਅਜਿਹੀ ਅ-ਪਿਆਰਯੋਗ ਸਥਿਤੀ ਵਿਚ ਖੜ੍ਹਾਇਆ ਹੈ। ਮੋਟਾ, ਭੂਰਾ, ਔਰਤਾਂ ਵਰਗੇ ਚਾਲ-ਚਲਣ ਵਾਲਾ। ਜਦ ਵੀ ਮੈਂ ਇਸ ਚੀਜ਼ ਬਾਰੇ ਕਿਸੇ ਨਾਲ ਗੱਲ ਕਰਦਾ ਹਾਂ, ਤਾਂ ਸਭ ਅਕਸਰ ਹੀ ਕਹਿੰਦੇ ਹਨ ਕਿ ਮੈਨੂੰ ਆਪਣੇ ਆਪ ਨੂੰ ਹੋਰ ਪਿਆਰ ਕਰਨਾ ਚਾਹੀਦਾ ਹੈ, ਕਿਉਂਕਿ ਜੇ ਮੈਂ ਅਜਿਹਾ ਕਰਾਂਗਾ ਤਾਂ ਬਾਕੀ ਵੀ ਇੰਜ ਹੀ ਕਰਨਗੇ। ਹੋ ਸਕਦਾ ਹੈ, ਇਹ ਕੁਝ ਖਾਸ ਇਨਸਾਨਾਂ ਲਈ ਠੀਕ ਹੋਵੇ, ਪਰ ਮੈਨੂੰ ਲੱਗਦਾ ਹੈ, ਇਹ ਦਲੀਲ ਅਧੂਰੀ ਹੈ। ਇਥੇ ਮਸਲਾ ਮੇਰੇ ਬਾਰੇ ਮੇਰੀ ਧਾਰਨਾ ਦਾ ਨਹੀਂ ਹੈ, ਪਰ ਉਨ੍ਹਾਂ ਸਰੀਰਾਂ ਅਤੇ ਲੋਕਾਂ ਦਾ ਹੈ ਜਿਸ ਨੂੰ ਸਮਾਜ ਅਤੇ ਇਤਿਹਾਸ ਵਿਚ ਅ-ਪਿਆਰਯੋਗ ਅਤੇ ਘ੍ਰਿਣਾਯੋਗ ਦੇਖਿਆ ਗਿਆ ਹੈ। ਨਾਲ ਹੀ ਇਸ ਫੈਸਲੇ ਦਾ ਹੈ ਕਿ ਸਮਾਜ ਕਿਸ ਕਿਸਮ ਦੇ ਲੋਕਾਂ ਤੇ ਸਰੀਰਾਂ ਨੂੰ ਪਿਆਰ ਕਰਦਾ ਹੈ ਅਤੇ ਪ੍ਰਵਾਹ ਦੇ ਕਾਬਲ ਸਮਝਦਾ ਹੈ। ਮੈਂ ਸ਼ਾਇਦ ਇਸ ਵਿਚਾਰ ਨਾਲ ਸਹਿਮਤ ਵੀ ਹੋ ਜਾਂਦਾ, ਜੇ ਉਹ ਲੋਕ ਜੋ ਸਭਿਆਚਾਰਕ ਤੌਰ 'ਤੇ ਪਿਆਰ ਕਰਨ ਯੋਗ ਮੰਨੇ ਗਏ ਹਨ, ਉਨ੍ਹਾਂ ਨੂੰ ਆਪਣੇ ਬਾਰੇ ਆਪਣੀਆਂ ਧਾਰਨਾਵਾਂ ਦੇ ਬਾਵਜੂਦ ਪਿਆਰ ਅਤੇ ਪ੍ਰਵਾਹ ਨਾ ਮਿਲਦੀ, ਪਰ ਪੂੰਜੀਵਾਦ ਸਾਨੂੰ ਆਪਣੇ ਆਪ ਪਿਆਰ ਕਰਨਾ ਨਹੀਂ ਸਿਖਾਉਂਦਾ ਅਤੇ ਨਾ ਹੀ ਉਹ ਇਹ ਚਾਹੁੰਦਾ ਹੈ। ਬਹੁਤ ਘੱਟ ਲੋਕ ਇੰਨਾ ਪਿਆਰ ਕਰਦੇ ਹਨ, ਪਰ ਇਸ ਦੇ ਬਾਵਜੂਦ ਇਹ ਗੱਲਾਂ ਕੀਤੀਆਂ ਜਾਂਦੀਆਂ ਹਨ। ਮੈਂ ਇਸੇ ਇਤਿਹਾਸ ਅਤੇ ਸਮਾਜ ਦੀ ਜ਼ਿੰਮੇਵਾਰੀ ਚੁੱਕਣ ਤੋਂ ਸਾਫ਼ ਇਨਕਾਰ ਕਰਦਾ ਹਾਂ। ਇਹ ਦਲੀਲ ਸਮਾਜ ਦੇ ਮਾੜੇ ਚਰਿਤਰ ਦਾ, ਮੇਰਾ ਅਤੇ ਮੇਰੇ ਵਰਗਿਆਂ ਨਾਲ ਹੁੰਦੇ ਮਾੜੇ ਵਰਤਾਓ ਦਾ ਸਾਰਾ ਭਾਰ ਸਾਡੇ ਉਤੇ ਸੁੱਟ ਦਿੰਦੀ ਹੈ। ਇਹ ਮੰਗ ਕਰਦੀ ਹੈ ਕਿ ਨਾ ਸਿਰਫ਼ ਅਸੀਂ ਆਪਣੇ ਵਾਸਤੇ ਪ੍ਰਵਾਹ ਕਰੀਏ, ਸਗੋਂ ਉਨ੍ਹਾਂ ਲੋਕਾਂ ਦੀ ਵੀ ਪ੍ਰਵਾਹ ਕਰੀਏ ਜੋ ਇਸ ਨਿਜ਼ਾਮ ਦਾ ਕਾਰਨ ਹਨ। ਇਸ ਦਾ ਬਾਰ ਮੁਕੰਮਲ ਤੌਰ 'ਤੇ ਸਭਿਆਚਾਰਕ ਤੌਰ ਦੇ ਮਾੜੇ-ਭੈੜੇ ਮੰਨੇ ਗਏ ਲੋਕਾਂ/ਸਰੀਰਾਂ 'ਤੇ ਪੈਂਦਾ ਹੈ ਜੋ ਵੈਸੇ ਹੀ ਤੱਥਾਂ ਮੁਤਾਬਕ ਇਸੇ ਡਿਪਰੈਸ਼ਨ ਦਾ ਸ਼ਿਕਾਰ ਹੁੰਦੇ ਹਨ ਕਿ ਆਪਣੀ ਜਾਂ ਕਿਸੇ ਦੀ ਪ੍ਰਵਾਹ ਨਾ ਕਰ ਸਕਣ। ਇਸ ਤੋਂ ਇਲਾਵਾ ਇਹ ਘਟੀਆ ਤਰੀਕਾ ਹੈ, ਉਨ੍ਹਾਂ ਲੋਕਾਂ/ਸਰੀਰਾਂ ਨੂੰ ਹੋਰ ਤਵੱਜੋਂ ਅਤੇ ਪ੍ਰਵਾਹ ਦੇਣ ਦਾ ਜਿਨ੍ਹਾਂ ਨੂੰ ਪਹਿਲਾਂ ਹੀ ਖਾਸ ਮੰਨ ਕੇ ਪ੍ਰਵਾਹ ਮਿਲਦੀ ਹੈ।

ਇਥੇ ਮੈਂ ਜ਼ੋਰ ਪਾ ਕੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਹਮੇਸ਼ਾ ਅਜਿਹਾ ਨਹੀਂ ਮਹਿਸੂਸ ਕੀਤਾ, ਨਾ ਹੀ ਮੈਂ ਇਹ ਕਰਨਾ ਚਾਹੁੰਦਾ ਹਾਂ। ਮੈਂ ਆਪਣੇ ਬਾਰੇ ਬਹੁਤ ਚੰਗਾ ਸੋਚਦਾ ਹਾਂ ਅਤੇ ਆਪਣੇ ਆਪ ਨੂੰ ਪਿਆਰ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹਾਂ। ਮੈਨੂੰ ਲੱਗਦਾ ਹੈ ਕਿ ਮੇਰੇ ਕੋਲ ਦੂਜਿਆਂ ਨੂੰ ਦੇਣ ਵਾਸਤੇ ਬਹੁਤ ਕੁਝ ਹੈ। ਮੈਂ ਆਪਣੇ ਆਪ ਨੂੰ ਦੂਜਿਆਂ ਦਾ ਚੰਗਾ ਦੋਸਤ ਵੀ ਸਮਝਦਾ ਹਾਂ ਜਿਨ੍ਹਾਂ ਦੀ ਮੈਂ ਪ੍ਰਵਾਹ ਕਰਨਾ ਚਾਹੁੰਦਾ ਹਾਂ ਅਤੇ ਆਪਣਾ ਸਭ ਕੁਝ ਨਿਛਾਵਰ ਕਰ ਦਿੰਦਾ ਹਾਂ, ਪਰ ਤਜਰਬੇ ਅਤੇ ਇਤਿਹਾਸ ਨੇ ਮੈਨੂੰ ਇਹ ਦਿਖਾਇਆ ਹੈ ਕਿ ਜੋ ਕੁਝ ਦੂਜੇ ਮੈਨੂੰ ਦੇ ਸਕਦੇ ਹਨ, ਉਸ ਦੀਆਂ ਕਈ ਸੀਮਾਵਾਂ ਹਨ। ਉਦੋਂ ਵੀ ਜਦੋਂ ਲੋਕ ਮੇਰੇ ਨਾਲ ਸਰੀਰਕ-ਸੁਮੇਲ ਵਿਚ ਦਿਲਚਸਪੀ ਲੈਂਦੇ ਹਨ (ਜੋ ਬਹੁਤ ਵਾਰ ਹੁੰਦਾ ਹੈ), ਉਨ੍ਹਾਂ ਦੀ ਦਿਲਚਸਪੀ ਸਰੀਰਕ-ਸੁਮੇਲ ਤੋਂ ਪਾਸੋਂ ਨਹੀਂ ਜਾਂਦੀ। ਹਰ ਹਾਲਤ ਵਿਚ ਮੇਰੀ ਪ੍ਰਵਾਹ ਕਰਨ ਵਿਚ ਕੋਈ ਨਾ ਕੋਈ ਸੀਮਾ ਤੈਅ ਹੁੰਦੀ ਹੈ ਅਤੇ ਇਹ ਪ੍ਰਕਿਰਿਆਵਾਂ ਹਰ ਸਮੇਂ ਚਲਦੀਆਂ ਹਨ, ਭਾਵੇਂ ਮੈਂ ਸਮਝਾਂ ਜਾਂ ਨਾ, ਉਨ੍ਹਾਂ ਨੂੰ ਨਾਮ ਦੇਵਾਂ ਜਾਂ ਨਾ।

ਇਸ ਨੂੰ 'ਚੋਣ' ਤੋਂ ਇਲਾਵਾ ਕਿਸੇ ਹੋਰ ਤਰ੍ਹਾਂ ਵੇਖਣਾ ਔਖਾ ਲੱਗਦਾ ਹੈ। ਦੂਜੇ ਸ਼ਬਦਾਂ ਵਿਚ ਮੇਰੇ ਆਸ ਪਾਸ ਦੇ ਲੋਕ ਮੇਰੇ ਤੇ ਉਨ੍ਹਾਂ ਦੇ ਰਿਸ਼ਤੇ ਨੂੰ ਇਸ ਲਈ ਘੱਟ ਮਹੱਤਤਾ ਦਿੰਦੇ ਹਨ, ਕਿਉਂਕਿ ਉਹ ਆਪਣੇ ਸੈਕਸੂਅਲ ਤੇ ਰੋਮਾਂਟਿਕ ਰਿਸ਼ਤਿਆਂ ਨੂੰ ਵੱਧ ਮਹੱਤਤਾ ਦੇਣਾ ਚਾਹੁੰਦੇ ਹਨ। ਉਨ੍ਹਾਂ ਰਿਸ਼ਤਿਆਂ ਨੂੰ ਜਿਹਨਾਂ ਵਿਚ 'ਆਮ' ਲੋਕ ਹਨ ਜੋ ਗੋਰੇ, ਪਤਲੇ, ਉਚੇ ਸਮਾਜਿਕ ਪੱਧਰ ਵਾਲੇ, ਜਾਂ ਅਪਾਹਜ ਨਾ ਹੋਣ ਜਾਂ ਅਜਿਹੇ ਗੁਣਾਂ ਦਾ ਮਿਸ਼ਰਣ ਹੋਣ ਜੋ ਉਹਨਾਂ ਨੂੰ ਪਿਆਰ ਕਰਨ ਯੋਗ ਬਣਾ ਦੇਣ।

ਅਕਸਰ ਹੀ ਜਦੋਂ ਮੈਂ ਨਵੇਂ ਲੋਕਾਂ ਨੂੰ ਮਿਲਦਾ ਹਾਂ, ਮੈਂ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਕੀ ਮੈਂ ਉਹਨਾਂ ਨੂੰ ਮੈਂ ਪ੍ਰਭਾਵਸ਼ਾਲੀ ਲੱਗਦਾ ਹਾਂ ਅਤੇ ਮੈਂ ਆਪਣੀਆਂ ਉਮੀਦਾਂ ਉਸਦੇ ਹਿਸਾਬ ਨਾਲ ਤੈਅ ਕਰ ਲੈਂਦਾ ਹਾਂ। ਸ਼ਾਇਦ ਇਹ ਗੱਲ ਥੋੜੀ ਹੰਕਾਰੀ ਜਾਂ ਘਟੀਆ ਜਾਪਦੀ ਹੋਵੇ, ਪਰ ਮੈਨੂੰ ਲੱਗਦਾ ਹੈ ਕਿ ਅਸਲ ਵਿਚ ਮੈਂ ਇਹ ਪੁੱਛ ਰਿਹਾ ਹੁੰਦਾ ਹਾਂ-ਕੀ ਇਹ ਇਨਸਾਨ ਆਪਣੇ ਆਪ ਨੂੰ ਮੇਰੀ ਪ੍ਰਵਾਹ ਕਰਨ ਦਵੇਗਾ? ਕੀ ਉਹ ਲੋੜ ਪੈਣ ਤੇ ਮੈਨੂੰ ਮਹੱਤਤਾ ਦੇਵੇਗਾ? ਕੀ ਉਹ ਮੇਰੇ ਤੇ ਸਮਾਂ ਨਿਵੇਸ਼ ਕਰਨ ਲਈ ਤਿਆਰ ਹੈ? ਕੀ ਉਹ ਸਾਡੇ ਰਿਸ਼ਤੇ ਨੂੰ ਸਕਾਰਾਤਮਕ ਅਤੇ ਇਕ ਦੂਜੇ ਲਈ ਲਾਭਦਾਇਕ ਬਣਾ ਕੇ ਰੱਖਣ ਲਈ ਮਿਹਨਤ ਕਰੇਗਾ? ਕੀ ਉਹ ਮੈਨੂੰ ਜ਼ਿੰਦਾ ਰੱਖਣ ਦੇ ਔਖੇ, ਥਕਾਣ ਭਰੇ, ਔਕੜਾਂ ਭਰੇ, ਕੋਈ ਧੰਨਵਾਦ ਨਾ ਮਿਲਣ ਵਾਲੇ, ਅਦ੍ਰਿਸ਼ 'ਕੰਮ' ਨੂੰ ਨਿਭਾਉਣ ਦੀ ਕੋਸ਼ਿਸ਼ ਕਰਦੇ ਰਹਿਣਗੇ? ਮੈਂ ਇਹ ਪੁੱਛਦਾ ਹਾਂ ਕਿ ਮੈਂ ਆਪਣੀਆਂ ਉਮੀਦਾਂ ਘੱਟ-ਵੱਧ ਕਰ ਸਕਾਂ, ਤਾਂ ਕਿ ਉਹਨਾਂ ਦੀ ਪ੍ਰਵਾਹ ਕਰਦੇ-ਕਰਦੇ ਜੋ ਮੇਰੀ ਪ੍ਰਵਾਹ ਨਹੀਂ ਕਰ ਸਕਦੇ, ਮੈਂ ਆਪਣੇ ਸ਼ੋਸ਼ਣ ਦਾ ਕਾਰਨ ਨਾ ਬਣ ਜਾਵਾਂ।

ਜਦੋਂ ਕੋਈ ਮੇਰਾ ਦੋਸਤ ਬਣਦਾ ਹੈ ਜਾਂ ਜਦ ਮੈਂ ਕਿਸੇ ਵਿਚ ਨਿਵੇਸ਼ ਅਤੇ ਅੱਪ-ਨਿਵੇਸ਼ ਬਾਰੇ ਸੋਚਦਾ ਹਾਂ, ਤਦ ਇਹ ਸਵਾਲ ਮੇਰੇ ਸਾਹਮਣੇ ਵੀ ਆਉਂਦੇ ਹਨ। ਮੇਰੇ ਲੋਕਾਂ ਵਿਚ ਨਿਵੇਸ਼ ਕਰਨ ਤੇ ਨਾ ਕਰਨ ਦੇ ਕੀ ਨਤੀਜੇ ਹੋਣਗੇ? ਇਹ ਭਾਵਨਾਵਾਂ ਕਿਥੋਂ ਆਉਣਗੀਆਂ ਅਤੇ ਕਿਸ ਦੀ ਮਦਦ ਕਰਨਗੀਆਂ? ਪਤਾ ਨਹੀਂ ਕੋਈ ਅਜਿਹਾ ਇਨਸਾਨ ਜੋ ਸਨਮਾਨਿਤ ਅਤੇ ਸਭਿਆਚਾਰਕ ਤੌਰ ਉਤੇ 'ਪਿਆਰ ਕਰਨ ਯੋਗ' ਪਿਛੋਕੜ ਤੋਂ ਹੋਵੇ, ਉਹਨੂੰ ਇਹ ਸਭ ਸੋਚਣਾ ਪੈਂਦਾ ਹੈ ਜਾਂ ਨਹੀਂ, ਪਤਾ ਨਹੀਂ ਉਹ ਇਹ ਸਮਝ ਪਾਵੇਗਾ ਜਾਂ ਨਹੀਂ।

ਇਹ ਗੱਲਬਾਤ ਵੈਸੇ ਤਾਂ ਮੈਂ ਕਈ ਦੋਸਤਾਂ ਨਾਲ ਕੀਤੀ ਹੈ। ਇਹ ਵੀ ਇਕ ਤਰ੍ਹਾਂ ਦੇ ਨਿਵੇਸ਼ ਹੀ ਹਨ ਜਦ ਮੈਂ ਉਹਨਾਂ ਨਾਲ ਗੱਲ ਕਰਦਾ ਹਾਂ, ਛੋਟੇ ਪੱਧਰ ਤੇ ਅਤੇ ਹੋਰ ਪ੍ਰਸੰਗਾਂ ਵਿਚ; ਪਰ ਸਿਰਫ ਇਸ ਲਈ ਕਿ ਮੈਂ ਗੱਲ ਕਰ ਲੈਂਦਾ ਹਾਂ ਜਾਂ ਕਿਸੇ ਹੱਦ ਤੱਕ ਪ੍ਰਵਾਹ ਦੀਆਂ ਇਹਨਾਂ ਆਰਥਿਕਤਾਵਾਂ ਵਿਚ ਹਿੱਸਾ ਲੈ ਲੈਂਦਾ ਹਾਂ, ਇਸ ਦਾ ਇਹ ਮਤਲਬ ਨਹੀਂ ਕਿ ਇਹ ਠੀਕ, ਬਰਾਬਰ ਜਾਂ ਗੈਰ-ਇਤਿਹਾਸਿਕ ਹਨ। ਇਸ ਦਾ ਇਹ ਮਤਲਬ ਹੈ ਕਿ ਮੈਂ ਜਾਣਦਾ ਹਾਂ ਕਿ ਕੀ ਹੁੰਦਾ ਹੈ, ਕਿੰਝ ਹੁੰਦਾ ਹੈ ਕਿ ਅਸੀਂ ਸਭਿਆਚਾਰਕ ਤੌਰ 'ਤੇ ਇੰਝ ਹੀ ਵਿਚਰਦੇ ਹਾਂ, ਕੰਮ ਕਰਦੇ ਹਾਂ- ਇਹਨਾਂ ਖਿਲਾਫ਼ ਲੜਦੇ ਅਤੇ ਨਵੀਂ ਦੁਨੀਆਂ ਬਣਾਉਣ ਦੀਆਂ ਦਲੀਲਾਂ ਦਿੰਦੇ ਹੋਏ ਵੀ।

ਕੀ ਅਸੀਂ ਇਹ ਮੰਨ ਸਕਦੇ ਹਾਂ ਕਿ ਜਿਸ ਨੂੰ ਅਸੀਂ ਪਿਆਰ ਕਰਨ ਲਈ ਚੁਣਦੇ ਹਾਂ, ਉਹ ਫੈਸਲਾ ਸਿਆਸੀ ਹੈ?

ਦਰਅਸਲ ਮੈਂ ਆਪਣੇ ਦੋਸਤਾਂ ਨਾਲ ਲੜ-ਲੜ ਕੇ ਥੱਕ ਗਿਆ ਹਾਂ। ਮੈਂ ਇਹ ਮੰਨਵਾ-ਮੰਨਵਾ ਕੇ ਥੱਕ ਗਿਆ ਹਾਂ ਕਿ ਜਿੰਨੇ ਉਹਨਾਂ ਦੇ ਰੋਮਾਂਟਿਕ ਸਾਥੀ ਮਾਇਨੇ ਰੱਖਦੇ ਹਨ, ਮੈਂ ਵੀ ਰੱਖਦਾ ਹਾਂ। ਬਹੁਤ ਤਰ੍ਹਾਂ, ਅਸੀਂ ਜਿਸ ਨੂੰ ਪਿਆਰ ਕਰਦੇ ਹਾਂ, ਉਹ ਇਸ ਚੀਜ਼ ਦਾ ਵੀ ਫੈਸਲਾ ਹੁੰਦਾ ਹੈ ਕਿ ਅਸੀਂ ਕਿਸ ਵਿਚ ਨਿਵੇਸ਼ ਕਰਨ ਲਈ ਤਿਆਰ ਹਾਂ, ਕਿਸ ਨਾਲ ਅਸੀਂ ਉਹ ਸਾਧਨ ਵੰਡਣ ਲਈ ਤਿਆਰ ਹਾਂ ਜੋ ਇਕ ਦੂਜੇ ਨੂੰ ਜ਼ਿੰਦਾ ਰੱਖਣਗੇ- ਜਿਸ ਵਿਚ ਪ੍ਰਵਾਹ ਵੀ ਆਉਂਦੀ ਹੈ। ਮੈਂ ਮੇਰੇ ਦੋਸਤਾਂ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕਰ-ਕਰ ਕੇ ਥੱਕ ਗਿਆ ਹਾਂ ਕਿ ਪਤਲੇਪਣ ਅਤੇ ਗੋਰੇਪਣ ਜਿਸ ਵਿਚ ਉਹ ਆਪਣੇ ਰੋਮਾਂਟਿਕ ਸਾਥੀਆਂ ਰਾਹੀਂ ਨਿਵਸ਼ ਕਰਦੇ ਹਨ, ਮੈਂ ਵੀ ਉਹਨਾਂ ਦੀ ਤਰ੍ਹਾਂ

*ਮੈਂ ਜ਼ੋਰ ਪਾ ਕੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਹਮੇਸ਼ਾ ਅਜਿਹਾ ਨਹੀਂ ਮਹਿਸੂਸ ਕੀਤਾ, ਨਾ ਹੀ ਮੈਂ ਇਹ ਕਰਨਾ ਚਾਹੁੰਦਾ ਹਾਂ। ਮੈਂ ਆਪਣੇ ਬਾਰੇ ਬਹੁਤ ਚੰਗਾ ਸੋਚਦਾ ਹਾਂ ਅਤੇ ਆਪਣੇ ਆਪ ਨੂੰ ਪਿਆਰ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹਾਂ। ਮੈਨੂੰ ਲੱਗਦਾ ਹੈ ਕਿ ਮੇਰੇ ਕੋਲ ਦੂਜਿਆਂ ਨੂੰ ਦੇਣ ਵਾਸਤੇ ਬਹੁਤ ਕੁਝ ਹੈ। ਮੈਂ ਆਪਣੇ ਆਪ ਨੂੰ ਦੂਜਿਆਂ ਦਾ ਚੰਗਾ ਦੋਸਤ ਵੀ ਸਮਝਦਾ ਹਾਂ ਜਿਨ੍ਹਾਂ ਦੀ ਮੈਂ ਪ੍ਰਵਾਹ ਕਰਨਾ ਚਾਹੁੰਦਾ ਹਾਂ ਅਤੇ ਆਪਣਾ ਸਭ ਕੁਝ ਨਿਛਾਵਰ ਕਰ ਦਿੰਦਾ ਹਾਂ, ਪਰ ਤਜਰਬੇ ਅਤੇ ਇਤਿਹਾਸ ਨੇ ਮੈਨੂੰ ਇਹ ਦਿਖਾਇਆ ਹੈ ਕਿ ਜੋ ਕੁਝ ਦੂਜੇ ਮੈਨੂੰ ਦੇ ਸਕਦੇ ਹਨ, ਉਸ ਦੀਆਂ ਕਈ ਸੀਮਾਵਾਂ ਹਨ। ਉਦੋਂ ਵੀ ਜਦੋਂ ਲੋਕ ਮੇਰੇ ਨਾਲ ਸਰੀਰਕ-ਸੁਮੇਲ ਵਿਚ ਦਿਲਚਸਪੀ ਲੈਂਦੇ ਹਨ (ਜੋ ਬਹੁਤ ਵਾਰ ਹੁੰਦਾ ਹੈ), ਉਨ੍ਹਾਂ ਦੀ ਦਿਲਚਸਪੀ ਸਰੀਰਕ-ਸੁਮੇਲ ਤੋਂ ਪਾਸੋਂ ਨਹੀਂ ਜਾਂਦੀ। ਹਰ ਹਾਲਤ ਵਿਚ ਮੇਰੀ ਪ੍ਰਵਾਹ ਕਰਨ ਵਿਚ ਕੋਈ ਨਾ ਕੋਈ ਸੀਮਾ ਤੈਅ ਹੁੰਦੀ ਹੈ।*



(ਬਾਕੀ ਅਗਲੇ ਸਫੇ 'ਤੇ)

# ਵਿਰੋਧੀ ਧਿਰ ਅਤੇ ਬਿਹਾਰ ਦੇ ਕੁਝ ਸਬਕ

*ਭਾਰਤੀ ਜਨਤਾ ਪਾਰਟੀ ਦੀ ਚੜ੍ਹਤ ਅਤੇ ਇਸ ਦੀ ਮਾਰਖੋਰੀ ਸਿਆਸਤ ਦੀ ਮਾਰ ਹੇਠ ਆਏ ਤਕਰੀਬਨ ਸਾਰੇ ਅਹਿਮ ਸਿਆਸੀ ਦਲ ਹੁਣ ਇਸ ਪਾਰਟੀ ਖਿਲਾਫ ਸਾਂਝਾ ਮੋਰਚਾ ਬੰਨ੍ਹਣ ਲਈ ਸਕੀਮਾਂ ਲੜਾ ਰਹੇ ਹਨ। ਹੁਣ ਤਾਂ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਵੀ ਕਿਸੇ ਗਠਜੋੜ ਲਈ ਸਹਿਮਤ ਹੋ ਗਈ ਜਾਪਦੀ ਹੈ। ਸਿੱਟੇ ਵਜੋਂ ਸਾਲ 2019 ਵਾਲੀਆਂ ਲੋਕ ਸਭਾ ਚੋਣਾਂ ਦਾ ਚਿਹਰਾ-ਮੋਹਰਾ ਤਕਰੀਬਨ ਹੁਣ ਤੋਂ ਹੀ ਬਣਨਾ ਆਰੰਭ ਹੋ ਗਿਆ ਹੈ। ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਇਸ ਸਿਆਸਤ ਦੇ ਵੱਖ ਵੱਖ ਪੱਖਾਂ ਬਾਰੇ ਕੁਝ ਨੁਕਤੇ ਆਪਣੇ ਇਸ ਲੇਖ ਵਿਚ ਸਾਂਝੇ ਕੀਤੇ ਹਨ। -ਸੰਪਾਦਕ*

ਉਤਰ ਪ੍ਰਦੇਸ਼ ਚੋਣਾਂ ਦਾ ਵਿਸ਼ਲੇਸ਼ਣ ਕਰਨ ਵਾਲੇ ਕਈ ਬੁੱਧੀਜੀਵੀ 2015 ਵਿਚ ਹੋਈਆਂ ਬਿਹਾਰ ਚੋਣਾਂ ਨੂੰ ਪੂਰੀ ਤਰ੍ਹਾਂ ਭੁੱਲ ਗਏ ਹਨ। ਭਾਰਤੀ ਜਨਤਾ ਪਾਰਟੀ ਨੇ ਜਿਸ ਤਰ੍ਹਾਂ ਦੀ ਮੁਹਿੰਮ ਉਤਰ ਪ੍ਰਦੇਸ਼ ਵਿਚ ਚਲਾਈ, ਠੀਕ ਅਜਿਹੀ ਹੀ ਮੁਹਿੰਮ ਉਸ ਨੇ ਬਿਹਾਰ ਵਿਚ ਵੀ ਚਲਾਈ ਸੀ। ਠੀਕ ਉਸੇ ਤਰ੍ਹਾਂ ਵੱਖ-ਵੱਖ ਪੜਾਵਾਂ 'ਤੇ ਵੱਖ-ਵੱਖ ਰਣਨੀਤੀਆਂ ਅਪਣਾਈਆਂ ਗਈਆਂ ਸਨ। ਉਤਰ ਪ੍ਰਦੇਸ਼ ਵਾਂਗ ਹੀ ਬਿਹਾਰ ਵਿਚ ਵੀ ਭਾਜਪਾ ਨੇ ਅਤਿ-ਪਛੜੀਆਂ ਅਤੇ ਅਤਿ-ਦਲਿਤਾਂ (ਬਿਹਾਰ ਦੀ ਭਾਸ਼ਾ ਵਿਚ ਮਹਾਂਦਲਿਤ) ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਸੀ। ਬਿਹਾਰ ਵਿਚ ਵੀ

**ਅਭੈ ਕੁਮਾਰ ਦੂਬੇ**

ਪ੍ਰਚਾਰ ਕੀਤਾ ਗਿਆ ਸੀ ਕਿ ਨਰੇਂਦਰ ਮੋਦੀ ਪਛੜੇ ਵਰਗਾਂ ਦੇ ਪੁੱਤਰ ਹਨ। ਉਤਰ ਪ੍ਰਦੇਸ਼ ਦੇ ਨਤੀਜਿਆਂ ਤੋਂ ਹੈਰਾਨ ਹੋਏ ਧਰਮ ਨਿਰਪੱਖ ਮਾਹਿਰ ਜੇ ਇਸ ਗੱਲ 'ਤੇ ਵਿਚਾਰ ਕਰ ਲੈਣ ਕਿ ਬਿਹਾਰ ਵਿਚ ਇਹ ਹਥਕੰਡੇ ਕਿਉਂ ਨਹੀਂ ਚੱਲੇ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਦੀ ਨਿਰਾਸ਼ਾ ਕੁਝ ਦੂਰ ਹੋ ਸਕੇ। ਉਨ੍ਹਾਂ ਨੂੰ ਇਸ ਗੱਲ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਬਿਹਾਰ ਦੀ ਰਾਜਨੀਤੀ ਵਿਚ ਨਿਤੀਸ਼ ਕੁਮਾਰ ਕਿਸ ਤਰ੍ਹਾਂ ਅਤਿ-ਪਛੜੀਆਂ, ਮਹਾਂ ਦਲਿਤਾਂ ਅਤੇ ਪਛੜੇ ਮੁਸਲਮਾਨਾਂ ਦੀ ਏਕਤਾ ਬਣਾਈ ਰੱਖ ਸਕੇ ਅਤੇ ਭਾਜਪਾ ਦੀ ਸਿਆਸੀ ਚਾਲ ਰੰਗ ਨਹੀਂ ਦਿਖਾ ਸਕੀ।

ਉਨ੍ਹਾਂ ਨੂੰ ਥੋੜ੍ਹਾ ਅਤੀਤ ਵਿਚ ਜਾਣਾ ਚਾਹੀਦਾ ਹੈ। 90 ਦੇ ਦਹਾਕੇ ਵਿਚ ਜਦੋਂ ਲਾਲੂ ਯਾਦਵ ਜਨਤਾ ਦਲ (ਜਦ) ਵਿਚ ਪੂਰੀ ਤਰ੍ਹਾਂ ਮਨਮਰਜ਼ੀ ਵਾਲੀ ਯਾਦਵਸ਼ਾਹੀ ਚਲਾ ਰਹੇ ਸਨ, ਉਸੇ ਸਮੇਂ ਨਿਤੀਸ਼ ਕੁਮਾਰ, ਜਾਰਜ ਫ਼ਰਨਾਂਡਿਜ਼, ਸ਼ਰਦ ਯਾਦਵ ਅਤੇ ਕੇ.ਸੀ. ਤਿਆਗੀ ਵਰਗੇ ਜਦ ਨੇਤਾ ਉਨ੍ਹਾਂ ਤੋਂ ਵੱਖ ਹੋ ਗਏ। ਉਨ੍ਹਾਂ ਨੇ ਅਲੱਗ ਪਾਰਟੀ ਬਣਾ ਕੇ ਭਾਜਪਾ ਦੇ ਉਦਾਰ ਸਮਝੇ ਜਾਣ ਵਾਲੇ ਖ਼ੇਮੇ ਨਾਲ ਗਠਜੋੜ ਕਰ ਲਿਆ। ਇਸ ਨੇ ਬਿਹਾਰ ਵਿਚ ਲਾਲੂ ਰਾਜ ਦਾ ਅੰਤ ਕਰਕੇ ਨਿਤੀਸ਼ ਰਾਜ ਦੀ ਸ਼ੁਰੂਆਤ ਕੀਤੀ। ਇਸ ਦੌਰ ਵਿਚ ਨਿਤੀਸ਼ ਨੇ ਦਲਿਤਾਂ ਵਿਚ ਮਹਾਂਦਲਿਤਾਂ ਅਤੇ ਪਛੜੀਆਂ ਵਿਚ ਅਤਿ ਪਛੜਿਆਂ ਦੀ ਸ਼੍ਰੇਣੀ ਬਣਾ ਕੇ ਰਾਖਵੇਂਕਰਨ ਦੇ ਕਰਪੂਰੀ ਫ਼ਾਰਮੂਲੇ ਨੂੰ ਜ਼ਮੀਨ 'ਤੇ ਉਤਾਰਿਆ। ਨਿਤੀਸ਼ ਨੇ ਹੀ ਮੁਸਲਮਾਨਾਂ ਵਿਚ ਉਭਰੇ ਪਛੜੇ ਮੁਹਾਜ਼ ਦੀਆਂ ਸਿਆਸੀ ਸੰਭਾਵਨਾਵਾਂ ਨੂੰ ਪਛਾਣਿਆ। ਉਤਰ ਪ੍ਰਦੇਸ਼ ਵਿਚ ਇਹ ਸਭ ਨਹੀਂ ਹੋ ਸਕਿਆ ਅਤੇ ਸਮਾਜਿਕ ਨਿਆਂ ਦੇ ਨਾਂਅ 'ਤੇ ਯਾਦਵਸ਼ਾਹੀ ਅਤੇ ਜਾਟਵਸ਼ਾਹੀ ਚਲਦੀ ਰਹੀ। ਧਰਮ ਨਿਰਪੱਖਤਾ ਦੇ ਨਾਂ 'ਤੇ ਮੁਸਲਿਮ ਮੌਲਵੀਆਂ ਦੀ ਫ਼ਤਵੇਬਾਜ਼ੀ ਕਾਇਮ ਰਹੀ।

ਦਿਲਚਸਪ ਗੱਲ ਇਹ ਹੈ ਕਿ ਬਿਹਾਰ ਦੀ ਚੋਣ ਰਾਜਨੀਤਕ ਵਿਗਿਆਨ ਦੇ ਜਿਨ੍ਹਾਂ ਦੋ ਸਿਧਾਂਤਾਂ ਨੂੰ ਸਹੀ ਠਹਿਰਾਉਂਦੀ ਹੈ, ਉਥੇ ਹੀ ਉਤਰ ਪ੍ਰਦੇਸ਼ ਦੀ ਚੋਣ ਨੇ ਇਨ੍ਹਾਂ ਸਥਾਪਤ ਦੋਵਾਂ ਸਿਧਾਂਤਾਂ ਨੂੰ ਵੱਡੀ ਚੁਣੌਤੀ ਦਿੱਤੀ ਹੈ। ਇਹ ਦੋਵੇਂ ਸਿਧਾਂਤ ਰਜਨੀ ਕੋਠਾਰੀ ਦੀ ਦੇਣ ਹਨ। ਪਹਿਲਾ ਹੈ ਜਾਤੀਆਂ ਦਾ ਰਾਜਨੀਤੀਕਰਨ, ਜਿਸ ਮੁਤਾਬਕ ਪ੍ਰੋਫ਼ੈਸਰ ਕੋਠਾਰੀ ਨੇ ਦਿਖਾਇਆ ਸੀ ਕਿ ਭਾਰਤੀ ਰਾਜਨੀਤੀ ਨੂੰ ਜਾਤੀਵਾਦੀਕਰਨ ਦੇ ਆਈਨੇ ਵਿਚ ਦੇਖਣ ਦੀ ਬਜਾਏ ਜਾਤੀਆਂ ਨੂੰ ਵੱਧ ਤੋਂ ਵੱਧ ਸਿਆਸੀਕਰਨ ਹੁੰਦੇ ਜਾਣ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ। ਉਹ ਮੰਨਦੇ ਸਨ ਕਿ ਸਿਆਸੀਕਰਨ ਦੇ ਇਸ ਅਮਲ ਵਿਚ ਭਾਰਤ ਵਰਗੇ ਪਰੰਪਰਾਵਾਦੀ ਸਮਾਜ ਦੇ ਆਧੁਨਿਕੀਕਰਨ ਦੀਆਂ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ। ਆਪਣੇ ਦੂਜੇ ਸਿਧਾਂਤਕ ਸੂਤਰੀਕਰਨ ਵਿਚ ਕੋਠਾਰੀ ਨੇ ਦਾਅਵਾ ਕੀਤਾ ਸੀ ਕਿ ਭਾਰਤ ਨੂੰ ਇਕ ਵੱਡੇ ਬਹੁਗਿਣਤੀ ਅਤੇ ਕਈ ਛੋਟੇ-ਛੋਟੇ ਘੱਟ-ਗਿਣਤੀ ਸਮਾਜਾਂ ਨੂੰ ਸਮੁੱਚੇ ਰੂਪ ਵਿਚ ਦੇਖਣ ਦੀ ਬਜਾਏ ਬਹੁਤ ਸਾਰੇ ਛੋਟੇ-ਛੋਟੇ ਘੱਟ-ਗਿਣਤੀ ਸਮੂਹਾਂ ਦੇ ਜਮਾਵੜੇ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ, ਕਿਉਂਕਿ ਹਿੰਦੂ ਹੋਣ ਜਾਂ ਮੁਸਲਮਾਨ-ਇਹ ਦੋਵੇਂ ਹੀ ਆਪਣੇ-ਆਪ ਵਿਚ ਅਨੇਕ ਭਾਈਚਾਰਿਆਂ ਨੂੰ ਜੋੜ ਕੇ ਬਣੇ ਹੋਏ ਹਨ। ਇਨ੍ਹਾਂ ਦੋਵਾਂ ਸਿਧਾਂਤਾਂ ਤੋਂ ਸੰਦੇਸ਼ ਇਹ ਮਿਲਦਾ ਸੀ ਕਿ ਜਾਤੀਆਂ ਦੀ ਰਾਜਨੀਤੀ ਵਿਚ ਹਿੱਸੇਦਾਰੀ ਆਪਣੇ-ਆਪ ਵਿਚ ਕੋਈ ਨਾਂਹ-ਪੱਖੀ ਘਟਨਾ ਨਹੀਂ ਹੈ ਅਤੇ ਉਸ ਦੇ ਜ਼ਰੀਏ ਕਰਮਕਾਂਡੀ ਵਖਰੇਵੇਂ ਵਿਚ ਪਏ ਜਾਤੀ-ਸਮੂਹ ਆਧੁਨਿਕ ਰਾਜਨੀਤਕ ਸੱਤਾ ਹਾਸਲ ਕਰਨ ਦੇ ਮੁਕਾਬਲੇ ਵਿਚ ਉਤਰਨ ਕਾਰਨ ਇਕ-ਦੂਜੇ ਨਾਲ ਗਠਜੋੜ ਕਰਨ ਵੱਲ ਜਾਂਦੇ ਹਨ, ਜਿਸ ਨਾਲ ਉਦਾਰ ਰਾਜਨੀਤਕ ਕਦਰਾਂ-ਕੀਮਤਾਂ ਦੇ ਆਧਾਰ 'ਤੇ ਰਚੇ ਜਾਣ ਵਾਲੇ ਇਕ ਵਿਭਿੰਨਤਾਵਾਂ ਵਾਲੇ ਪਰ ਆਧੁਨਿਕ ਸਮਾਜ ਦੀਆਂ ਸੰਭਾਵਨਾਵਾਂ ਬਣਦੀਆਂ ਹਨ। ਦੂਜੇ, ਭਾਰਤ ਨੂੰ ਘੱਟ-ਗਿਣਤੀ ਪਛਾਣਾਂ ਦੇ ਗਠਜੋੜ ਦੀ ਤਰ੍ਹਾਂ ਦੇਖਣ ਤੋਂ ਸਮਝ ਇਹ ਬਣਦੀ ਸੀ ਕਿ ਇਸ ਦੇਸ਼ ਵਿਚ ਕਿਸੇ ਬਹੁਗਿਣਤੀਵਾਦ ਦੇ ਉਭਾਰ ਦੀਆਂ ਸੰਭਾਵਨਾਵਾਂ ਕਮਜ਼ੋਰ ਹਨ। ਇਸ ਤਰ੍ਹਾਂ ਕੋਠਾਰੀ ਇਹ ਗਾਰੰਟੀ ਦਿੰਦੇ ਸਨ ਕਿ ਭਾਰਤੀ ਲੋਕਤੰਤਰ ਉਸ ਬਹੁਗਿਣਤੀਵਾਦੀ ਲਹਿਰ ਤੋਂ ਬਚ ਸਕਦਾ ਹੈ, ਜਿਸ ਤੋਂ ਬਚਣਾ ਦਰਅਸਲ ਹਰ ਲੋਕਤੰਤਰ ਲਈ ਇਕ ਵੱਡੀ ਚੁਣੌਤੀ ਹੁੰਦੀ ਹੈ।



ਬਾਬਰੀ ਮਸਜਦ ਢਾਹੇ ਜਾਣ ਦੀ ਪਿੱਠਭੂਮੀ ਵਿਚ ਹੋਈਆਂ 1993 ਦੇ ਉਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਜਦੋਂ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਇਤਿਹਾਸਕ ਪਰ ਥੋੜ੍ਹਚਿਰੀ ਗਠਜੋੜ ਨੇ ਪਛੜਿਆਂ-ਦਲਿਤਾਂ-ਮੁਸਲਮਾਨਾਂ ਦੀ ਏਕਤਾ ਦੇ ਜ਼ਰੀਏ ਭਾਰਤੀ ਜਨਤਾ ਪਾਰਟੀ ਦੇ 'ਹਿੰਦੂ ਵਿਜੇ ਦਿਵਸ' ਨੂੰ ਹਰਾ ਦਿੱਤਾ, ਤਾਂ ਇਕ ਵਾਰ ਲੱਗਿਆ ਸੀ ਕਿ ਕੋਠਾਰੀ ਦੀਆਂ ਅੰਤਰ-ਦ੍ਰਿਸ਼ਟੀਆਂ ਕਿੰਨੀਆਂ ਸਟੀਕ ਬੈਠ ਰਹੀਆਂ ਹਨ। ਪਰ ਅੱਜ ਸਥਿਤੀ ਬਦਲ ਗਈ ਹੈ। ਉਤਰ ਪ੍ਰਦੇਸ਼ ਵਿਚ ਜਾਤੀਆਂ ਦਾ ਸਿਆਸੀਕਰਨ ਆਪਣੇ ਸਿਖ਼ਰ 'ਤੇ ਹੈ। ਇਥੋਂ ਤੱਕ ਕਿ ਜਾਟਾਂ, ਕੁਰਮੀਆਂ, ਰਾਜਭਰਾਂ ਅਤੇ ਨਿਸ਼ਾਦਾਂ ਵਰਗੇ ਛੋਟੇ-ਛੋਟੇ ਜਾਤੀ-ਵਰਗਾਂ ਦੇ ਵੀ ਆਪਣੇ ਰਾਜਨੀਤਕ ਦਲ ਹਨ। ਮੁਸਲਮਾਨਾਂ ਵਿਚਲੇ ਵੱਖਰੇ ਫ਼ਿਰਕੇ ਨੂੰ ਗੋਲਬੰਦ ਕਰਨ ਲਈ ਘੱਟੋ-ਘੱਟ ਤਿੰਨ ਦਲ ਸਰਗਰਮ ਹਨ; ਪਰ ਰਾਜਨੀਤੀ ਦੀ ਰਫ਼ਤਾਰ ਕੁਝ ਇਸ ਤਰ੍ਹਾਂ ਚੱਲ ਰਹੀ ਹੈ ਕਿ ਘੱਟ-ਗਿਣਤੀਆਂ ਮਜ਼ਬੂਤ ਹੋਣ ਦੀ ਬਜਾਏ ਕਮਜ਼ੋਰ ਹੁੰਦੀਆਂ ਜਾ ਰਹੀਆਂ ਹਨ ਅਤੇ ਦੂਜੇ ਪਾਸੇ ਇਕ ਹਿੰਦੂ ਬਹੁ-ਗਿਣਤੀਵਾਦ ਦੀ ਚੋਣਾਵੀ ਤਾਕਤ ਬਣਦੀ ਜਾ ਰਹੀ ਹੈ। ਇਹ ਸੰਕੇਤ ਲੋਕਤੰਤਰਿਕ ਚੁਣਾਵੀ ਰਾਜਨੀਤੀ ਜ਼ਰੀਏ ਇਕ ਉਦਾਰਤਾਵਾਦੀ ਅਤੇ ਵਿਭਿੰਨਤਾਵਾਂ ਵਾਲੇ ਆਧੁਨਿਕ ਭਾਰਤੀ ਰਾਜ ਅਤੇ ਸਮਾਜ ਦੇ ਨਾ ਹੋ ਕੇ ਅਜਿਹੇ ਸੱਜੇ ਪੱਖੀ ਪੁਨਰ-ਉਥਾਨਵਾਦੀ ਰਵੱਈਏ 'ਤੇ ਘੋਸ਼ਣਾਪੂਰਵਕ ਆਧਾਰਿਤ ਰਾਜ ਦਾ ਮਾਡਲ ਬਣਨ ਦੇ ਹਨ। ਅਜੇ ਇਹ ਮਾਡਲ ਸਿਰਫ ਗੁਜਰਾਤ ਅਤੇ ਉਤਰ ਪ੍ਰਦੇਸ਼ ਵਿਚ ਬਣਿਆ ਹੈ ਪਰ ਅੱਗੇ ਚੱਲ ਕੇ ਇਸ ਨੂੰ ਪੂਰੇ ਦੇਸ਼ ਵਿਚ ਲਾਗੂ ਕੀਤਾ ਜਾ ਸਕਦਾ ਹੈ।

ਅਜਿਹਾ ਲਗਦਾ ਹੈ ਕਿ ਜਿਸ ਰੁਝਾਨ ਨੂੰ ਯੋਗੇਂਦਰ ਯਾਦਵ ਨੇ 1999 ਵਿਚ 'ਦੂਜੇ ਲੋਕਤੰਤਰਿਕ ਉਭਾਰ' ਦਾ ਨਾਂਅ ਦਿੱਤਾ ਸੀ (ਪਹਿਲਾ ਲੋਕਤੰਤਰਿਕ ਉਭਾਰ 60 ਦੇ ਦਹਾਕੇ ਵਿਚ ਆਇਆ ਸੀ, ਜਿਸ ਨੇ ਕਾਂਗਰਸ ਦੇ ਚੁਣਾਵੀ ਗ਼ਲਬੇ ਨੂੰ ਖ਼ਤਮ ਕਰ ਦਿੱਤਾ ਸੀ), ਉਸ ਬੁਨਿਆਦੀ ਰੁਝਾਨ ਵਿਚ ਹੁਣ ਵੱਡੀ ਤਬਦੀਲੀ ਹੋ ਗਈ ਹੈ, ਜਿਸ ਕਾਰਨ ਕੋਠਾਰੀ ਦੇ ਸੂਤਰੀਕਰਨਾਂ ਦੀ ਜਾਇਜ਼ਤਾ ਸੰਕਟ ਵਿਚ ਪੈ ਗਈ ਹੈ। ਯਾਦਵ ਦਾ ਕਹਿਣਾ ਸੀ ਕਿ ਪਛੜੇ ਵਰਗਾਂ ਅਤੇ ਦਲਿਤ ਵਰਗਾਂ ਨੇ ਰਾਜਨੀਤਕ ਚੇਤਨਾ ਦੇ ਪ੍ਰਭਾਵ ਵਿਚ ਵੱਡੀ ਗਿਣਤੀ ਵਿਚ ਮਤਦਾਨ ਕਰਨਾ ਸ਼ੁਰੂ ਕੀਤਾ ਹੈ, ਉਨ੍ਹਾਂ ਦੀ ਰਾਜਨੀਤਕ ਗੋਲਬੰਦੀ ਵੀ ਵੱਡੇ ਪੈਮਾਨੇ 'ਤੇ ਕੀਤੀ ਜਾ ਰਹੀ ਹੈ ਅਤੇ ਇਹ ਵਰਗ ਵੱਖ-ਵੱਖ ਤਰ੍ਹਾਂ ਦੇ ਰਾਜਨੀਤਕ ਏਜੰਡੇ 'ਚੋਂ ਆਪਣੇ ਲਈ ਸਭ ਤੋਂ ਜ਼ਿਆਦਾ ਹਿਤਕਾਰੀ ਏਜੰਡਾ ਚੁਣ ਰਹੇ ਹਨ। ਸਪਸ਼ਟ ਹੈ ਕਿ ਇਥੇ ਜਿਨ੍ਹਾਂ ਏਜੰਡਿਆਂ ਦੀ ਚਰਚਾ ਹੈ, ਉਨ੍ਹਾਂ ਵਿਚ ਹਿੰਦੂਤਵ ਦੀ ਰਾਜਨੀਤੀ ਦਾ ਏਜੰਡਾ ਨਿਸਚੇ ਹੀ ਨਹੀਂ ਰਿਹਾ ਹੋਵੇਗਾ, ਕਿਉਂਕਿ ਪਛੜੇ ਅਤੇ ਦਲਿਤ ਵਰਗ ਮੁਸਲਮਾਨਾਂ, ਈਸਾਈਆਂ ਅਤੇ ਬੋਧੀਆਂ ਵਿਚ ਵੀ ਵੱਡੇ ਪੈਮਾਨੇ 'ਤੇ ਮੌਜੂਦ ਸਨ ਅਤੇ ਅੱਜ ਵੀ ਹਨ। 2017 ਦੇ ਉਤਰ ਪ੍ਰਦੇਸ਼ ਦੇ ਚੋਣ ਨਤੀਜੇ ਦੱਸਦੇ ਹਨ ਕਿ ਇਹ ਲੋਕਤੰਤਰਿਕ ਉਭਾਰ ਬਹੁਗਿਣਤੀਵਾਦੀ ਰਸਤੇ 'ਤੇ ਚੱਲ ਪਿਆ ਹੈ ਅਤੇ ਜਿਨ੍ਹਾਂ ਕਮਜ਼ੋਰ ਅਤੇ ਹਾਸ਼ੀਆਗ੍ਰਸਤ ਵਰਗਾਂ ਦੇ ਰਾਜਨੀਤੀਕਰਨ 'ਤੇ ਇਹ ਆਧਾਰਿਤ ਲੱਗ ਰਿਹਾ ਸੀ, ਉਨ੍ਹਾਂ ਨੂੰ ਧਰਮ ਦੇ ਆਧਾਰ 'ਤੇ ਵੰਡਿਆ ਗਿਆ ਹੈ। ਘੱਟ-ਗਿਣਤੀਆਂ ਦੀਆਂ ਕਮਜ਼ੋਰ ਜਾਤੀਆਂ ਅਤੇ ਹਿੰਦੂਆਂ ਦੀਆਂ ਕਮਜ਼ੋਰ ਜਾਤੀਆਂ ਦੀ ਰਾਜਨੀਤਕ ਪਸੰਦ ਵੰਡੀ ਗਈ ਹੈ। ਪਿਛਲੀਆਂ ਦੋ ਚੋਣਾਂ ਦੱਸਦੀਆਂ ਹਨ ਕਿ ਘੱਟ-ਗਿਣਤੀ ਕਮਜ਼ੋਰ ਜਾਤੀਆਂ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੂੰ ਵੋਟ ਦੇ ਰਹੀਆਂ ਹਨ ਅਤੇ ਹਿੰਦੂਆਂ ਦੀਆਂ ਕਮਜ਼ੋਰ ਜਾਤੀਆਂ ਯਾਦਵਾਂ ਅਤੇ ਜਾਟਵਾਂ ਦੇ ਅਪਵਾਦ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਨੂੰ।

ਨਿਸਚਿਤ ਰੂਪ ਨਾਲ ਇਹ ਇਕ ਫ਼ਿਰਕੂ ਵੰਡ ਹੈ। ਮੈਂ ਇਹ ਨਹੀਂ ਮੰਨ ਸਕਦਾ ਕਿ ਹਿੰਦੂ ਦਾਇਰੇ ਦੇ ਗ਼ਰੀਬਾਂ ਵਿਚ ਮੁਸਲਮਾਨ ਦਾਇਰੇ ਦੇ ਗ਼ਰੀਬਾਂ ਲਈ ਕੋਈ ਨਫ਼ਰਤ ਹੈ ਅਤੇ ਇਸ ਲਈ ਉਨ੍ਹਾਂ ਨੇ ਭਾਜਪਾ ਨੂੰ ਵੋਟ ਦਿੱਤੇ ਹਨ। ਬਿਹਾਰ ਚੋਣਾਂ ਵਿਚ ਅਸੀਂ ਵੇਖ ਚੁੱਕੇ ਹਾਂ ਕਿ ਠੀਕ ਉਤਰ ਪ੍ਰਦੇਸ਼ ਵਰਗੀ ਹੀ ਚੋਣਾਵੀ ਮੁਹਿੰਮ ਚਲਾਉਣ ਦੇ ਬਾਵਜੂਦ ਉਨ੍ਹਾਂ ਨੇ ਭਾਜਪਾ ਨੂੰ ਵੋਟ ਨਹੀਂ ਦਿੱਤੇ ਸਨ। ਇਸ ਤੋਂ ਸਪੱਸ਼ਟ ਹੈ ਕਿ ਉਤਰ ਪ੍ਰਦੇਸ਼ ਵਿਚ ਸਮਾਜਿਕ ਨਿਆਂ ਦੀਆਂ ਸਮਰਥਕ ਰਾਜਨੀਤਕ ਤਾਕਤਾਂ ਨੇ ਵਿਆਪਕ ਹਿੰਦੂ ਸਮਾਜ ਨਾਲ ਆਪਣੇ ਨਜ਼ਦੀਕੀ ਰਾਜਨੀਤਕ ਸਬੰਧਾਂ ਦੇ ਮਾਮਲੇ ਵਿਚ ਕਾਫ਼ੀ ਕੁਝ ਖੋਹਿਆ ਹੈ। ਦੂਜੇ, ਉਹ ਯਾਦਵਾਂ ਅਤੇ ਜਾਟਵਾਂ ਨੂੰ ਛੱਡ ਕੇ ਬਾਕੀ ਗ਼ਰੀਬ ਤਬਕੇ ਨੂੰ ਬਿਹਾਰ ਦੇ ਨਿਤੀਸ਼ ਕੁਮਾਰ ਦੀ ਤਰਜ਼ 'ਤੇ ਵਿਕਾਸ ਅਤੇ ਮਜ਼ਬੂਤ ਕਰਨ ਦਾ ਭਰੋਸਾ ਦੇਣ ਵਿਚ ਅਸਮਰੱਥ ਰਹੇ ਹਨ। ਕੀ ਸਮਾਜਵਾਦੀ ਪਾਰਟੀ ਅਤੇ ਬਸਪਾ ਦੀ ਲੀਡਰਸ਼ਿਪ ਨਿਤੀਸ਼ ਕੁਮਾਰ ਦੇ ਮਾਡਲ ਤੋਂ ਕੁਝ ਸਿੱਖੇਗੀ?

---

# ਰੋਮਾਂਟਿਕ ਪਿਆਰ ਸਾਨੂੰ ਮਾਰ ਰਿਹੈ...

*(ਪਿਛਲੇ ਸਫੇ ਦੀ ਬਾਕੀ)*

ਹੀ ਪਿਆਰ, ਸਮਾਂ ਅਤੇ ਧਿਆਨ ਦੇ ਕਾਬਲ ਹਾਂ। ਮੈਂ ਉਹਨਾਂ ਨੂੰ ਇਹ ਸਮਝਾ-ਬੁਝਾ ਕੇ ਅੱਕ ਚੁੱਕਿਆ ਹਾਂ ਕਿ ਜਿਸ ਨੂੰ ਅਸੀਂ ਪਿਆਰ ਕਰਨਾ ਚੁਣਦੇ ਹਾਂ ਅਤੇ ਜਿਸ ਵਿਚ ਨਿਵੇਸ਼ ਕਰਦੇ ਹਾਂ, ਉਹ ਸਿਆਸੀ ਫੈਸਲਾ ਹੁੰਦਾ ਹੈ।

ਲੋਕਾਂ ਵਿਚ ਨਿਵੇਸ਼ ਕਰਨ ਦਾ ਮਤਲਬ ਹੈ, ਸਰੀਰਾਂ ਵਿਚ ਨਿਵੇਸ਼ ਕਰਨਾ ਅਤੇ ਇਹ ਇਤਿਹਾਸਿਕ ਮਹੱਤਤਾਵਾਂ ਅਤੇ ਤਰਜੀਹਾਂ ਤੋਂ ਪਰੇ ਦੀ ਗੱਲ ਨਹੀਂ ਹੈ। ਅਸੀਂ ਆਪਣੀਆਂ ਇੱਛਾਵਾਂ ਦਾ ਸਿਆਸੀਕਰਨ ਉਦੋਂ ਹੀ ਰੋਕ ਸਕਦੇ ਹਾਂ, ਜਦ ਅਸੀਂ ਉਹਨਾਂ ਇੱਛਾਵਾਂ ਦੇ ਆਧਾਰ 'ਤੇ ਆਪਣਾ ਪਿਆਰ ਅਤੇ ਪ੍ਰਵਾਹ ਵੰਡਣਾ ਬੰਦ ਕਰ ਦੇਵਾਂਗੇ। ਜਦ ਅਸੀਂ ਆਪਣੀਆਂ ਇੱਛਾਵਾਂ ਨੂੰ ਉਸ ਖਾਣੇ ਦੀ ਤਰ੍ਹਾਂ ਵਰਤਣਾ ਬੰਦ ਕਰਾਂਗੇ ਜਿਸ ਰਾਹੀਂ ਅਸੀਂ ਤੈਅ ਕਰਦੇ ਹਾਂ ਜਾਂ ਕੋਸ਼ਿਸ਼ ਕਰਦੇ ਹਾਂ ਕਿ ਕਿਸ ਨੂੰ ਜ਼ਿੰਦਾ ਰੱਖਣਾ ਹੈ ਅਤੇ ਕਿਸ ਨੂੰ ਮਰਨ ਲਈ ਛੱਡਣਾ ਹੈ।

ਮੈਨੂੰ ਲੱਗ ਰਿਹਾ ਹੈ ਜਿਵੇਂ ਮੈ 'ਫੇਮ' ਆਤਮ-ਘਾਤ ਦੀ ਮਹਾਮਾਰੀ ਦੇ ਇਕ ਲਮਹੇ ਵਿਚੋਂ ਲਿਖ ਰਿਹਾ ਹਾਂ। ਪਿਛਲੇ ਸਾਲਾਂ ਵਿਚ ਅਸੀਂ ਕਿੰਨੀਆਂ ਹੀ 'ਫੇਮ' ਮਹਾਨ ਹਸਤੀਆਂ ਗੁਆ ਦਿੱਤੀਆਂ; ਮਹਾਨ ਲੋਕ ਜੋ ਦੂਜਿਆਂ ਲਈ ਤਾਕਤ ਦਾ ਸਰੋਤ ਸਨ; ਲੋਕ ਜਿਹਨਾਂ ਨੇ ਕਲਾ ਬਣਾਈ ਅਤੇ ਅਜਿਹਾ ਸਮੂਹ ਬਣਾਇਆ ਜਿਸ ਨੇ ਕਈਆਂ ਨੂੰ ਜ਼ਿੰਦਾ ਰੱਖਿਆ ਤੇ ਕਈਆਂ ਦੇ ਦਿਲਾਂ ਨੂੰ ਛੂਹਿਆ ਅਤੇ ਉਹਨਾਂ ਨੂੰ ਵੀ ਜਿਹਨਾਂ ਨੂੰ ਜ਼ਿੰਦਾ ਨਹੀਂ ਰਹਿਣ ਦਿੱਤਾ ਗਿਆ। ਇਹ ਬਸ ਉਹੀ ਹਨ, ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ। ਪਤਾ ਨਹੀਂ ਇਸ ਅਨੋਖੀ ਛੋਟੀ 'ਮਸ਼ਹੂਰੀ' ਦੇ ਪੱਧਰ ਤੱਕ ਕਿੰਨੇ ਹੀ ਨਹੀਂ ਪਹੁੰਚ ਪਾਏ।

***ਪਿਆਰ ਦੀ ਬਨਾਵਟ ਮੈਨੂੰ ਡਰਾਉਂਦੀ ਹੈ। ਇਕ ਪਾਸੇ, ਅਜਿਹੇ ਇਨਸਾਨ ਦੀ ਤਰ੍ਹਾਂ ਜੋ ਨਿੱਜੀ ਤੌਰ 'ਤੇ, ਅਤੇ ਇਤਿਹਾਸਕ-ਸਭਿਆਚਾਰਕ ਤੌਰ 'ਤੇ ਪਿਆਰ ਕਰਨ ਯੋਗ ਨਹੀਂ ਹੈ। ਮੇਰੀ ਇੱਛਾ ਹੈ ਕਿ ਕੋਈ ਮੇਰੀ ਪ੍ਰਵਾਹ ਕਰੇ ਅਤੇ ਮੈਨੂੰ ਮਹੱਤਤਾ ਦੇਵੇ, ਪਰ ਦੂਜੇ ਨਾਲ ਇਹ ਕਰਨਾ ਮੈਨੂੰ ਡਰਾਉਂਦਾ ਵੀ ਹੈ। ਇਸ ਲਈ ਨਹੀਂ ਕਿ ਮੈਂ ਪਿਆਰ ਵਿਚ ਬੱਝਣਾ ਨਹੀਂ ਚਾਹੁੰਦਾ, ਪਰ ਇਸ ਲਈ ਕਿ ਮੈਂ ਕਿਸੇ ਇਕੋ ਇਨਸਾਨ ਲਈ ਪਿਆਰ ਅਤੇ ਪ੍ਰਵਾਹ ਰਾਖਵੀਂ ਰੱਖਣ ਲਈ ਮਜਬੂਰ ਨਹੀਂ ਮਹਿਸੂਸ ਕਰਨਾ ਚਾਹੁੰਦਾ; ਕਿਉਂਕਿ ਇਹ ਸਿਰਫ਼ ਇਕ ਇਨਸਾਨ ਨੂੰ ਪਿਆਰ ਕਰਨਾ ਨਹੀਂ ਹੈ, ਸਗੋਂ ਦੂਜਿਆਂ ਨੂੰ ਪਿਆਰ ਨਾ ਕਰਨ ਦੀ ਕੀਮਤ ਤੇ ਇਕ ਨੂੰ ਪਿਆਰ ਕਰਨਾ ਹੈ।***



ਮੈਂ ਇਹਨਾਂ ਲੋਕਾਂ ਦੀ ਗੱਲ ਉਹਨਾਂ ਨੂੰ ਇਸਤੇਮਾਲ ਜਾਂ ਟੋਕਨ ਵਜੋਂ ਵਰਤਣ ਲਈ ਨਹੀਂ ਕਰ ਰਿਹਾ, ਸਗੋਂ ਇਸ ਮਸਲੇ ਦੀ ਗੰਭੀਰਤਾ ਨੂੰ ਦਿਖਾਉਣ ਲਈ ਕਰ ਰਿਹਾਂ ਹਾਂ। ਆਤਮ ਹਤਿਆ ਔਖਾ ਅਤੇ ਗੁੰਝਲਦਾਰ ਫੈਸਲਾ ਹੁੰਦਾ ਹੈ ਅਤੇ ਸ਼ਾਇਦ ਉਹ ਕੁਝ ਲੋਕਾਂ ਦੇ ਪ੍ਰਵਾਹ ਕਰਨ ਨਾਲ ਨਹੀਂ ਬਦਲ ਸਕਦਾ, ਪਰ ਜਿਹੜੀ ਪ੍ਰਵਾਹ ਮੈਨੂੰ ਮਿਲਦੀ ਹੈ ਜਾਂ ਨਹੀਂ ਮਿਲਦੀ, ਤੇ ਆਤਮ-ਘਾਤ ਦਾ ਉਸ ਨਾਲ ਰਿਸ਼ਤਾ ਅਤੇ ਜਿਸ ਗਤੀ ਤੇ ਤੀਬਰਤਾ ਨਾਲ ਆਤਮ ਹਤਿਆ ਦਾ ਖ਼ਿਆਲ ਮੇਰੇ ਦਿਮਾਗ ਵਿਚ ਆਇਆ, ਮੈਨੂੰ ਲੱਗਦਾ ਹੈ ਕਿ ਇਸ ਦਾ ਕੋਈ ਤਾਅਲੁਕ ਹੈ।

ਕੀ ਅਸੀਂ ਇਕ ਦੂਜੇ ਨੂੰ ਆਪਣੀ ਜਿਨਸੀ ਪੂੰਜੀ (ਸਬੰਧ ਅਤੇ ਇਸ ਨਾਲ ਜੁੜੀਆਂ ਇੱਛਾਵਾਂ) ਦੇ ਬਾਵਜੂਦ ਜ਼ਿੰਦਾ ਰੱਖ ਸਕਦੇ ਹਾਂ?

ਮੇਰੇ ਜੀਵਨ ਵਿਚ ਕਈ ਅਜਿਹੇ ਪਲ ਆਏ ਹਨ ਜਦ ਮੈਨੂੰ ਲੱਗਿਆ ਜਾਂ ਲਗਵਾਇਆ ਗਿਆ ਕਿ ਜੇ ਮੈਂ ਨਾ ਰਿਹਾ ਤਾਂ ਕਿਸੇ ਦੇ ਜੀਵਨ ਵਿਚ ਕੋਈ ਵੱਡੀ ਉਦਾਸੀ ਨਹੀਂ ਛਾਏਗੀ। ਹੋ ਸਕਦਾ ਹੈ, ਕੁਝ ਲੋਕਾਂ ਕੋਲ ਕਦੇ-ਕਦੇ ਕੋਈ ਮੈਸੇਜ਼ ਕਰਨ ਵਾਲਾ ਨਾ ਹੋਵੇ, ਪਰ ਅਜਿਹਾ ਕੋਈ ਗੈਪ ਜਾਂ ਥਾਂਵਾਂ ਨਹੀਂ ਹਨ ਜੋ ਭਰੀਆਂ ਨਾ ਜਾ ਸਕਣ ਜਾਂ ਨਹੀਂ ਜਾਣਗੀਆਂ। ਕਿਸੇ ਦੀ ਰੋਜ਼ ਦੀ ਪਦਾਰਥਕ ਜ਼ਿੰਦਗੀ ਵਿਚ ਕੋਈ ਫ਼ਰਕ ਨਹੀਂ ਪਵੇਗਾ। ਇਸ ਦਾ ਮਤਲਬ, ਕਿਸੇ ਨੇ ਮੈਨੂੰ ਉਹਨਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣ ਲਈ ਨਿਵੇਸ਼/ਕੋਸ਼ਿਸ਼ ਹੀ ਨਹੀਂ ਕੀਤੀ।

ਪਿਆਰ ਦੀ ਇਹ ਬਨਾਵਟ ਮੈਨੂੰ ਡਰਾਉਂਦੀ ਹੈ। ਇਕ ਪਾਸੇ, ਅਜਿਹੇ ਇਨਸਾਨ ਦੀ ਤਰ੍ਹਾਂ ਜੋ ਨਿੱਜੀ ਤੌਰ 'ਤੇ, ਅਤੇ ਇਤਿਹਾਸਕ-ਸਭਿਆਚਾਰਕ ਤੌਰ 'ਤੇ ਪਿਆਰ ਕਰਨ ਯੋਗ ਨਹੀਂ ਹੈ। ਮੇਰੀ ਇਹ ਇੱਛਾ ਹੈ ਕਿ ਕੋਈ ਮੇਰੀ ਪ੍ਰਵਾਹ ਕਰੇ ਅਤੇ ਮੈਨੂੰ ਮਹੱਤਤਾ ਦੇਵੇ, ਪਰ ਦੂਜੇ ਨਾਲ ਇਹ ਕਰਨਾ ਮੈਨੂੰ ਡਰਾਉਂਦਾ ਵੀ ਹੈ। ਇਸ ਲਈ ਨਹੀਂ ਕਿ ਮੈਂ ਪਿਆਰ ਵਿਚ ਬੱਝਣਾ ਨਹੀਂ ਚਾਹੁੰਦਾ, ਪਰ ਇਸ ਲਈ ਕਿ ਮੈਂ ਕਿਸੇ ਇਕੋ ਇਨਸਾਨ ਲਈ ਪਿਆਰ ਅਤੇ ਪ੍ਰਵਾਹ ਰਾਖਵੀਂ ਰੱਖਣ ਲਈ ਮਜਬੂਰ ਨਹੀਂ ਮਹਿਸੂਸ ਕਰਨਾ ਚਾਹੁੰਦਾ; ਕਿਉਂਕਿ ਇਹ ਸਿਰਫ਼ ਇਕ ਇਨਸਾਨ ਨੂੰ ਪਿਆਰ ਕਰਨਾ ਨਹੀਂ ਹੈ, ਸਗੋਂ ਦੂਜਿਆਂ ਨੂੰ ਪਿਆਰ ਨਾ ਕਰਨ ਦੀ ਕੀਮਤ ਤੇ ਇਕ ਨੂੰ ਪਿਆਰ ਕਰਨਾ ਹੈ। ਮੈਨੂੰ ਨਹੀਂ ਲੱਗਦਾ ਕਿ ਪਿਆਰ ਅਤੇ ਰੋਮਾਂਸ ਇਹ ਹੁੰਦਾ ਹੈ, ਪਰ ਸਮਾਜ ਵਿਚ ਇਸੇ ਤਰ੍ਹਾਂ ਇਹ ਵਾਪਰਦਾ ਹੈ। ਹੋ ਸਕਦਾ ਹੈ ਕਿ ਇਹ ਜਾਣ-ਬੁੱਝ ਕੇ ਨਾ ਵਾਪਰਦਾ ਹੋਵੇ ਜਾਂ ਅਵਚੇਤਨ ਤੌਰ 'ਤੇ ਵਾਪਰਦਾ ਹੋਵੇ, ਪਰ ਇਸ ਨੂੰ 'ਪੂੰਜੀਵਾਦੀ ਵਿਅਕਤੀਵਾਦ' ਦਾ ਸਿੱਟਾ ਨਾ ਕਹਿਣਾ ਔਖਾ ਲੱਗਦਾ ਹੈ। ਅਜਿਹਾ ਪੂੰਜੀਵਾਦ ਜੋ ਵੰਡ ਕੇ ਜਿੱਤਣਾ ਚਾਹੁੰਦਾ ਹੈ (ਫੁਟ ਪਾਉ ਤੇ ਰਾਜ ਕਰੋ)। ਮੈਂ ਆਪਣਾ ਪਿਆਰ ਅਤੇ ਪ੍ਰਵਾਹ ਖੁੱਲ੍ਹੇ ਤੌਰ 'ਤੇ ਦੇਣਾ ਚਾਹੁੰਦੇ ਹਾਂ ਅਤੇ ਇਸੇ ਤਰ੍ਹਾਂ ਵਾਪਸ ਚਾਹੁੰਦਾ ਹਾਂ- ਬਿਨਾਂ ਕਿਸੇ ਰੋਮਾਂਟਿਕ ਜਾਂ ਸਰੀਰਕ ਰਿਸ਼ਤੇ ਜਾਂ ਮਜਬੂਰੀ ਦੇ।

ਮੈਂ ਨਹੀਂ ਚਾਹੁੰਦਾ, ਕੋਈ ਮੈਨੂੰ 'ਪਿਆਰ' ਕਰੇ। ਮੈਂ ਚਾਹੁੰਦਾ ਹਾਂ ਕਿ ਕੋਈ ਮੇਰੀ ਪ੍ਰਵਾਹ ਕਰੇ, ਤਰਜੀਹ ਦੇਵੇ ਅਤੇ ਮੈਂ ਅਜਿਹੀ ਦੁਨੀਆਂ ਬਣਾਉਣਾ ਚਾਹੁੰਦਾ ਹਾਂ, ਜਿਥੇ ਰੋਮਾਂਟਿਕ ਪਿਆਰ ਅਜਿਹੇ ਹਾਲਾਤ ਦੀ ਸ਼ਰਤ ਨਹੀਂ ਹੈ- ਖ਼ਾਸ ਕਰ ਕੇ ਇਸ ਸਟੇਟ ਅੰਦਰ, ਜਿਸ ਵਿਚ ਕਿਹੜੇ ਸਰੀਰਾਂ (ਇਨਸਾਨ) ਨੂੰ ਪਿਆਰ ਕੀਤਾ ਜਾ ਸਕਦਾ ਹੈ, ਪ੍ਰਵਾਹ ਕੀਤੀ ਜਾ ਸਕਦੀ ਹੈ ਜਾਂ ਨਿਵੇਸ਼ ਕੀਤਾ ਜਾ ਸਕਦਾ ਹੈ, ਇਸ ਦਾ ਘੇਰਾ ਬੜਾ ਹੀ ਸੀਮਿਤ ਹੈ।

ਪਰ ਅਸੀਂ ਇਕ ਦੂਜੇ ਨਾਲ ਇਕ ਦੂਜੇ ਨੂੰ ਆਪਣੇ ਸਰੀਰਕ ਰਿਸ਼ਤਿਆਂ ਅਤੇ ਰੁਚੀਆਂ ਦੇ ਬਾਵਜੂਦ ਜ਼ਿੰਦਾ ਰੱਖਣ ਦਾ ਵਾਅਦਾ ਕਰ ਸਕਦੇ ਹਾਂ। ਸਾਨੂੰ ਇਹ ਕਰਨ ਦੀ ਲੋੜ ਹੈ। 'ਆਪਣੇ ਆਪ ਤੇ ਭਰੋਸਾ ਰੱਖਣ' ਵਾਲਾ ਇਹ ਭਰਮ ਨਵ-ਉਦਾਰਵਾਦੀ ਪ੍ਰਬੰਧ ਦੀ ਦੇਣ ਹੈ ਜਿਸ ਦਾ ਇਕੋ-ਇਕ ਕੰਮ ਹੈ- ਪੀੜਤ ਨੂੰ ਦੋਸ਼ੀ ਠਹਿਰਾਉਣਾ। ਇਹ ਲੋਕਾਂ ਨਾਲ ਹੁੰਦੇ ਧੱਕੇ ਨੂੰ ਸੁਤੰਤਰ ਵਿਚਾਰ ਦੇ ਨਾਂ ਹੇਠ ਉਹਨਾਂ ਦਾ ਗੈਰ-ਸਿਆਸੀਕਰਨ ਕਰਨ ਦੀ ਅਤੇ ਸਮਾਜਿਕ ਜਵਾਬਦੇਹੀ ਤੋਂ ਭੱਜਣ ਦੀ ਕੋਸ਼ਿਸ਼ ਹੈ। ਹੁਣ ਸਵਾਲ ਇਹ ਹੈ- ਕੀ ਅਸੀਂ 'ਪਿਆਰ' ਦੇ ਬਾਹਰ ਇਕ-ਦੂਜੇ ਦੀ ਪ੍ਰਵਾਹ ਕਰ ਸਕਦੇ ਹਾਂ? ਕੀ ਅਸੀਂ ਉਹ ਜਿਹਨਾਂ ਨੂੰ ਪਿਆਰ ਨਹੀਂ ਮਿਲਦਾ ਅਤੇ ਪਿਆਰ ਕਰਨ ਯੋਗ ਨਹੀਂ ਸਮਝਿਆ ਜਾਂਦਾ, ਉਹਨਾਂ ਨੂੰ ਜ਼ਿੰਦਾ ਰੱਖ ਸਕਦੇ ਹਾਂ? ਕੀ ਸਾਡੇ ਵਿਚ ਅਜਿਹੀ ਦੁਨੀਆਂ ਬਣਾਉਣ ਦੀ ਹਿੰਮਤ ਹੈ?

#

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਵਿਰਲਾ ਸਿਖ ਸੁਣੈ ਗੁਰ ਪੀਰੈ

ਭਾਈ ਗੁਰਦਾਸ ਨੇ ਚਉਥੀ ਵਾਰ ਦੀ ਇਸ ਸੋਲ੍ਹਵੀਂ ਪਉੜੀ ਵਿਚ ਦੱਸਿਆ ਹੈ ਕਿ ਹੀਰੇ ਨੂੰ ਕੱਟਣ ਲਈ ਵਰਮੇ ਅੱਗੇ ਹੀਰੇ ਦੀ ਕਣੀ ਲਾ ਕੇ ਉਸ ਨਾਲ ਹੀ ਹੀਰੇ ਨੂੰ ਹੌਲੀ ਹੌਲੀ ਕੱਟਿਆ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਦੇ ਸ਼ਬਦ ਦੁਆਰਾ ਮਨ ਰੂਪੀ ਹੀਰੇ ਨੂੰ ਕੱਟਿਆ ਜਾਂਦਾ ਹੈ। ਫਿਰ ਧਾਗਾ ਲੈ ਕੇ ਉਸ ਵਿਚ ਸੁੰਦਰ ਮਾਲਾ ਪਰੋਈ ਜਾਂਦੀ ਹੈ। ਇਸੇ ਤਰ੍ਹਾਂ ਪ੍ਰੇਮ ਦੇ ਧਾਗੇ ਨਾਲ ਮਨਾਂ ਨੂੰ ਇਕੱਠਿਆਂ ਕਰਕੇ ਸੁੰਦਰ ਮਾਲਾ ਬਣਦੀ ਹੈ। ਸਾਧ ਸੰਗਤਿ ਅਜਿਹੀ ਥਾਂ ਹੈ ਜਿੱਥੇ ਜਾ ਕੇ ਆਪਣੀ ਲਿਵ ਗੁਰੂ ਦੇ ਸ਼ਬਦ ਵਿਚ ਜੋੜ ਕੇ, ਮਨ ਵਿਚੋਂ ਹਉਮੈ ਨੂੰ ਦੂਰ ਕਰਕੇ ਮਨ ਵਿਚ ਸਹਿਜ ਅਤੇ ਧੀਰਜ ਪੈਦਾ ਹੁੰਦਾ ਹੈ। ਆਪਣੇ ਮਨ ਨੂੰ ਗੁਰੂ ਦੇ ਸਮਰਪਣ ਕਰਕੇ ਗੁਰੂ ਦਾ ਮੰਤਰ ਲੈਣ ਨਾਲ ਹੀ ਮਨ ਜਿੱਤਿਆ ਜਾਂਦਾ ਹੈ; ਗੁਰਮੁਖਾਂ ਦੇ ਗੁਣ ਆਪਣੇ ਅੰਦਰ ਸ਼ਾਮਲ ਕਰ ਲੈਣੇ ਚਾਹੀਦੇ ਹਨ। ਗੁਰੂ ਦੇ ਚਰਨਾਂ ਦੀ ਧੂੜ ਬਣ ਕੇ ਭਾਵ ਚਰਨੀਂ ਲੱਗ ਕੇ, ਹਲੀਮ ਬਣ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਗੁਰੂ ਦੇ ਚਰਨਾਂ ਦੇ ਬਰਾਬਰ ਉਹ ਕਾਮਧੇਨ ਗਊ, ਜਿਸ ਨੂੰ ਸਾਰੀਆਂ ਇਛਾਵਾਂ ਪੂਰੀਆਂ ਕਰਨ ਵਾਲੀ ਮੰਨਿਆ ਜਾਂਦਾ ਹੈ, ਵੀ ਨਹੀਂ ਹੈ। ਸਾਧ ਸੰਗਤਿ ਵਿਚ ਜਾ ਕੇ ਗੁਰੂ ਦੇ ਸ਼ਬਦ ਵਿਚ ਲਿਵ ਲਾਉਣੀ, ਗੁਰੂ ਦੇ ਚਰਨਾਂ ਦੀ ਧੂੜ ਬਣ ਕੇ ਰਹਿਣਾ, ਗੁਰਮੁਖਾਂ ਦੀ ਸੇਵਾ ਕਰਨਾ ਭਾਵੇਂ ਅਲੂਣੀ ਸਿਲ ਚੱਟਣ ਵਰਗਾ ਬਿਖੜਾ ਕਾਰਜ ਹੈ ਪਰ ਇਸ ਦੀ ਮਿਠਾਸ ਨੂੰ ਹਾਸਲ ਕਰਨ ਲਈ ਲੱਖਾਂ ਅੰਮ੍ਰਿਤ ਰਸ ਤਰਸਦੇ ਹਨ। ਕੋਈ ਵਿਰਲਾ ਸਿੱਖ ਹੁੰਦਾ ਹੈ ਜੋ ਗੁਰੂ ਦੀ ਸਿੱਖਿਆ ਨੂੰ ਸੁਣਦਾ ਹੈ ਅਤੇ ਗ੍ਰਹਿਣ ਕਰਦਾ ਹੈ:

ਹੀਰੇ ਹੀਰਾ ਬੇਧੀਐ
ਬਰਮੇ ਕਣੀ ਅਣੀ ਹੋਇ ਹੀਰੈ।
ਧਾਗਾ ਹੋਇ ਪਰੋਈਐ
ਹੀਰੈ ਮਾਲ ਰਸਾਲ ਗਹੀਰੈ।
ਸਾਧਸੰਗਤਿ ਗੁਰ ਸਬਦ ਲਿਵ
ਹਉਮੈ ਮਾਰਿ ਮਰੈ ਮਨੁ ਧੀਰੈ।
ਮਨਜਿਣਿ ਮਨੁ ਦੇ ਲਏ
ਮਨ ਗੁਣਿ ਵਿਚਿ ਗੁਣ ਗੁਰਮੁਖਿ ਸਰੀਰੈ।
ਪੈਰੀ ਪੈ ਪਾ ਖਾਕੁ ਹੋਇ
ਕਾਮਧੇਨੁ ਸੰਤ ਰੇਣੁ ਨ ਨੀਰੈ।
ਸਿਲਾ ਅਲੂਣੀ ਚਟਣੀ
ਲਖ ਅੰਮ੍ਰਿਤ ਰਸ ਤਰਸਨ ਸੀਰੈ।
ਵਿਰਲਾ ਸਿਖ ਸੁਣੈ ਗੁਰ ਪੀਰੈ॥੧੬॥

ਗੁਰੂ ਸਾਹਿਬਾਨ ਨੇ ਜੀਵਨ-ਮੁਕਤਿ ਦਾ ਸਿਧਾਂਤ ਦਿੱਤਾ ਹੈ ਜਿਸ ਅਨੁਸਾਰ ਮਨੁੱਖ ਇਸ ਸਰੀਰ ਵਿਚ ਰਹਿੰਦਿਆਂ ਹੀ ਆਪਣੇ ਜੀਵਨ ਨੂੰ ਗੁਰਮਤਿ ਅਨੁਸਾਰ ਢਾਲ ਕੇ ਦੁੱਖ-ਸੁੱਖ ਤੋਂ ਪਾਰ ਜਾ ਕੇ ਅਕਾਲ ਪੁਰਖ ਨਾਲ ਇਕਸੁਰਤਾ ਵਾਲਾ ਜੀਵਨ ਜਿਉਂਦਾ ਹੈ। ਇਸ ਜੀਵਨ ਦਾ ਅੰਤ ਹੋਣ 'ਤੇ ਜੋ ਮੁਕਤੀ ਮਿਲਦੀ, ਉਸ ਨੂੰ ਅਕਾਲ ਪੁਰਖ ਵਿਚ ਅਭੇਦ ਹੋ ਜਾਣਾ ਕਿਹਾ ਹੈ ਜਿਵੇਂ ਜਲ ਵਿਚ ਜਲ ਸਮਾ ਜਾਂਦਾ ਹੈ ਜਾਂ ਸੂਰਜ ਦੀ ਕਿਰਨ ਸੂਰਜ ਵਿਚ ਸਮਾ ਜਾਂਦੀ ਹੈ।

ਇਸ ਪਉੜੀ ਵਿਚ ਭਾਈ ਗੁਰਦਾਸ ਨੇ ਸਪੱਸ਼ਟ ਕੀਤਾ ਹੈ ਕਿ ਇੱਕ ਜੀਵਨ-ਮੁਕਤਿ ਦੀ ਰਹਿਣੀ ਇਸ ਕਿਸਮ ਦੀ ਹੁੰਦੀ ਹੈ ਕਿ ਉਹ ਗੁਰੂ ਦੀਆਂ ਸਿੱਖਿਆਵਾਂ ਨੂੰ ਸੁਣ ਸੁਣ ਕੇ ਉਨ੍ਹਾਂ ਨੂੰ ਆਪਣੇ ਮਨ ਅੰਦਰ ਵਸਾਉਂਦਾ ਹੈ ਜਿਸ ਨਾਲ ਉਹ ਅੰਦਰੋਂ ਸਿਆਣਪ ਗ੍ਰਹਿਣ ਕਰਕੇ ਸਮਝਦਾਰ ਹੋ ਜਾਂਦਾ ਹੈ ਪਰ ਬਾਹਰ ਤੋਂ ਦੇਖਣ ਨੂੰ ਉਹ ਬਿਲਕੁਲ ਸਿੱਧੀ-ਸਾਦੀ ਰਹਿਣੀ ਵਾਲਾ ਮਨੁੱਖ ਨਜ਼ਰ ਆਉਂਦਾ ਹੈ। ਉਹ ਆਪਣੀ ਸੁਰਤਿ ਨੂੰ ਪੂਰੀ ਤਰ੍ਹਾਂ ਗੁਰੂ ਦੇ ਸ਼ਬਦ ਵਿਚ ਜੋੜ ਲੈਂਦਾ ਹੈ, ਗੁਰੂ ਦੇ ਸ਼ਬਦ ਪ੍ਰਤੀ ਉਹ ਪੂਰੀ ਤਰ੍ਹਾਂ ਚੇਤੰਨ ਹੁੰਦਾ ਹੈ ਅਤੇ ਗੁਰੂ ਦੀ ਸਿੱਖਿਆ ਤੋਂ ਬਿਨਾ ਉਹ ਹੋਰ ਬਾਕੀ ਗੱਲਾਂ ਵੱਲੋਂ ਆਪਣੇ ਕੰਨ ਬੰਦ ਕਰ ਲੈਂਦਾ ਹੈ ਭਾਵ ਗੁਰੂ ਦੀ ਸਿੱਖਿਆ 'ਤੇ ਹੀ ਪੂਰੀ ਤਰ੍ਹਾਂ ਅਮਲ ਕਰਦਾ ਹੈ। ਉਹ ਗੁਰੂ ਦੇ ਦਰਸ਼ਨ ਦੇਖਣ ਨੂੰ ਹੀ ਆਪਣਾ ਜੀਵਨ ਮਕਸਦ ਬਣਾ ਲੈਂਦਾ ਹੈ ਅਤੇ ਸਾਧ ਸੰਗਤਿ ਵਿਚ ਜਾ ਕੇ ਗੁਰੂ ਦੀ ਸਿੱਖਿਆ ਸੁਣਦਾ ਹੈ। ਬਾਕੀ ਹੋਰ ਕਿਸੇ ਕਿਸਮ ਦੀ ਸੰਗਤਿ ਨਹੀਂ ਕਰਦਾ ਅਤੇ ਨਾ ਹੀ ਕਿਸੇ ਕਿਸਮ ਦੀਆਂ ਹੋਰ ਚੀਜ਼ਾਂ ਵੱਲ ਧਿਆਨ ਦਿੰਦਾ ਹੈ ਅਰਥਾਤ ਬਾਕੀ ਹਰ ਤਰ੍ਹਾਂ ਦੀਆਂ ਵਾਸ਼ਨਾਵਾਂ ਵੱਲੋਂ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰ ਲੈਂਦਾ ਹੈ। ਉਹ ਗੁਰੂ ਪਾਸੋਂ ਅਕਾਲ ਪੁਰਖ ਦੀ ਵਡਿਆਈ ਦਾ ਸ਼ਬਦ ਪ੍ਰਾਪਤ ਕਰਦਾ ਹੈ ਜਿਸ ਵਿਚ ਲੀਨ ਹੋਇਆ ਉਹ ਆਤਮਕ ਅਨੰਦ ਮਾਣਦਾ ਹੈ ਅਤੇ ਵਾਹਿਗੁਰੂ ਦੇ ਪ੍ਰੇਮ-ਰਸ ਦਾ ਪਿਆਲਾ ਪੀ ਕੇ ਉਸ ਵਿਚ ਮਸਤ ਰਹਿੰਦਾ ਹੈ। ਉਹ ਗੁਰੂ ਦੇ ਚਰਨੀਂ ਲੱਗ ਕੇ ਆਪਣੇ ਅੰਦਰ ਹਲੀਮੀ ਪੈਦਾ ਕਰਦਾ ਹੈ ਅਤੇ ਆਪਣੇ ਆਪ ਨੂੰ ਗੁਰੂ ਦੇ ਚਰਨਾਂ ਦੀ ਧੂੜ ਸਮਝਦਾ ਹੈ, ਗੁਰੂ ਦੇ ਚਰਨਾਂ ਦਾ ਅੰਮ੍ਰਿਤ ਪੀਂਦਾ ਹੈ। ਭਾਵ ਗੁਰੂ ਦੇ ਚਰਨਾਂ ਨਾਲ ਪ੍ਰੇਮ ਕਰਦਾ ਹੈ ਅਤੇ ਹਲੀਮੀ ਵਾਲਾ ਜੀਵਨ ਜਿਉਂਦਾ ਹੈ। ਜਿਸ ਤਰ੍ਹਾਂ ਭੌਰਾ ਫੁੱਲਾਂ ਵਿਚ ਮਸਤ ਹੋਇਆ ਰਹਿੰਦਾ ਹੈ ਇਸੇ ਤਰ੍ਹਾਂ ਜੀਵਨ ਮੁਕਤਿ ਵੀ ਗੁਰੂ ਦੇ ਚਰਨਾਂ ਨਾਲ ਲੱਗਾ ਰਹਿੰਦਾ ਹੈ ਜਿਸ ਕਰਕੇ ਉਹ ਇਸ ਭਵਜਲ ਸੰਸਾਰ ਵਿਚ ਬਿਲਕੁਲ ਨਿਰਲੇਪ ਹੋ ਕੇ ਵਿਚਰਦਾ ਹੈ, ਸੰਸਾਰਕ ਦੁੱਖ-ਸੁੱਖ ਉਸ ਨੂੰ ਆਪਣੇ ਜੀਵਨ ਮਾਰਗ ਤੋਂ ਵਿਚਲਿਤ ਨਹੀਂ ਕਰਦੇ। ਇੰਜ ਜੀਵਨ ਮੁਕਤਿ ਇਸ ਸੰਸਾਰ ਵਿਚ ਰਹਿ ਕੇ ਵੀ ਸੱਚ ਦਾ ਪਹਿਰਾਵਾ ਪਹਿਨ ਕੇ ਇੱਕ ਮੁਕਤਿ ਜੀਵਨ ਜਿਉਂਦਾ ਹੈ:

ਗੁਰ ਸਿਖੀ ਗੁਰ ਸਿਖ ਸੁਣਿ
ਅੰਦਰਿ ਸਿਆਣਾ ਬਾਹਰਿ ਭੋਲਾ।
ਸਬਦਿ ਸੁਰਤਿ ਸਾਵਧਾਨ ਹੋਇ
ਵਿਣੁ ਗੁਰਸਬਦਿ ਨ ਸੁਣਈ ਬੋਲਾ।
ਸਤਿਗੁਰ ਦਰਸਨੁ ਦੇਖਣਾ
ਸਾਧਸੰਗਤਿ ਵਿਣੁ ਅੰਨਾਂ ਖੋਲਾ।
ਵਾਹਗੁਰੂ ਗੁਰੁ ਸਬਦੁ ਲੈ
ਪਿਰਮ ਪਿਆਲਾ ਚੁਪਿ ਚਬੋਲਾ।
ਪੈਰੀ ਪੈ ਪਾ ਖਾਕ ਹੋਇ
ਚਰਣਿ ਧੋਇ ਚਰਣੋਦਕ ਝੋਲਾ।
ਚਰਣ ਕਵਲ ਚਿਤੁ ਭਵਰੁ ਕਰਿ
ਭਵਜਲ ਅੰਦਰਿ ਰਹੈ ਨਿਰੋਲਾ।
ਜੀਵਣਿ ਮੁਕਤਿ ਸਚਾਵਾ ਚੋਲਾ॥੧੭॥

ਇਸ ਤੋਂ ਅੱਗੇ ਭਾਈ ਗੁਰਦਾਸ ਸਿਰ ਵਿਚ ਉਗੇ ਛੋਟੇ ਛੋਟੇ ਵਾਲਾਂ ਦੇ ਦ੍ਰਿਸ਼ਟਾਂਤ ਰਾਹੀਂ ਗੁਰਮੁਖਿ ਅੰਦਰ ਪੈਦਾ ਹੋਈ ਹਲੀਮੀ ਦੀ ਗੱਲ ਕਰਦੇ ਹਨ ਕਿ ਗੁਰਮੁਖਿ ਅੰਦਰ ਏਨੀ ਹਲੀਮੀ ਹੋਣੀ ਚਾਹੀਦੀ ਹੈ ਜਿਵੇਂ ਉਹ ਆਪਣੇ ਸਿਰ ਵਿਚ ਉਗੇ ਕੇਸਾਂ ਨੂੰ ਗੁਰੂ ਦੇ ਚਰਨਾਂ 'ਤੇ ਝੁਲਾ ਰਿਹਾ ਹੋਵੇ। ਗੁਰੂ-ਰੂਪ ਤੀਰਥ ਸਥਾਨ 'ਤੇ ਇਸ਼ਨਾਨ ਕਰਦੇ ਸਮੇਂ ਉਹ ਆਪਣੇ ਪ੍ਰੇਮ ਦੇ ਹੰਝੂਆਂ ਨਾਲ ਗੁਰੂ ਦੇ ਚਰਨ ਧੋਵੇ (ਇਹ ਸਭ ਦ੍ਰਿਸ਼ਟਾਂਤ ਗੁਰਮੁਖਿ ਦੀ ਹਲੀਮੀ ਵੱਲ ਸੰਕੇਤ ਕਰਦੇ ਹਨ)। ਵਾਲ ਕਾਲਿਆਂ ਤੋਂ ਚਿੱਟੇ ਹੋ ਰਹੇ ਹਨ ਤੇ ਉਸ ਦਾ ਇਸ ਸੰਸਾਰ ਤੋਂ ਵਿਦਾ ਲੈਣ ਦਾ ਸਮਾਂ ਨੇੜੇ ਆ ਰਿਹਾ ਹੁੰਦਾ ਹੈ। ਇਸ ਦਾ ਅਹਿਸਾਸ ਆਪਣੇ ਮਨ ਵਿਚ ਕਰਕੇ ਇਸ ਨੂੰ ਅਕਾਲ ਪੁਰਖ ਦੇ ਪ੍ਰੇਮ ਦਾ ਚਿੰਨ੍ਹ ਸਮਝ ਕੇ ਮਨ ਵਿਚ ਉਸ ਅਕਾਲ ਪੁਰਖ ਦੇ ਪ੍ਰੇਮ ਨੂੰ ਮਾਣਨਾ ਚਾਹੀਦਾ ਹੈ। ਪੂਰੇ ਸਤਿਗੁਰੂ ਦੇ ਚਰਨੀਂ ਲੱਗ ਕੇ ਆਪਣੇ ਆਪ ਨੂੰ ਉਸ ਦੇ ਚਰਨਾਂ ਦੀ ਧੂੜ ਬਣਾਉਂਦਾ ਹੈ ਅਰਥਾਤ ਮਨ ਵਿਚੋਂ ਹਉਮੈ ਨੂੰ ਦੂਰ ਕਰਕੇ ਹਲੀਮੀ ਧਾਰਨ ਕਰਦਾ ਹੈ ਤਾਂ ਸਤਿਗੁਰੂ ਉਸ ਨੂੰ ਮਿਹਰ ਦੀ ਨਜ਼ਰ ਨਾਲ ਦੇਖਦਾ ਹੈ, ਉਸ 'ਤੇ ਨਿਹਾਲ ਹੁੰਦਾ ਹੈ ਭਾਵ ਸਤਿਗੁਰੂ ਦੀ ਮਿਹਰ ਪਾਉਣ ਲਈ ਮਨ ਵਿਚੋਂ ਹਰ ਤਰ੍ਹਾਂ ਦੀ ਹਉਮੈ ਦੂਰ ਕਰਨੀ ਪੈਂਦੀ ਹੈ ਤੇ ਹਲੀਮ ਬਣਨਾ ਪੈਂਦਾ ਹੈ।

ਅਗਲੀ ਪੰਕਤੀ ਵਿਚ ਦੱਸਿਆ ਗਿਆ ਹੈ ਕਿ ਕਾਂ ਦੀ ਸਿਆਣਪ ਛੱਡ ਕੇ (ਕਾਂ ਨੂੰ ਬਹੁਤ ਸਿਆਣਾ ਅਤੇ ਨਾਲ ਹੀ ਚੁਸਤ ਪੰਛੀ ਮੰਨਿਆ ਗਿਆ ਹੈ ਪਰ ਇਸ ਦੇ ਨਾਲ ਹੀ ਇਹ ਵੀ ਮੰਨਿਆ ਜਾਂਦਾ ਹੈ ਕਿ ਸਿਆਣਾ ਕਾਂ ਹਮੇਸ਼ਾ ਗੰਦੀ ਥਾਂ ਹੀ ਡਿਗਦਾ ਹੈ। ਇਸੇ ਲਈ ਇਥੇ ਕਾਂ ਵਾਲੀ ਸਿਆਣਪ ਨੂੰ ਛੱਡਣ ਦੀ ਗੱਲ ਕੀਤੀ ਹੈ) ਹੰਸ ਵਾਲੀ ਬਿਰਤੀ ਅਪਨਾਵੇ ਜੋ ਸਿਰਫ ਮੋਤੀ ਪਛਾਣਦੀ ਤੇ ਚੁਗਦੀ ਹੈ (ਕਿਹਾ ਜਾਂਦਾ ਹੈ ਕਿ ਪੱਥਰ ਗੀਟਿਆਂ ਦੇ ਢੇਰ ਵਿਚੋਂ ਵੀ ਹੰਸ ਸਿਰਫ ਮੋਤੀ ਚੁਣ ਚੁਣ ਕੇ ਖਾਂਦਾ ਹੈ) ਅਰਥਾਤ ਚੰਗੀ ਗੁਰੂ ਵਾਲੀ ਮੱਤ ਗ੍ਰਹਿਣ ਕਰੇ ਅਤੇ ਦੂਸਰਿਆਂ ਨੂੰ ਵੀ ਇਹੀ ਮੱਤ ਦੇਵੇ। ਗੁਰੂ ਦੀ ਸਿੱਖੀ ਨੂੰ ਖੰਡੇ ਨਾਲੋਂ ਤਿੱਖੀ ਅਤੇ ਵਾਲ ਤੋਂ ਵੀ ਬਰੀਕ ਮੰਨਿਆ ਗਿਆ ਹੈ ਭਾਵ ਸਿੱਖੀ ਦੇ ਮਾਰਗ ਨੂੰ ਬਹੁਤ ਔਖਾ ਰਸਤਾ ਮੰਨਿਆ ਜਾਂਦਾ ਹੈ ਪਰ ਫਿਰ ਵੀ ਗੁਰੂ ਦਾ ਸਿੱਖ ਗੁਰੂ ਦੀ ਸਿੱਖਿਆ ਨੂੰ ਸੁਣੇ ਤੇ ਇਸ ਦਾ ਪਾਲਣ ਕਰੇ। ਇਸ ਤਰ੍ਹਾਂ ਗੁਰੂ ਦਾ ਸਿੱਖ ਆਪਣੇ ਗੁਰੂ ਦੇ ਪ੍ਰੇਮ ਦੇ ਪਿਆਲੇ ਨੂੰ ਪੀ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਦਾ ਹੈ:

ਸਿਰਿ ਵਿਚਿ ਨਿਕੈ ਵਾਲ ਹੋਇ
ਸਾਧੂ ਚਰਣ ਚਵਰ ਕਰਿ ਢਾਲੈ।
ਗੁਰ ਸਰ ਤੀਰਥ ਨਾਇ ਕੈ
ਅੰਝੂ ਭਰਿ ਭਰਿ ਪੈਰਿ ਪਖਾਲੈ।
ਕਾਲੀ ਹੂੰ ਧਉਲੇ ਕਰੇ ਚਲਣਾ
ਜਾਣਿ ਨੀਸਾਣੁ ਸਮ੍ਹਾਲੈ।
ਪੈਰੀ ਪੈ ਪਾ ਖਾਕ ਹੋਇ
ਪੂਰਾ ਸਤਿਗੁਰੁ ਨਦਰਿ ਨਿਹਾਲੈ।
ਕਾਗ ਕੁਮੰਤਹੁ ਪਰਮ ਹੰਸੁ
ਉਜਲ ਮੋਤੀ ਖਾਇ ਖਵਾਲੈ।
ਵਾਲਹੁ ਨਿਕੀ ਆਖੀਐ
ਗੁਰ ਸਿਖੀ ਸੁਣਿ ਗੁਰਸਿਖ ਪਾਲੈ।
ਗੁਰਸਿਖੁ ਲੰਘੈ ਪਿਰਮ ਪਿਆਲੈ॥੧੮॥

ਗੁਰੂ ਅਮਰਦਾਸ ਜੀ ਨੇ ਭਗਤੀ, ਗੁਰਮੁਖਿ ਅਤੇ ਸਿੱਖੀ ਦੇ ਮਾਰਗ ਦੀ ਵਿਆਖਿਆ ਕਰਦਿਆਂ ਦੱਸਿਆ ਹੈ ਕਿ ਭਗਤਾਂ ਦਾ ਮਾਰਗ ਬਹੁਤ ਹੀ ਅਨੋਖਾ, ਦੁਨੀਆਂ ਤੋਂ ਬਿਲਕੁਲ ਹੀ ਵੱਖਰੀ ਕਿਸਮ ਦਾ ਹੈ। ਇਹ ਚਾਲ ਨਿਰਾਲੀ ਜਾਂ ਵਿਲੱਖਣ ਜਾਂ ਅਨੋਖੀ ਕਿਉਂ ਹੈ? ਇਸ ਦਾ ਕਾਰਨ ਦੱਸਦਿਆਂ ਗੁਰੂ ਸਾਹਿਬ ਸੁਚੇਤ ਕਰਦੇ ਹਨ ਕਿ ਇਹ ਭਗਤੀ ਵਾਲਾ ਮਾਰਗ, ਸਿੱਖੀ ਦਾ ਮਾਰਗ ਜਿਸ 'ਤੇ ਗੁਰਮੁਖਿ ਜਾਂ ਭਗਤ ਨੇ ਤੁਰਨਾ ਹੈ, ਬਹੁਤ ਹੀ ਔਖਾ ਪੈਂਡਾ ਹੈ, ਇਸੇ ਲਈ ਇਹ ਵਿਲੱਖਣ ਜਾਂ ਅਨੋਖਾ ਹੈ। ਸੰਸਾਰ ਵਿਚ ਰਹਿੰਦਿਆਂ ਮਨੁੱਖ ਲਾਲਚ, ਲੋਭ-ਮੋਹ ਅਤੇ ਸੌ ਤਰ੍ਹਾਂ ਦੀਆਂ ਅਕਾਂਖਿਆਵਾਂ ਨੂੰ ਪਾਲਦਾ ਹੈ। ਪ੍ਰੰਤੂ ਭਗਤੀ ਦੇ ਮਾਰਗ 'ਤੇ ਚੱਲਦਿਆਂ ਮਨੁੱਖ ਨੂੰ ਲੋਭ ਅਤੇ ਲਾਲਚ ਦਾ ਤਿਆਗ ਕਰਕੇ, ਆਪਣੇ ਅੰਦਰੋਂ ਹਉਮੈ ਖਤਮ ਕਰਕੇ, ਹਰ ਤਰ੍ਹਾਂ ਦੀ ਤ੍ਰਿਸ਼ਨਾ ਦਾ ਤਿਆਗ ਕਰਕੇ, ਇੱਥੋਂ ਤੱਕ ਕਿ ਬੋਲਣ ਵਿਚ ਕਿਸੇ ਨੂੰ ਕੁੱਝ ਕਹਿਣ ਤੋਂ ਵੀ ਪ੍ਰਹੇਜ਼ ਕਰਨਾ ਪੈਂਦਾ ਹੈ, ਸੰਜਮ ਨਾਲ ਗੱਲ ਕਰਨੀ ਹੁੰਦੀ ਹੈ। ਸਿੱਖੀ ਦੇ ਇਸ ਮਾਰਗ ਦੀ ਧਾਰ ਖੰਡੇ ਨਾਲੋਂ ਵੀ ਤਿੱਖੀ ਹੈ ਅਤੇ ਇਹ ਵਾਲ ਤੋਂ ਵੀ ਬਾਰੀਕ ਹੈ ਜਿਸ ਉਤੇ ਭਗਤ ਨੇ ਤੁਰਨਾ ਹੈ, ਇਸ ਤੋਂ ਫਿਸਲਣ ਦਾ, ਤਿਲਕ ਜਾਣ ਦਾ ਡਰ ਸਦਾ ਹੀ ਬਣਿਆ ਰਹਿੰਦਾ ਹੈ। ਇਸ ਮਾਰਗ 'ਤੇ ਉਹ ਚੱਲਦੇ ਹਨ ਜਿਨ੍ਹਾਂ ਨੇ ਗੁਰੂ ਦੀ ਮਿਹਰ ਪ੍ਰਾਪਤ ਕਰਕੇ ਆਪਣੇ ਅੰਦਰੋਂ "ਮੈਂ" ਦੀ ਭਾਵਨਾ ਦਾ ਤਿਆਗ ਕਰ ਦਿੱਤਾ ਹੈ, ਉਨ੍ਹਾਂ ਦੀ ਮਾਇਆ ਦੀ ਮਮਤਾ, ਮਾਇਆ ਦੀ ਵਾਸ਼ਨਾ ਅਕਾਲ ਪੁਰਖ ਨੂੰ ਯਾਦ ਕਰਦਿਆਂ ਮੁੱਕ ਜਾਂਦੀ ਹੈ। ਇਸੇ ਲਈ, ਗੁਰੂ ਸਾਹਿਬ ਕਹਿੰਦੇ ਹਨ ਕਿ ਭਗਤਾਂ ਦਾ ਰਸਤਾ, ਉਨ੍ਹਾਂ ਦਾ ਰਹਿਣ-ਸਹਿਣ ਸੰਸਾਰ ਭਰ ਤੋਂ ਜੁਗਾਂ ਜੁਗਾਂ ਤੋਂ ਵੱਖਰਾ ਅਤੇ ਅਨੋਖਾ ਚਲਿਆ ਆ ਰਿਹਾ ਹੈ:

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ
ਜੁਗਹੁ ਜੁਗੁ ਨਿਰਾਲੀ॥੧੪॥
(ਪੰਨਾ ੯੧੮)

ਅੱਗੇ ਭਾਈ ਗੁਰਦਾਸ ਗੁਲਰ ਅਰਥਾਤ ਅੰਜੀਰ ਦਾ ਦ੍ਰਿਸ਼ਟਾਂਤ ਦਿੰਦੇ ਹਨ ਕਿ ਅੰਜੀਰ ਦੇ ਦਰਖਤ ਵਿਚ ਬੈਠਾ ਨਿੱਕਾ ਜਿਹਾ ਕੀੜਾ ਉਸ ਗੁਲਰ ਨੂੰ ਇੱਕ ਬ੍ਰਹਿਮੰਡ ਸਮਝਦਾ ਹੈ ਕਿਉਂਕਿ ਉਸ ਦੀ ਚੇਤਨਾ ਉਥੋਂ ਤੱਕ ਹੀ ਜਾਂਦੀ ਹੈ। ਉਸ ਅੰਜੀਰ ਦੇ ਦਰਖਤ ਨੂੰ ਲੱਖਾਂ ਫਲ ਪੈਂਦੇ ਹਨ ਜਿਹੜੇ ਫਿਰ ਅੱਗੇ ਵਧਦੇ ਜਾਂਦੇ ਹਨ ਜਿਨ੍ਹਾਂ ਦੀ ਗਿਣਤੀ ਮੁਸ਼ਕਿਲ ਹੈ। ਜਿਸ ਤਰ੍ਹਾਂ ਇੱਕ ਦਰਖਤ ਨੂੰ ਅਨੇਕ ਫਲ ਲੱਗਦੇ ਹਨ, ਉਸੇ ਤਰ੍ਹਾਂ ਇੱਕ ਇੱਕ ਬਗੀਚੇ ਵਿਚ ਅਨੇਕਾਂ ਦਰਖਤ ਹਨ ਅਤੇ ਇੱਕ ਇੱਕ ਬਾਗ ਵਿਚ ਅਜਿਹੇ ਅਨੇਕਾਂ ਬਗੀਚੇ ਹਨ। ਇਸੇ ਤਰ੍ਹਾਂ ਇਸ ਬ੍ਰਹਿਮੰਡ ਵਿਚ ਅਨੇਕਾਂ ਬਾਗ ਹਨ ਅਤੇ ਅਕਾਲ ਪੁਰਖ ਦੇ ਇੱਕ ਰੋਮ (ਵਾਲ) ਵਿਚ ਅਨੇਕਾਂ ਬ੍ਰਹਿਮੰਡ ਹਨ ਅਰਥਾਤ ਇਸ ਸੌਰ-ਮੰਡਲ ਵਿਚ ਅਣਗਿਣਤ ਬ੍ਰਹਿਮੰਡ ਹਨ ਤੇ ਅਕਾਲ ਪੁਰਖ ਦੀ ਇਸ ਰਚਨਾ ਵਿਚ ਅਨੇਕਾਂ ਸੌਰ-ਮੰਡਲ ਹਨ। ਜੇ ਅਕਾਲ ਪੁਰਖ ਦੀ ਮਿਹਰ ਹੋਵੇ ਤਾਂ ਗੁਰਮੁਖਿ ਸਾਧ-ਸੰਗਤਿ ਦਾ ਅਨੰਦ ਮਾਣਦਾ ਹੈ ਭਾਵ ਉਸ ਦੀ ਮਿਹਰ ਨਾਲ ਮਨੁੱਖ ਦੇ ਅੰਦਰ ਦੀ ਸੰਕੀਰਣਤਾ ਦੂਰ ਹੁੰਦੀ ਹੈ ਅਤੇ ਉਸ ਦਾ ਗਿਆਨ ਵਿਸ਼ਾਲ ਹੁੰਦਾ ਹੈ ਜਿਸ ਨਾਲ ਉਸ ਦਾ ਹਿਰਦਾ ਵੀ ਵਿਸ਼ਾਲ ਹੁੰਦਾ ਹੈ ਤੇ ਉਹ ਆਪਣੀ ਤੰਗ-ਦਿਲੀ ਦਾ ਤਿਆਗ ਕਰਕੇ ਸਾਧ ਸੰਗਤਿ ਵਿਚ ਜਾਂਦਾ ਹੈ। ਅਕਾਲ ਪੁਰਖ ਦੀ ਇਸ ਮਿਹਰ ਸਦਕਾ ਉਹ ਆਪਣੇ ਅੰਦਰ ਹਲੀਮੀ ਪੈਦਾ ਕਰਦਾ ਹੈ, ਆਪਣੇ ਆਪ ਨੂੰ ਗੁਰੂ ਦੇ ਚਰਨਾਂ ਦੀ ਧੂੜ ਸਮਝਦਿਆਂ ਗੁਰੂ ਦੀ ਸਿੱਖਿਆ ਹਾਸਲ ਕਰਦਾ ਹੈ ਅਤੇ ਅਕਾਲ ਪੁਰਖ ਦਾ ਭਾਣਾ ਮੰਨਣ ਦੀ ਜਾਚ ਸਿੱਖਦਾ ਹੈ। ਇਸ ਤੱਥ ਦਾ ਅਨੁਭਵ ਤਾਂ ਹੀ ਹੁੰਦਾ ਹੈ ਜੇ ਉਹ ਆਪਣੇ ਅੰਦਰੋਂ ਹਉਮੈ ਦਾ ਤਿਆਗ ਕਰਦਾ ਹੈ; ਤਾਂ ਹੀ ਉਸ ਦੀ ਪਛਾਣ ਬਣਦੀ ਹੈ:

ਗੁਲਰ ਅੰਦਰਿ ਭੁਣਹਣਾ
ਗੁਲਰ ਨੌਂ ਬ੍ਰਹਮੰਡੁ ਵਖਾਣੈ।
ਗੁਲਰ ਲਗਨਿ ਲਖ ਫਲ
ਇਕ ਦੂ ਲਖ ਅਲਖ ਨ ਜਾਣੈ।
ਲਖ ਲਖ ਬਿਰਖ ਬਗੀਚਿਅਹੁ
ਲਖ ਬਗੀਚੇ ਬਾਗ ਬਬਾਣੈ।
ਲਖ ਬਾਗ ਬ੍ਰਹਮੰਡ ਵਿਚਿ
ਲਖ ਬ੍ਰਹਮੰਡ ਲੂਅ ਵਿਚਿ ਆਣੈ।
ਮਿਹਰਿ ਕਰੇ ਜੇ ਮਿਹਰਵਾਨੁ
ਗੁਰਮੁਖਿ ਸਾਧਸੰਗਤਿ ਰੰਗੁ ਮਾਣੈ।
ਪੈਰੀ ਪੈ ਪਾ ਖਾਕੁ ਹੋਇ
ਸਾਹਿਬੁ ਦੇ ਚਲੈ ਓਹੁ ਭਾਣੈ।
ਹਉਮੈ ਜਾਇ ਤ ਜਾਇ ਸਿਵਾਣੈ॥੧੯॥

ਅੱਗੇ ਦੂਜ ਦੇ ਚੰਦ ਦਾ ਦ੍ਰਿਸ਼ਟਾਂਤ ਦਿੱਤਾ ਹੈ। ਦੂਜ ਦਾ ਚੰਦ ਬਹੁਤ ਛੋਟਾ ਹੁੰਦਾ ਹੈ ਇਸ ਲਈ ਨਜ਼ਰ ਨਹੀਂ ਆਉਂਦਾ ਅਤੇ ਤੀਸਰੇ ਦਿਨ ਭਾਵ ਤੀਜ 'ਤੇ ਉਹ ਛੋਟੇ ਜਿਹੇ ਅਕਾਰ ਵਿਚ (ਇੱਕ ਫਾਂਕ ਵਾਂਗ) ਚੜ੍ਹਦਾ ਹੈ। ਤੀਜ ਦੇ ਚੰਦ ਨੂੰ ਲੋਕ ਸ਼ਿਵਜੀ ਦੇ ਮੱਥੇ ਦਾ ਟਿੱਕਾ ਜਾਣ ਕੇ ਦੇਖਦੇ ਹਨ ਅਤੇ ਵਾਰ ਵਾਰ ਮੱਥਾ ਟੇਕਦੇ ਹਨ। ਇਸ ਤਰ੍ਹਾਂ ਇਸ ਦਾ ਆਕਾਰ ਵੱਡਾ ਹੁੰਦਾ ਰਹਿੰਦਾ ਹੈ ਅਤੇ ਸੋਲ੍ਹਾਂ ਦਿਨ ਪੂਰੇ ਹੋਣ 'ਤੇ ਇਸ ਦਾ ਆਕਾਰ ਵੀ ਪੂਰਾ ਹੋ ਜਾਂਦਾ ਹੈ ਭਾਵ ਪੂਰਨਮਾਸ਼ੀ 'ਤੇ ਇਹ ਪੂਰਨ ਰੂਪ ਧਾਰ ਲੈਂਦਾ ਹੈ। ਇਸ ਪਿਛੋਂ ਇਹ ਘਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਆਪਣੇ ਪਹਿਲੇ ਸਰੂਪ ਵਿਚ ਆ ਜਾਂਦਾ ਹੈ ਜਿਸ ਦੀ ਪੂਜਾ ਕੀਤੀ ਜਾਂਦੀ ਹੈ। ਚੰਦਰਮਾ ਦੀਆਂ ਕਿਰਨਾਂ ਵਿਚੋਂ ਅੰਮ੍ਰਿਤ ਝਰਦਾ ਹੈ ਅਤੇ ਇਹ ਸਾਰੀਆਂ ਚੀਜ਼ਾਂ ਜਿਵੇਂ ਬ੍ਰਿਛ ਅਤੇ ਧਰਤੀ ਦੀ ਪਿਆਸ ਬੁਝਾਉਂਦਾ ਹੈ, ਸਭ ਨੂੰ ਠੰਡਕ ਦਿੰਦਾ ਹੈ। ਇਹ ਬੇਸ਼ਕੀਮਤੀ ਰਤਨ ਜਿਵੇਂ ਠੰਡਕ, ਸ਼ਾਂਤੀ ਸਬਰ-ਸੰਤੋਖ ਆਦਿ ਇਕਰਸ ਸਭ 'ਤੇ ਵਰਸਾਉਂਦਾ ਹੈ। ਹਨੇਰੇ ਵਿਚ ਇਹ ਚਾਨਣ ਦਿੰਦਾ ਹੈ ਜਿਸ ਵਿਚ ਚਕੋਰ ਵਰਗੇ ਪੰਛੀ ਨੂੰ ਸਮਾਧੀ ਲਾਉਣ ਦਾ, ਧਿਆਨ ਧਰਨ ਦਾ ਮੌਕਾ ਮਿਲਦਾ ਹੈ, ਚੰਦਰਮਾ ਉਸ ਦੀ ਖਿਚ ਦਾ ਕਾਰਨ ਬਣਦਾ ਹੈ। ਚੰਦਰਮਾ ਆਪਣੇ ਆਪ ਨੂੰ ਗੁਆ ਕੇ ਹੀ, ਇੱਕ ਬੇਸ਼ਕੀਮਤੀ ਰਤਨ ਬਣਦਾ ਹੈ (ਹਿੰਦੂ ਮਿੱਥ ਅਨੁਸਾਰ ਦੇਵਤਿਆਂ ਵੱਲੋਂ ਖੀਰ ਸਮੁੰਦਰ ਰਿੜਕਣ 'ਤੇ ਨਿਕਲੇ ਚੌਦਾਂ ਰਤਨਾਂ ਵਿਚੋਂ ਚੰਦਰਮਾ ਵੀ ਇੱਕ ਰਤਨ ਹੈ):

ਦੁਇ ਦਿਹਿ ਚੰਦੁ ਅਲੋਪੁ ਹੋਇ
ਤੀਐ ਦਿਹ ਚੜ੍ਹਦਾ ਹੋਇ ਨਿਕਾ।
ਉਠਿ ਉਠਿ ਜਗਤੁ ਜੁਹਾਰਦਾ
ਗਗਨ ਮਹੇਸੁਰ ਮਸਤਕਿ ਟਿਕਾ।
ਸੋਲਹ ਕਲਾ ਸੰਘਾਰੀਐ
ਸਫਲੁ ਜਨਮੁ ਸੋਹੈ ਕਲਿ ਇਕਾ।
ਅੰਮ੍ਰਿਤ ਕਿਰਣਿ ਸੁਹਾਵਣੀ
ਨਿਝਰੁ ਝਰੈ ਸਿੰਜੈ ਸਹਸਿਕਾ।
ਸੀਤਲੁ ਸਾਂਤਿ ਸੰਤੋਖੁ ਦੇ
ਸਹਜ ਸੰਜੋਗੀ ਰਤਨ ਅਮਿਕਾ।
ਕਰੈ ਅਨੇਰਹੁ ਚਾਨਣਾ ਡੋਰ
ਚਕੋਰ ਧਿਆਨੁ ਧਰਿ ਛਿਕਾ।
ਆਪੁ ਗਵਾਇ ਅਮੋਲ ਮਣਿਕਾ॥੨੦॥

## ਗੁਰਬਾਣੀ ਗਿਆਨ

# ਭਵ ਖੰਡਨ ਦੁਖ ਭੰਜਨ ਸਵਾਮੀ

**ਧਨਾਸਰੀ ਮਹਲਾ ੫ ਘਰੁ ੧ ਚਉਪਦੇ**

ਭਵ ਖੰਡਨ ਦੁਖ ਭੰਜਨ ਸਵਾਮੀ
ਭਗਤਿ ਵਛਲ ਨਿਰੰਕਾਰੇ॥
ਕੋਟਿ ਪਰਾਧ ਮਿਟੇ ਖਿਨ ਭੀਤਰਿ
ਜਾਂ ਗੁਰਮੁਖਿ ਨਾਮੁ ਸਮਾਰੇ॥੧॥
ਮੇਰਾ ਮਨੁ ਲਾਗਾ ਹੈ ਰਾਮ ਪਿਆਰੇ॥
ਦੀਨ ਦਇਆਲਿ ਕਰੀ ਪ੍ਰਭਿ ਕਿਰਪਾ
ਵਸਿ ਕੀਨੇ ਪੰਚ ਦੂਤਾਰੇ॥੧॥ਰਹਾਉ॥
ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ
ਤੇਰੇ ਭਗਤ ਸੋਹਹਿ ਦਰਬਾਰੇ॥
ਸਰਬ ਜੀਆ ਕੇ ਦਾਤੇ ਸੁਆਮੀ
ਕਰਿ ਕਿਰਪਾ ਲੇਹੁ ਉਬਾਰੇ॥੨॥
ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ
ਤੇਰੀ ਕੁਦਰਤਿ ਕਉਨੁ ਬੀਚਾਰੇ॥
ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ
ਅਗਮ ਰੂਪ ਗਿਰਧਾਰੇ॥੩॥
ਕੀਰਤਿ ਕਰਹਿ ਸਗਲ ਜਨ ਤੇਰੀ
ਤੂ ਅਬਿਨਾਸੀ ਪੁਰਖੁ ਮੁਰਾਰੇ॥
ਜਿਉ ਭਾਵੈ ਤਿਉ ਰਾਖਹੁ ਸੁਆਮੀ
ਜਨ ਨਾਨਕ ਸਰਨਿ ਦੁਆਰੇ॥੪॥

ਗੁਰੂ ਅਰਜਨ ਦੇਵ ਜੀ ਉਸ ਕੁਦਰਤ ਦੇ ਕਾਦਰ ਅਕਾਲ ਪੁਰਖ ਦੀ ਉਸਤਤਿ ਵਿਚ ਆਖਦੇ ਹਨ- ਹੇ ਜਨਮ ਮਰਨ ਦੇ ਗੇੜ ਨੂੰ ਮੁਕਾਉਣ ਵਾਲੇ! ਹੇ ਦੁੱਖਾਂ ਦਾ ਨਾਸ ਕਰਨ ਵਾਲੇ ਸਵਾਮੀ ਜੀਉ! ਭਗਤੀ ਨੂੰ ਪਿਆਰ ਕਰਨ ਵਾਲੇ ਮਾਲਕ! ਹੇ ਨਿਰ-ਆਕਾਰ ਪ੍ਰਭ ਜੀਉ! ਹੇ ਮਿਹਰਬਾਨ ਪ੍ਰਭ ਜੀਉ! ਜਦੋਂ ਕੋਈ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਤੇਰਾ ਨਾਮ ਆਪਣੇ ਅੰਦਰ ਵਸਾਉਂਦਾ ਹੈ, ਤਾਂ ਉਸ ਦੇ ਕਰੋੜਾਂ ਪਾਪ ਇਕ ਪਲ ਵਿਚ ਹੀ ਮਿਟ ਜਾਂਦੇ ਹਨ।

ਮੇਰਾ ਮਨੁ ਲਾਗਾ ਹੈ ਰਾਮ ਪਿਆਰੇ॥
ਦੀਨ ਦਇਆਲਿ ਕਰੀ ਪ੍ਰਭਿ ਕਿਰਪਾ
ਵਸਿ ਕੀਨੇ ਪੰਚ ਦੂਤਾਰੇ॥੧॥ਰਹਾਉ॥

ਬਾਣੀ ਦੇ ਬੋਹਿਥ ਸਤਿਗੁਰੂ, ਮਿਹਰਾਂ ਦੇ ਮਾਲਕ ਪ੍ਰਭੂ ਦੇ ਪ੍ਰੇਮ ਵਿਚ ਖੀਵੇ ਹੋਏ ਆਖਦੇ ਹਨ- ਕੈਸਾ ਬਿਹਬਲਤਾ ਵਾਲਾ ਅਨੰਦਮਈ ਸਮਾਂ ਹੈ, ਹੇ ਭਾਈ! ਮੇਰਾ ਇਹ ਮਨ ਉਸ ਪਿਆਰੇ ਪ੍ਰੀਤਮ ਪ੍ਰਭੂ ਨਾਲ ਜੁੜ ਗਿਆ ਹੈ; ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ ਨੇ ਕਿਰਪਾ ਕਰ ਕੇ ਪੰਜੇ ਦੂਤ ਵੈਰੀ ਮੇਰੇ ਵੱਸ ਵਿਚ ਕਰ ਦਿਤੇ ਹਨ।

ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ
ਤੇਰੇ ਭਗਤ ਸੋਹਹਿ ਦਰਬਾਰੇ॥
ਸਰਬ ਜੀਆ ਕੇ ਦਾਤੇ ਸੁਆਮੀ
ਕਰਿ ਕਿਰਪਾ ਲੇਹੁ ਉਬਾਰੇ॥੨॥

ਗੁਰਦੇਵ ਜੀ ਆਖਦੇ ਨੇ, ਹੇ ਪਿਆਰੇ ਪ੍ਰਭੂ! ਤੇਰਾ ਥਾਂ ਵੀ ਸੋਹਣਾ ਹੈ, ਤੇਰਾ ਰੂਪ ਵੀ ਸੋਹਣਾ ਹੈ; ਹੇ ਮਿਹਰਬਾਨ ਪ੍ਰਭੂ! ਤੇਰੇ ਭਗਤ ਵੀ ਤੇਰੇ ਦਰਬਾਰ ਵਿਚ ਸੋਹਣੇ ਲਗਦੇ ਹਨ, ਇਸ ਸੰਸਾਰ ਦੇ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲੇ ਦਾਤਾਰ ਸੁਆਮੀ! ਹੇ ਸੰਸਾਰ ਦੇ ਮਾਲਕ ਪ੍ਰਭੂ ਜੀਉ! ਕ੍ਰਿਪਾ ਕਰ ਕੇ ਮੈਨੂੰ ਇਨ੍ਹਾਂ ਪੰਜਾਂ ਚੋਰਾਂ ਤੋਂ ਬਚਾ ਲਓ, ਮੈਂ ਤੇਰੀ ਸ਼ਰਨ ਹਾਂ।

ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ
ਤੇਰੀ ਕੁਦਰਤਿ ਕਉਨੁ ਬੀਚਾਰੇ॥
ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ
ਅਗਮ ਰੂਪ ਗਿਰਧਾਰੇ॥੩॥

ਹੇ ਮੇਰੇ ਮਿਹਰਬਾਨ ਪ੍ਰੀਤਮ ਜੀਉ! ਤੇਰਾ ਕੋਈ ਰੰਗ ਰੂਪ ਨਹੀਂ ਦਿਸਦਾ, ਤੇਰੀ ਕੋਈ ਸ਼ਕਲ ਨਹੀਂ ਦਿਖਾਈ ਦਿੰਦੀ; ਹੇ ਸ੍ਰਿਸ਼ਟੀ ਦੇ ਮਾਲਕ ਸੁਆਮੀ ਜੀਉ! ਕੋਈ ਮਨੁੱਖ ਨਹੀਂ ਸੋਚ ਸਕਦਾ ਕਿ ਤੇਰੀ ਤਾਕਤ ਕਿੰਨੀ ਵੱਡੀ ਹੈ; ਹੇ ਪ੍ਰਭੂ! ਤੂੰ ਜਲ ਵਿਚ ਵੀ ਹੈਂ, ਥਲ, ਭਾਵ ਧਰਤੀ ਵਿਚ ਵੀ ਹੈਂ; ਮਹੀਅਲਿ, ਧਰਤੀ ਦੇ ਤਲ ਉਤੇ ਅਕਾਸ਼ ਵਿਚ ਵੀ ਹੈਂ, ਤੇ ਗਿਰ ਪਰਬਤ ਨੂੰ ਉਠਾਉਣ ਵਾਲਾ ਵੀ ਤੂੰ ਹੀ ਹੈਂ।

ਕੀਰਤਿ ਕਰਹਿ ਸਗਲ ਜਨ ਤੇਰੀ
ਤੂ ਅਬਿਨਾਸੀ ਪੁਰਖੁ ਮੁਰਾਰੇ॥
ਜਿਉ ਭਾਵੈ ਤਿਉ ਰਾਖਹੁ ਸੁਆਮੀ
ਜਨ ਨਾਨਕ ਸਰਨਿ ਦੁਆਰੇ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਾਤਸ਼ਾਹ ਕਹਿੰਦੇ ਹਨ- ਹੇ ਨਾਸ ਰਹਿਤ ਮੁਰਾਰੀ ਪ੍ਰਭੂ! ਤੂੰ ਤਾਂ ਸਰਬ ਵਿਆਪਕ ਹੈਂ, ਹਰ ਥਾਂ ਮੌਜੂਦ ਹੈਂ, ਤੇਰੇ ਸਾਰੇ ਹੀ ਪਿਆਰੇ ਤੇਰੀ ਸਿਫਤ ਦੇ ਗੁਣ ਗਾਇਨ ਕਰਦੇ ਹਨ; ਹੇ ਸਰਬ ਵਿਆਪਕ ਸੁਆਮੀ ਪ੍ਰਭੂ! ਹੇ ਮੁਰਾਰੀ ਪ੍ਰਭੂ ਜੀਉ! ਇਹ ਤੇਰਾ ਦਾਸ ਨਾਨਕ ਆਖਦਾ ਹੈ ਕਿ ਮੈਂ ਤੇਰੇ ਦਰ 'ਤੇ ਆ ਡਿੱਗਾ ਹਾਂ, ਤੈਨੂੰ ਜਿਵੇਂ ਵੀ ਭਾਉਂਦਾ ਹੈ, ਉਸੇ ਤਰ੍ਹਾਂ ਮੈਨੂੰ ਰੱਖ ਲੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਵਿਚਾਰ-ਚਰਚਾ

# ਗੁਰਮਤਿ ਅਤੇ ਸਿੱਖ ਧਰਮ ਵਿਚ ਭੇਦ ਹੈ

*ਗੁਰਮਤਿ ਅਤੇ ਸਿੱਖੀ ਵਿਚਕਾਰ ਕੀ ਭਿੰਨ ਭੇਦ ਹੈ, ਇਸ ਬਾਰੇ ਤਬਸਰਾ ਸ. ਹਾਕਮ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸਿੱਖ ਸੰਸਥਾਵਾਂ ਦੇ ਸੰਸਥਾਈਕਰਨ ਅਤੇ ਇਸ ਦੇ ਸਿੱਖੀ ਉਤੇ ਪਏ ਅਸਰਾਂ ਬਾਰੇ ਚਰਚਾ ਕੀਤੀ ਹੈ। ਰਹਿਤ ਮਰਿਆਦਾ ਦਾ ਇਸ ਸੰਸਥਾਈਕਰਨ ਵਿਚ ਕੀ ਰੋਲ ਹੈ, ਇਸ ਬਾਰੇ ਵੀ ਵਿਚਾਰ ਕੀਤਾ ਗਿਆ ਹੈ। ਸਾਡਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ। ਇਸ ਸਬੰਧੀ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

**ਹਾਕਮ ਸਿੰਘ**
hak1270@yahoo.com

ਸਿੱਖ ਜਗਤ ਵਿਚ ਸਿੱਖ ਧਰਮ ਸ਼ਬਦ-ਜੁੱਟ ਦੋ ਵਖਰੇ ਧਾਰਮਕ ਵਿਸ਼ਵਾਸਾਂ ਲਈ ਵਰਤਿਆ ਜਾਂਦਾ ਹੈ। ਪਹਿਲਾ ਵਿਸ਼ਵਾਸ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਆਧਾਰਤ ਹੈ। ਗੁਰਬਾਣੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਧਿਆਤਮ ਗਿਆਨ ਨੂੰ ਜਾਣਨ, ਸਮਝਣ ਅਤੇ ਉਸ ਅਨੁਸਾਰ ਜੀਵਨ ਢਾਲਣ ਨੂੰ ਧਰਮ ਤੇ ਧਰਮ ਦੇ ਮਾਰਗ ਨੂੰ ਗੁਰਮਤਿ ਆਖਿਆ ਗਿਆ ਹੈ। ਦੂਜਾ ਵਿਸ਼ਵਾਸ ਸਿੱਖ ਰਹਿਤ ਮਰਿਆਦਾ 'ਤੇ ਆਧਾਰਤ ਹੈ। ਇਸ ਅਨੁਸਾਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਅਤੇ ਸਿੱਖ ਰਹਿਤ ਮਰਿਆਦਾ 'ਤੇ ਵਿਸ਼ਵਾਸ ਰੱਖਣ ਵਾਲਾ ਸਿੱਖ ਹੁੰਦਾ ਹੈ। ਇਹ ਧਰਮ ਸਿੱਖ ਇਤਿਹਾਸ ਅਤੇ ਪਰੰਪਰਾਵਾਂ 'ਤੇ ਆਧਾਰਤ ਸਮਾਜਕ ਇਕਾਈ ਹੈ। ਸਿੱਖ ਸਮਾਜ ਵਿਚ ਇਸ ਧਰਮ ਨੂੰ ਪੰਥ ਆਖਿਆ ਗਿਆ ਹੈ। ਬਹੁਤੇ ਸਿੱਖ ਇਸ ਨੂੰ ਹੀ ਅਸਲੀ ਸਿੱਖ ਧਰਮ ਮੰਨਦੇ ਹਨ। ਸਿੱਖ ਧਰਮ ਅਖਵਾਉਣ ਵਾਲੇ ਇਨ੍ਹਾਂ ਦੋਨੋਂ ਧਰਮਾਂ ਦੀ ਵਿਚਾਰਧਾਰਾ ਅਤੇ ਵਿਹਾਰ ਇਕ ਦੂਜੇ ਤੋਂ ਵਖਰੇ ਹੀ ਨਹੀਂ, ਬਲਕਿ ਵਿਰੁਧ ਹਨ। ਜੋ ਸ਼ਰਧਾਲੂ ਗੁਰਮਤਿ ਵਿਚ ਵਿਸ਼ਵਾਸ ਰੱਖਦੇ ਹਨ, ਉਹ ਰਹਿਤ ਮਰਿਆਦਾ ਤੇ ਪਰੰਪਰਾ 'ਤੇ ਆਧਾਰਤ ਸਿੱਖ ਧਰਮ ਨੂੰ ਗੁਰਬਾਣੀ ਉਪਦੇਸ਼ ਦੇ ਅਨੁਕੂਲ ਨਹੀਂ ਸਮਝਦੇ। ਇਸ ਦੇ ਉਲਟ ਸਮਾਜਿਕ ਧਰਮ ਦੇ ਬਹੁਤੇ ਉਪਾਸ਼ਕਾਂ ਵਿਚ ਗੁਰਬਾਣੀ ਉਪਦੇਸ਼ ਨੂੰ ਨਜ਼ਰ ਅੰਦਾਜ਼ ਕਰਨ ਦੀ ਪ੍ਰਥਾ ਹੈ।

ਸਿੱਖ ਸਮਾਜ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਪਵਿਤਰ ਗ੍ਰੰਥ ਮੰਨ ਕੇ ਉਸ ਦਾ ਸਤਿਕਾਰ ਕੀਤਾ ਜਾਂਦਾ ਹੈ। ਕਈ ਸ਼ਰਧਾਲੂਆਂ ਦੀ ਗੁਰਬਾਣੀ ਦਾ ਪਾਠ, ਕੀਰਤਨ ਜਾਂ ਵਿਆਖਿਆ ਸੁਣਨ ਵਿਚ ਦਿਲਚਸਪੀ ਹੁੰਦੀ ਹੈ, ਕਈ ਨਿੱਤਨੇਮ ਦਾ ਪਾਠ ਕਰਦੇ ਹਨ ਅਤੇ ਕਈ ਗੁਰਬਾਣੀ ਦੇ ਸੰਕਲਪਾਂ ਬਾਰੇ ਜਾਣਨ ਦੇ ਚਾਹਵਾਨ ਹੁੰਦੇ ਹਨ। ਬਹੁਤੇ ਸਿੱਖ ਵਿਦਵਾਨ ਗੁਰਬਾਣੀ ਦਾ ਅਧਿਐਨ ਅਤੇ ਸਿੱਖ ਧਰਮ ਦੇ ਇਤਿਹਾਸ ਦੀ ਖੋਜ ਰਾਹੀਂ ਅਧਿਆਤਮ ਗਿਆਨ ਨੂੰ ਸਮਝਣ ਦਾ ਯਤਨ ਕਰਦੇ ਹਨ, ਪਰ ਅਧਿਆਤਮ ਗਿਆਨ ਨੂੰ ਗਿਆਨ ਇੰਦਰੀਆਂ ਰਾਹੀਂ ਅਨੁਭਵ ਕਰਨਾ ਅਤੇ ਬੁੱਧੀ ਦੁਆਰਾ ਸਮਝਣਾ ਤੇ ਗ੍ਰਹਿਣ ਕਰਨਾ ਸੰਭਵ ਨਹੀਂ ਹੈ, ਕਿਉਂਕਿ ਅਧਿਆਤਮ ਗਿਆਨ ਨਿਰਾਕਾਰ ਪ੍ਰਭੂ ਦਾ ਗਿਆਨ ਹੋਣ ਕਾਰਨ ਵਿਸ਼ਵਾਸ ਅਤੇ ਸ਼ਰਧਾ 'ਤੇ ਆਧਾਰਤ ਹੁੰਦਾ ਹੈ। ਬੁੱਧੀ ਦੁਆਰਾ ਤਾਂ ਦਿਖਾਈ ਦੇਣ ਵਾਲੀ ਜਾਂ ਪਦਾਰਥਕ ਜਗਤ ਨਾਲ ਸਬੰਧਤ ਸੰਸਾਰਕ ਜਾਣਕਾਰੀ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਕਿਸੇ ਵੀ ਗਿਆਨ ਨੂੰ ਸਮਝਣ ਅਤੇ ਗ੍ਰਹਿਣ ਕਰਨ ਲਈ ਸਿਖਿਆਰਥੀ ਨੂੰ ਉਸ ਗਿਆਨ ਲਈ ਗ੍ਰਹਿਣਸ਼ੀਲ ਮਾਹੌਲ ਦੇ ਅਨੁਕੂਲ ਜੀਵਨ ਧਾਰਨ ਕਰਨ ਦੀ ਲੋੜ ਹੁੰਦੀ ਹੈ। ਗੁਰਬਾਣੀ ਮਨੁੱਖੀ ਹਉਮੈ ਅਤੇ ਸੰਸਾਰ ਦੀ ਤ੍ਰੈਗੁਣੀ ਮਾਇਆ ਦੇ ਪੰਜ ਵਿਸ਼ੇ ਵਿਕਾਰਾਂ ਨੂੰ ਗੁਰਬਾਣੀ ਉਪਦੇਸ਼ ਗ੍ਰਹਿਣ ਕਰਨ ਵਿਚ ਅੜਿੱਕੇ ਆਖਦੀ ਹੈ। ਇਸ ਲਈ ਗੁਰਬਾਣੀ ਉਪਦੇਸ਼ ਨੂੰ ਗ੍ਰਹਿਣ ਕਰਨ ਲਈ ਮਨੁੱਖ ਨੂੰ ਹਉਮੈ ਅਤੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋਣ ਦੀ ਲੋੜ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ ਦੀ ਸਿੱਖ ਰਹਿਤ ਮਰਿਆਦਾ ਅਤੇ ਸਿੱਖ ਇਤਿਹਾਸ ਨਾਲ ਕੇਵਲ ਬਨਾਉਟੀ ਅਤੇ ਜਜ਼ਬਾਤੀ ਸਾਂਝ ਹੈ, ਕਿਉਂਕਿ ਸਿੱਖ ਸਮਾਜ ਵਿਚ ਗੁਰਬਾਣੀ ਉਪਦੇਸ਼ ਨੂੰ ਨਜ਼ਰ-ਅੰਦਾਜ਼ ਕਰਨ ਦੀ ਰੀਤ ਹੈ। ਗੁਰਬਾਣੀ ਵਿਚ ਵਿਚਾਰੇ ਮੁੱਖ ਵਿਸ਼ਿਆਂ ਦਾ ਵੇਰਵਾ ਹੇਠ ਦਿੱਤਾ ਜਾਂਦਾ ਹੈ ਤਾਂ ਜੋ ਸਪਸ਼ਟ ਹੋ ਸਕੇ ਕਿ ਰਹਿਤ ਮਰਿਆਦਾ ਅਤੇ ਸਿੱਖ ਇਤਿਹਾਸ ਵਿਚ ਇਹ ਵਿਸ਼ੇ ਅਸੰਗਤ ਸਮਝੇ ਗਏ ਹਨ:

ਪ੍ਰਭੂ ਇਕ ਹੈ। ਕੇਵਲ ਉਸੇ ਦੀ ਹੋਂਦ ਹੈ। ਗੁਰਬਾਣੀ ਪ੍ਰਭੂ ਤੋਂ ਇਲਾਵਾ ਹੋਰ ਕਿਸੇ ਦੀ ਹੋਂਦ ਨੂੰ ਨਹੀਂ ਮੰਨਦੀ। ਪ੍ਰਭੂ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ ਅਤੇ ਉਹ ਆਪ ਉਸ ਵਿਚ ਵਿਆਪਕ ਹੈ। ਗੁਰਬਾਣੀ ਸ੍ਰਿਸ਼ਟੀ ਨੂੰ ਪ੍ਰਭੂ ਤੋਂ ਵਖਰੀ, ਦੂਜੀ ਅਤੇ ਉਸ ਦੀ ਰਚੀ ਖੇਡ ਦੱਸਦੀ ਹੈ। ਸ੍ਰਿਸ਼ਟੀ ਬਿਨਸਣਹਾਰ ਪਦਾਰਥ ਹੈ ਅਤੇ ਨਿਰੰਤਰ ਬਦਲਣ ਜਾਂ ਜੰਮਣ-ਮਰਨ ਦੇ ਗੇੜ ਵਿਚ ਪਈ ਹੋਈ ਹੈ ਜਦਕਿ ਉਸ ਵਿਚ ਵਿਆਪਕ ਪ੍ਰਭੂ ਅਬਿਨਾਸੀ ਅਤੇ ਨਿਹਚਲ ਹੈ। ਗੁਰਬਾਣੀ ਅਨੁਸਾਰ ਮਨੁੱਖ ਨੂੰ ਸੰਸਾਰ ਵਿਚ ਜੋ ਕੁਝ ਵੀ ਨਜ਼ਰ ਆਉਂਦਾ ਹੈ, ਉਹ ਭਰਮ, ਭੁਲੇਖਾ, ਸੁਪਨਾ ਅਤੇ ਝੂਠ ਹੁੰਦਾ ਹੈ ਕਿਉਂਕਿ ਸੱਚ ਤਾਂ ਕੇਵਲ ਪ੍ਰਭੂ ਹੀ ਹੈ ਅਤੇ ਉਹ ਸੰਸਾਰ ਵਿਚ ਮਨੁੱਖ ਨੂੰ ਨਜ਼ਰ ਨਹੀਂ ਆਉਂਦਾ। ਮਨੁੱਖ ਨਿਰੰਤਰ ਬਦਲ ਰਹੇ ਪਦਾਰਥਕ ਸੰਸਾਰ ਨੂੰ ਹੀ ਦੇਖਣ ਯੋਗ ਹੈ ਅਤੇ ਉਸੇ ਨੂੰ ਸੱਚ ਸਮਝੀ ਜਾਂਦਾ ਹੈ।

ਅਸਲ ਵਿਚ ਸੰਸਾਰਕ ਪਦਾਰਥ ਦੀ ਗਤੀਸ਼ੀਲਤਾ ਨੇ ਸੰਸਾਰ ਨੂੰ ਭਰਮਾਊ ਬਣਾਇਆ ਹੋਇਆ ਹੈ ਕਿਉਂਕਿ ਜੋ ਅਸਤਿਤਵ ਨਿਰੰਤਰ ਬਦਲ ਰਿਹਾ ਹੋਵੇ, ਉਸ ਦੀ ਅਸਲੀਅਤ ਜਾਣਨੀ ਸੰਭਵ ਨਹੀਂ ਹੁੰਦੀ। ਨਿਰੰਤਰ ਬਦਲ ਰਹੇ ਜਗਤ ਦੀ ਸੱਚਾਈ ਇਹ ਹੈ ਕਿ ਜੋ ਅਸਲ ਹੈ, ਉਹ ਬਦਲਣ ਕਰਕੇ ਨਜ਼ਰ ਨਹੀਂ ਆਉਂਦਾ ਅਤੇ ਜੋ ਨਜ਼ਰ ਆਉਂਦਾ ਹੈ, ਉਹ ਬੀਤ ਚੁਕਾ ਹੋਣ ਕਾਰਨ ਅਸਲ ਨਹੀਂ ਹੁੰਦਾ। ਵਿਗਿਆਨੀ ਵੀ ਇਸ ਨਿਰੰਤਰ ਬਦਲ ਰਹੇ ਪਦਾਰਥ ਦੀ ਅਸਲੀਅਤ ਜਾਣਨ ਵਿਚ ਉਲਝੇ ਹੋਏ ਹਨ। ਸੰਤ ਬਿਰਤੀ ਵਾਲੇ ਵਿਗਿਆਨੀ ਆਈਨਸਟਾਇਨ ਨੇ e=mc2 ਦੇ ਸਿਧਾਂਤ ਨਾਲ ਇਹ ਸਿੱਧ ਕਰ ਦਿੱਤਾ ਸੀ ਕਿ ਦਿਖਾਈ ਦੇਣ ਵਾਲਾ ਪਦਾਰਥ ਅਰਬਾਂ ਗੁਣਾ ਵਿਸ਼ਾਲ ਅਦਿਖ ਊਰਜਾ ਹੁੰਦਾ ਹੈ, ਤੇ ਕੁਐਂਟਮ ਮਕੈਨਿਕਸ ਗਤੀਸ਼ੀਲ ਪਦਾਰਥ ਦੇ ਮੈਟਰ (Matter) ਅਤੇ ਵੇਵ (Wave) ਹੋਣ ਬਾਰੇ ਵਿਚਾਰ ਪੇਸ਼ ਕਰਦੀ ਹੈ; ਪਰ ਪ੍ਰਭੂ ਤਾਂ ਪਦਾਰਥ ਨਹੀਂ ਹੈ, ਤੇ ਨਾ ਹੀ ਨਜ਼ਰ ਆਉਣ ਵਾਲਾ ਅਸਤਿਤਵ ਹੈ। ਇਸ ਲਈ ਉਸ ਦੇ ਰੂਪ ਦੀ ਕਲਪਨਾ ਕਰਨੀ ਵੀ ਸੰਭਵ ਨਹੀਂ। ਉਸ ਦੀ ਕਲਪਨਾ ਕਰਨੀ ਇਸ ਲਈ ਵੀ ਸੰਭਵ ਨਹੀਂ, ਕਿਉਂਕਿ ਉਹ ਮਨੁੱਖ ਦਾ ਕਰਤਾ ਹੈ ਅਤੇ ਕਿਰਤ ਵਿਚ ਆਪਣੇ ਕਰਤੇ ਨੂੰ ਜਾਣਨ ਦੀ ਯੋਗਤਾ ਨਹੀਂ ਹੁੰਦੀ। ਗੁਰਬਾਣੀ ਮੂਲ ਮੰਤਰ ਵਿਚ ਪ੍ਰਭੂ ਦੇ ਮਨੁੱਖ ਨੂੰ ਸਮਝ ਆਉਣ ਵਾਲੇ ਕੁਝ ਗੁਣਾਂ ਦਾ ਵਰਣਨ ਕਰਦੀ ਹੈ, ਪਰ ਉਂਜ ਉਸ ਨੂੰ ਬੇਅੰਤ ਤੇ ਨਾ ਜਾਣਿਆ ਜਾਣ ਵਾਲਾ ਸੱਚ ਦੱਸਦੀ ਹੈ।

ਗੁਰਬਾਣੀ ਵਿਅਕਤੀ ਨੂੰ ਸੰਬੋਧਤ ਹੈ। ਇਹ ਮਨੁੱਖ ਅਤੇ ਪ੍ਰਭੂ ਦੇ ਸਬੰਧਾਂ ਦਾ ਵਿਸਤਾਰ ਸਹਿਤ ਵਰਣਨ ਕਰਦੀ ਹੈ। ਗੁਰਬਾਣੀ ਮਨੁੱਖ ਨੂੰ ਸਰੀਰ ਅਤੇ ਮਨ ਦਾ ਸੰਜੋਗ ਮੰਨਦੀ ਹੈ। ਸਰੀਰ ਬਿਨਸਣਹਾਰ ਪਦਾਰਥ ਹੈ, ਪਰ ਮਨ ਅਬਿਨਾਸੀ ਹੈ, ਕਿਉਂਕਿ ਉਹ ਜੋਤਿ ਸਰੂਪ ਪ੍ਰਭੂ ਦਾ ਅੰਸ਼ ਹੈ। ਮਨੁੱਖ ਦੀ ਹੋਂਦ ਮਨ ਕਾਰਨ ਹੈ। ਮਨ ਦਾ ਦੁਖਾਂਤ ਇਹ ਹੈ ਕਿ ਜਨਮ ਤੋਂ ਹੀ ਹਉਮੈ ਉਸ 'ਤੇ ਕਾਬਜ਼ ਹੋਈ ਰਹਿੰਦੀ ਹੈ ਅਤੇ ਸਮਾਜ ਵਿਚ ਉਹ ਤ੍ਰੈਗੁਣੀ ਮਾਇਆ ਦੇ ਭਰਮਜਾਲ ਵਿਚ ਫਸਿਆ ਰਹਿੰਦਾ ਹੈ। ਹਉਮੈ ਪ੍ਰਭੂ ਅਤੇ ਮਨੁੱਖੀ ਮਨ ਵਿਚਕਾਰ ਦੀਵਾਰ ਹੈ। ਹਉਮੈ ਦੀ ਦੀਵਾਰ ਨੂੰ ਮਿਟਾਉਣ ਲਈ ਗੁਰਬਾਣੀ ਮਨੁੱਖ ਨੂੰ ਪ੍ਰਭੂ ਅੱਗੇ ਅਰਦਾਸ ਬੇਨਤੀ ਕਰਨ ਦਾ ਉਪਦੇਸ਼ ਕਰਦੀ ਹੈ ਅਤੇ ਗੁਰਸ਼ਬਦ ਦੀ ਸਹਾਇਤਾ ਨਾਲ ਮਨ ਨੂੰ ਸਾਧ ਕੇ ਪ੍ਰਭੂ ਮਿਲਾਪ ਯੋਗ ਬਣਾਉਣ ਲਈ ਉਦਮ ਕਰਨ ਲਈ ਪ੍ਰੇਰਦੀ ਹੈ। ਇਸ ਦੇ ਨਾਲ ਹੀ ਗੁਰਬਾਣੀ ਮਨੁੱਖ ਨੂੰ ਝੂਠੇ ਸੰਸਾਰ ਵਿਚ ਪਰਿਵਾਰਕ ਅਤੇ ਸਮਾਜਿਕ ਜੀਵਨ ਦੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਉਂਦਿਆਂ ਹਲੀਮੀ, ਪਰਉਪਕਾਰ, ਨਿਸ਼ਕਾਮ ਸੇਵਾ ਅਤੇ ਸਬਰ ਸੰਤੋਖ ਵਾਲਾ ਜੀਵਨ ਧਾਰਨ ਕਰਨ ਲਈ ਪ੍ਰੇਰਦੀ ਹੈ।

ਅਧਿਆਤਮ ਗਿਆਨ ਰਾਹੀਂ ਮਨੁੱਖ ਨਿਰਾਕਾਰ ਪ੍ਰਭੂ ਨੂੰ ਅਨੁਭਵ ਕਰਨਯੋਗ ਬਣ ਜਾਂਦਾ ਹੈ। ਗੁਰਬਾਣੀ ਮਾਨਵਤਾ ਵਿਚ ਵੀ ਪ੍ਰਭੂ ਨੂੰ ਅਨੁਭਵ ਕਰਨ ਦਾ ਢੰਗ ਬਿਆਨ ਕਰਦੀ ਹੈ:

ਅਉਗੁਣ ਛੋਡਹੁ ਗੁਣ ਕਰਹੁ
ਐਸੇ ਤਤੁ ਪਰਾਵਹੁ॥ (ਪੰਨਾ 418)
ਅਤੇ
ਗੁਣੀਆ ਗੁਣ ਲੇ ਪ੍ਰਭ ਮਿਲੇ
ਕਿਉ ਤਿਨ ਮਿਲਿਉ ਪਿਆਰਿ॥
ਤਿਨ ਹੀ ਜੈਸੀ ਥੀ ਰਹਾਂ
ਜਪਿ ਜਪਿ ਰਿਦੇ ਮੁਰਾਰਿ॥ (ਪੰਨਾ 936)

ਜੋ ਵਿਅਕਤੀ ਨਿਰਭੈਤਾ ਅਤੇ ਨਿਰਵੈਰਤਾ ਦੇ ਰੱਬੀ ਗੁਣ ਧਾਰਨ ਕਰਨਯੋਗ ਹੋ ਜਾਂਦਾ ਹੈ, ਉਹ ਮਾਨਵਤਾ ਵਿਚ ਪ੍ਰਭੂ ਨੂੰ ਅਨੁਭਵ ਕਰਨਯੋਗ ਵੀ ਬਣ ਜਾਂਦਾ ਹੈ। ਐਸੇ ਗੁਰਮੁਖ ਹੀ ਮਨੁੱਖਤਾ ਨੂੰ ਏਕਤਾ, ਸੁਤੰਤਰਤਾ, ਬਰਾਬਰੀ ਅਤੇ ਸ਼ਾਂਤੀ ਦਾ ਪ੍ਰਭਾਵਸ਼ਾਲੀ ਸੰਦੇਸ਼ ਦਿੰਦੇ ਹਨ।

ਸਿੱਖ ਧਰਮ ਵਿਚ ਗੁਰਬਾਣੀ ਉਪਦੇਸ਼ ਪ੍ਰਤੀ ਅਨੁਕੂਲਤਾ ਦੀ ਘਾਟ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਸੰਸਾਰ ਵਿਚ ਮਾਇਆ ਦਾ ਵਿਆਪਕ ਪ੍ਰਭਾਵ ਹੈ ਅਤੇ ਮਾਇਆ ਧਰਮ ਦੀ ਵਿਰੋਧੀ ਹੈ। ਗੁਰਬਾਣੀ ਦੇ ਕਥਨ ਹਨ:

ਮਾਇਆ ਮਮਤਾ ਕਰਤੈ ਲਾਈ॥
(ਪੰਨਾ 1261)
ਅਤੇ
ਇਹੁ ਸੰਸਾਰੁ ਤੇ ਤਬ ਹੀ ਛੂਟਉ
ਜਉ ਮਾਇਆ ਨਹਿ ਲਪਟਾਵਉ॥
ਮਾਇਆ ਨਾਮੁ ਗਰਭ ਜੋਨਿ ਕਾ
ਤਿਹ ਤਜਿ ਦਰਸਨੁ ਪਾਵਉ॥ (ਪੰਨਾ 693)

ਮਾਇਆ ਦੇ ਪ੍ਰਭਾਵ ਕਾਰਨ ਸਮਾਜ ਵਿਚ ਅਧਿਆਤਮਕ ਵਿਚਾਰਧਾਰਾ 'ਤੇ ਆਧਾਰਤ ਧਰਮ ਨੂੰ ਸੰਸਥਾਗਤ ਰੂਪ ਵਿਚ ਸਥਾਪਤ ਕਰਨਾ ਸੰਭਵ ਨਹੀਂ ਹੁੰਦਾ ਅਤੇ ਜੋ ਵੀ ਧਰਮ ਸੰਸਥਾਗਤ ਰੂਪ ਵਿਚ ਸਥਾਪਤ ਕੀਤਾ ਜਾਂਦਾ ਹੈ, ਉਹ ਮਾਇਆ ਦੇ ਗੁਣਾਂ ਦਾ ਧਾਰਨੀ ਬਣ ਕੇ ਅਧਿਆਤਮਕਤਾ ਦਾ ਵਿਰੋਧੀ ਹੋ ਨਿਬੜਦਾ ਹੈ। ਸਿੱਖ ਧਰਮ ਦੀਆਂ ਜੋ ਵੀ ਸੰਸਥਾਵਾਂ ਸਥਾਪਤ ਹੋਈਆਂ ਹਨ, ਉਹ ਗੁਰਮਤਿ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ। ਗੁਰਮਤਿ ਦੇ ਵਿਪਰੀਤ ਹੋਣ ਕਾਰਨ ਅਜੋਕਾ ਸਿੱਖ ਧਰਮ ਹੁਣ ਬਹੁਤ ਸਾਰੀਆਂ ਸੰਪਰਦਾਵਾਂ ਤੇ ਡੇਰਿਆਂ ਵਿਚ ਵੰਡਿਆ ਗਿਆ ਹੈ ਅਤੇ ਹਰ ਸੰਪਰਦਾ ਤੇ ਡੇਰਾ ਅਸਲੀ ਸਿੱਖ ਧਰਮ ਹੋਣ ਦਾ ਦਾਅਵਾ ਕਰਦਾ ਹੈ।

ਇਸ ਸਮੇਂ ਸਿੱਖ ਧਰਮ ਦੀ ਮੁੱਖ ਸੰਸਥਾਗਤ ਸੰਪਰਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਇਸ ਕਮੇਟੀ ਨੂੰ ਗੁਰਦੁਆਰਾ ਐਕਟ ਅਧੀਨ ਚੁਣਿਆ ਜਾਂਦਾ ਹੈ। ਕਾਨੂੰਨ ਅਧੀਨ ਚੁਣੀ ਹੋਣ ਕਾਰਨ ਇਸ ਕਮੇਟੀ ਦੇ ਬਹੁਤੇ ਮੈਂਬਰ ਇਸ ਨੂੰ ਮਿਨੀ ਪਾਰਲੀਮੈਂਟ ਸਮਝਦੇ ਹਨ ਅਤੇ ਸਿੱਖ ਧਰਮ ਨੂੰ ਮਿਨੀ ਸਟੇਟ। ਇਹ ਕਮੇਟੀ ਸਿੱਖ ਧਰਮ ਨੂੰ ਸਮਾਜ ਪ੍ਰਬੰਧ ਵਾਂਗ ਚਲਾਉਂਦੀ ਹੈ। ਗੁਰਦੁਆਰਾ ਐਕਟ ਨੇ ਸਿੱਖ ਧਰਮ ਦੀ ਵਾਗਡੋਰ ਗੁਰਦੁਆਰਾ ਪ੍ਰਬੰਧਕਾਂ ਨੂੰ ਸੰਭਾਲ ਕੇ ਧਰਮ ਸ਼ਾਸਤਰੀਆਂ, ਧਾਰਮਕ ਵਿਦਵਾਨਾਂ ਅਤੇ ਗੁਰਮਤਿ ਦੇ ਸ਼ਰਧਾਲੂਆਂ ਨੂੰ ਧਰਮ ਵਿਚੋਂ ਬੇਦਖਲ ਕਰ ਦਿੱਤਾ ਹੈ। ਸਿੱਖ ਧਰਮ ਵਿਚ ਧਾਰਮਕ ਵਿਦਵਾਨਾਂ ਦੀ ਕੋਈ ਸੰਸਥਾ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਬੰਧਕਾਂ ਨੇ ਧਾਰਮਕ ਕਰਤਵ ਆਪਣੇ ਟਹਿਲ-ਪੁਜਾਰੀਆਂ ਨੂੰ ਸੌਂਪ ਦਿੱਤੇ ਹਨ ਜੋ ਪੁਰਾਤਨ ਧਾਰਮਕ ਰੀਤਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦਾ ਪੂਜਾ ਪਾਠ ਅਤੇ ਸ਼ਰਧਾਲੂਆਂ ਨੂੰ ਸੰਸਾਰਕ ਇੱਛਾਵਾਂ ਦੀ ਪੂਰਤੀ ਦਾ ਭਰੋਸਾ ਦੇਣ ਲਈ ਕਰਮ ਕਾਂਡ ਕਰਦੇ ਹਨ।

ਸ਼੍ਰੋਮਣੀ ਕਮੇਟੀ ਨੇ ਸਿੱਖ ਰਹਿਤ ਮਰਿਆਦਾ ਦੇ ਨਾਂ ਹੇਠ ਸਿੱਖ ਧਰਮ ਦਾ ਸੰਵਿਧਾਨ ਬਣਾਇਆ ਹੈ। ਰਹਿਤ ਮਰਿਆਦਾ ਵਿਚ ਸਿੱਖ ਦੀ ਪਰਿਭਾਸ਼ਾ ਦੇ ਨਾਲ ਨਾਲ ਗੁਰਮਤਿ ਦੀ ਵਿਆਖਿਆ ਵੀ ਕੀਤੀ ਗਈ ਹੈ ਅਤੇ ਸਿੱਖ ਸਭਿਆਚਾਰ ਨੂੰ ਨਿਯਮਬੱਧ ਕਰ ਕੇ ਪੰਜਾਬੀ ਸਭਿਆਚਾਰ ਨਾਲੋਂ ਵਖਰਾ ਕਰ ਦਿੱਤਾ ਗਿਆ ਹੈ। ਇਸ ਵਿਚ ਸਿੱਖ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ: "ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ), ਗੁਰੂ ਗ੍ਰੰਥ ਸਾਹਿਬ ਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

ਸਿੱਖ ਦੀ ਇਹ ਪਰਿਭਾਸ਼ਾ ਗੁਰਬਾਣੀ ਉਪਦੇਸ਼ ਦੇ ਵਿਪਰੀਤ ਹੈ ਅਤੇ ਸਿੱਖਾਂ ਨੂੰ ਦੂਜੇ ਪੰਜਾਬੀਆਂ ਅਤੇ ਮਨੁੱਖਤਾ ਨਾਲੋਂ ਵੱਖਰਾ ਕਰ ਦਿੰਦੀ ਹੈ। ਸਿੱਖ ਰਹਿਤ ਮਰਿਆਦਾ ਵਿਚ ਗੁਰਮਤਿ ਦੀ ਬਹੁਤ ਅਨੋਖੀ ਵਿਆਖਿਆ ਕੀਤੀ ਗਈ ਹੈ ਜਿਸ ਦੀਆਂ ਕੁਝ ਮਦਾਂ ਇਸ ਪ੍ਰਕਾਰ ਹਨ:

"ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨ ਦੁਖਾਵੇ; ਹਰ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ; ਸਿੱਖ ਮਰਦ ਅਥਵਾ ਇਸਤਰੀ ਨੂੰ ਨੱਕ ਕੰਨ ਛੇਦਣਾ ਮਨ੍ਹਾ ਹੈ; ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕੱਢਣਾ ਉਚਿਤ ਨਹੀਂ; ਅਤੇ ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।"

ਸਿੱਖ ਰਹਿਤ ਮਰਿਆਦਾ ਦੀ ਅਰਦਾਸ ਵਿਚ ਗੁਰਸ਼ਬਦ ਰਾਹੀਂ ਮਨੁੱਖੀ ਮਨ ਨੂੰ ਸਾਧਣ ਦੀ ਬੇਨਤੀ ਦੀ ਥਾਂ ਸ਼ਰਧਾਲੂ ਦੀ ਰੱਛਿਆ ਰਿਆਇਤ, ਸੁੱਖ ਅਤੇ ਸਫਲਤਾ ਦੀ ਮੰਗ ਕੀਤੀ ਜਾਂਦੀ ਹੈ।

ਸਿੱਖ ਧਾਰਮਕ ਸਮਾਜ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਤੀ ਪੂਰੀ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਤਾਂ ਕੀਤਾ ਜਾਂਦਾ ਹੈ, ਪਰ ਇਹ ਸ਼ਰਧਾ ਅੰਧਮਈ ਹੁੰਦੀ ਹੈ, ਕਿਉਂਕਿ ਸਿੱਖ ਸਮਾਜ ਵਿਚ ਗੁਰਬਾਣੀ ਦੇ ਉਪਦੇਸ਼ ਨੂੰ ਅਣਡਿੱਠ ਕਰਨ ਦੀ ਰੀਤ ਹੈ। ਕਈ ਸਿੱਖ ਸ਼ਰਧਾਲੂ ਤੇ ਸਿੱਖ ਰਹਿਤ ਮਰਿਆਦਾ ਨੂੰ ਗੁਰਬਾਣੀ ਉਪਦੇਸ਼ ਨਾਲੋਂ ਵੀ ਵਧੇਰੇ ਅਹਿਮ ਸਮਝਦੇ ਹਨ। ਅਸਲ ਵਿਚ ਕੋਈ ਤਿੰਨ ਸੌ ਸਾਲ ਤੋਂ ਗੁਰਬਾਣੀ ਦੀ ਥਾਂ ਰਹਿਤ ਮਰਿਆਦਾ ਹੀ ਸਿੱਖ ਧਰਮ ਦੀ ਮੁੱਖ ਧਾਰਾ ਬਣੀ ਹੋਈ ਹੈ। ਇਹ ਪ੍ਰਥਾ ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀਆਂ ਅਤੇ ਉਨ੍ਹਾਂ ਦੇ ਉਦਾਸੀ ਤੇ ਨਿਰਮਲੇ ਸਹਿਯੋਗੀਆਂ ਨੇ ਪ੍ਰਚਲਿਤ ਕੀਤੀ ਸੀ।

ਅਸਲ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰੂ ਸਾਹਿਬ ਦੇ ਪਰਿਵਾਰਕ ਵਿਰੋਧੀਆਂ ਨੇ ਆਪਣੀਆਂ ਸਮਾਨੰਤਰ ਵੱਖਰੀਆਂ ਗੁਰਗੱਦੀਆਂ ਨਾਲ ਸਨਾਤਨੀ ਧਾਰਮਕ ਰੀਤਾਂ ਅਤੇ ਕਰਮ ਕਾਂਡ ਜੋੜ ਕੇ ਗੁਰਮਤਿ ਵਿਰੁਧ ਆਪਣੇ ਵਖਰੇ ਧਾਰਮਕ ਕੇਂਦਰ ਸਥਾਪਤ ਕਰ ਲਏ ਸਨ ਅਤੇ ਨਿਰੋਲ ਗੁਰਮਤਿ ਦੇ ਪ੍ਰਚਾਰ ਨੂੰ ਖਤਮ ਕਰਨ ਦਾ ਤਹੱਈਆ ਕਰ ਲਿਆ ਸੀ। ਉਨ੍ਹਾਂ ਵਲੋਂ ਗੁਰਮਤਿ ਪ੍ਰਚਾਰ ਦਾ ਵਿਰੋਧ ਵਧਦਾ ਵਧਦਾ ਭਿਆਨਕ ਰੂਪ ਧਾਰ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮੁਗਲ ਸ਼ਾਸਨ ਵਲੋਂ ਗੁਰਮਤਿ ਦੇ ਧਾਰਨੀਆਂ ਦੀ ਨਸਲਕੁਸ਼ੀ ਉਪਰੰਤ ਗੁਰੂ ਸਾਹਿਬ ਦੇ ਵਿਰੋਧੀਆਂ ਨੇ ਉਦਾਸੀ ਤੇ ਨਿਰਮਲਿਆਂ ਨਾਲ ਮਿਲ ਕੇ ਗੁਰਮਤਿ ਸੰਚਾਰ ਬੰਦ ਕਰਵਾ ਦਿੱਤਾ ਅਤੇ ਉਸ ਦੀ ਥਾਂ ਆਪਣਾ ਗੁਰਮਤਿ ਵਿਰੋਧੀ ਸਿੱਖ ਧਰਮ ਸਥਾਪਤ ਕਰ ਲਿਆ।

ਗੁਰਮਤਿ ਦੀ ਥਾਂ ਗੁਰੂ ਸਾਹਿਬਾਨ ਦੇ ਵਿਰੋਧੀਆਂ ਵਲੋਂ ਸਨਾਤਨੀ ਰੀਤਾਂ 'ਤੇ ਆਧਾਰਤ ਸਿੱਖ ਧਰਮ ਦੀ ਸਥਾਪਨਾ ਦਾ ਬਹੁਤ ਪੇਚੀਦਾ ਅਤੇ ਅਣਗੌਲਿਆ ਇਤਿਹਾਸ ਹੈ। ਗੁਰਮਤਿ ਦਾ ਵਿਰੋਧ ਗੁਰੂ ਨਾਨਕ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਦੇ ਫਰਜ਼ੰਦ ਸ੍ਰੀ ਚੰਦ ਨੇ ਗੁਰਮਤਿ ਦੀ ਥਾਂ ਉਦਾਸੀ ਮਤ ਧਾਰਨ ਕਰ ਲਿਆ ਸੀ ਜਿਸ ਦਾ ਜ਼ਿਕਰ ਸੱਤੇ ਤੇ ਬਲਵੰਡ ਨੇ ਆਪਣੀ ਵਾਰ ਵਿਚ ਕੀਤਾ ਹੈ:

ਪੁਤ੍ਰੀ ਕਉਲੁ ਨ ਪਾਲਿਓ
ਕਰਿ ਪੀਰਹੁ ਕੰਨ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨਿ
ਬੰਨ ਭਾਰੁ ਉਚਾਇਨਿ ਛਟੀਐ॥
(ਪੰਨਾ 967)

ਗੁਰੂ ਅੰਗਦ ਦੇਵ ਜੀ ਨੂੰ ਆਪਣਾ ਟਿਕਾਣਾ ਬਦਲ ਕੇ ਖਡੂਰ ਸਾਹਿਬ ਬਣਾਉਣਾ ਪਿਆ ਸੀ। ਗੁਰੂ ਅੰਗਦ ਸਾਹਿਬ ਦਾ ਪੁੱਤਰ ਦਾਤੂ ਜੀ, ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਸਮਝਦਾ ਸੀ ਅਤੇ ਗੁਰੂ ਅਮਰਦਾਸ ਜੀ ਨਾਲ ਦੁਰਵਿਹਾਰ ਕਰਦਾ ਸੀ। ਗੁਰੂ ਅਮਰਦਾਸ ਜੀ ਨੂੰ ਖਡੂਰ ਸਾਹਿਬ ਛੱਡਣਾ ਪਿਆ ਸੀ ਅਤੇ ਉਨ੍ਹਾਂ ਗੋਇੰਦਵਾਲ ਸਾਹਿਬ ਆਪਣਾ ਟਿਕਾਣਾ ਬਣਾਇਆ। ਗੁਰੂ ਅਮਰਦਾਸ ਜੀ ਦੇ ਪੁੱਤਰ, ਗੁਰੂ ਰਾਮਦਾਸ ਜੀ ਨੂੰ ਗੁਰੂ ਪ੍ਰਵਾਨ ਕਰਨ ਲਈ ਰਾਜ਼ੀ ਨਹੀਂ ਸਨ। ਗੁਰੂ ਰਾਮਦਾਸ ਜੀ ਨੂੰ ਗੋਇੰਦਵਾਲ ਛੱਡ ਕੇ ਅੰਮ੍ਰਿਤਸਰ ਵਸਾਉਣਾ ਪਿਆ। ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ ਪ੍ਰਿਥੀ ਚੰਦ, ਗੁਰੂ ਅਰਜਨ ਦੇਵ ਜੀ ਨੂੰ ਗੁਰੂ ਪ੍ਰਵਾਨ ਕਰਨ ਲਈ ਤਿਆਰ ਨਹੀਂ ਸੀ। ਉਹ ਗੁਰਗੱਦੀ ਅਤੇ ਸੰਪਤੀ ਨੂੰ ਲੈ ਕੇ ਗੁਰੂ ਅਰਜਨ ਨਾਲ ਬਹੁਤ ਨਾਰਾਜ਼ ਸੀ ਅਤੇ ਗੁਰੂ ਸਾਹਿਬ ਦੀ ਸ਼ਹੀਦੀ ਲਈ ਕਾਫੀ ਹੱਦ ਤਕ ਜ਼ਿੰਮੇਵਾਰ ਵੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰਮਤਿ ਸੰਚਾਰ ਦਾ ਵਿਰੋਧ ਹੋਰ ਵਧ ਗਿਆ।

ਗੁਰਮਤਿ ਪ੍ਰਚਾਰ ਵਿਚ ਰੁਕਾਵਟਾਂ ਪਾਉਣ ਲਈ ਵਿਰੋਧੀਆਂ ਨੇ ਸਾਜ਼ਿਸ਼ਾਂ ਰਚ ਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਫਜ਼ੂਲ ਜੰਗਾਂ ਵਿਚ ਉਲਝਾ ਦਿੱਤਾ। ਆਖਰ ਨੂੰ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਛੱਡ ਕੇ ਪੁਆਧ ਵਿਚ ਕੀਰਤਪੁਰ ਸਾਹਿਬ ਨੂੰ ਟਿਕਾਣਾ ਬਣਾਉਣਾ ਪਿਆ। ਉਨ੍ਹਾਂ ਦੇ ਅੰਮ੍ਰਿਤਸਰ ਛੱਡਣ 'ਤੇ ਮੀਣਿਆਂ ਅਤੇ ਧੀਰਮੱਲੀਆਂ ਨੇ ਆਪੋ ਆਪਣੀਆਂ ਗੱਦੀਆਂ ਸਥਾਪਤ ਕਰ ਲਈਆਂ। ਧੀਰਮੱਲੀਆਂ ਨੇ ਤਾਂ ਗੁਰਗੱਦੀ 'ਤੇ ਆਪਣੇ ਹੱਕ ਨੂੰ ਰੱਬੀ ਹੁਕਮ ਬਣਾਉਣ ਲਈ ਭਾਈ ਗੁਰਦਾਸ ਦੀ ਲਿਖੀ ਪੋਥੀ ਸਾਹਿਬ ਜੋ ਉਨ੍ਹਾਂ ਦੇ ਕਬਜ਼ੇ ਵਿਚ ਸੀ, ਵਿਚ ਗੁਰਗੱਦੀ ਤੇ ਪਰਿਵਾਰ ਦੀ ਮਲਕੀਅਤ ਦਾ ਹੁਕਮ ਵੀ ਦਰਜ ਕਰ ਲਿਆ, ਪਰ ਗੁਰਗੱਦੀ ਦੇ ਦਾਅਵੇਦਾਰ ਵਧਦੇ ਗਏ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤਿ ਸਮਾਉਣ 'ਤੇ ਗੁਰਗੱਦੀ ਦਾ ਮੁਤਾਲਬਾ ਕਰਨ ਵਾਲਿਆਂ ਦੀ ਭੀੜ ਬਾਬੇ ਬਕਾਲੇ ਲੱਗ ਗਈ। ਬਾਬਾ ਤੇਗ ਬਹਾਦਰ ਜੀ ਦੇ ਗੁਰੂ ਥਾਪੇ ਜਾਣ 'ਤੇ ਗੁਰਗੱਦੀ ਦੇ ਅਭਿਲਾਸ਼ੀਆਂ ਨੇ ਗੁਰੂ ਸਾਹਿਬ ਵਿਰੁਧ ਹਿੰਸਕ ਸਾਜ਼ਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਤੇਗ ਬਹਾਦਰ ਜੀ 'ਤੇ ਜਾਨਲੇਵਾ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਤਲੁਜ ਦੇ ਪੱਛਮ ਵਿਚ ਗੁਰਮਤਿ ਪ੍ਰਚਾਰ ਕਰਨ ਤੋਂ ਰੋਕ ਦਿੱਤਾ ਗਿਆ। ਉਸ ਸਮੇਂ ਦਾ ਇਤਿਹਾਸ ਕਿਉਂਕਿ ਗੁਰੂ ਸਾਹਿਬ ਦੇ ਵਿਰੋਧੀਆਂ ਦੇ ਸਹਿਯੋਗੀਆਂ ਵਲੋਂ ਰਚਿਆ ਗਿਆ ਹੈ, ਉਨ੍ਹਾਂ ਵਲੋਂ ਰਚੇ ਮਿਥਿਹਾਸ ਵਿਚ ਗੁਰੂ ਸਾਹਿਬ ਵਿਰੁਧ ਰਚੀਆਂ ਸਾਜ਼ਿਸ਼ਾਂ ਦਾ ਵੇਰਵਾ ਨਹੀਂ ਮਿਲਦਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਗੁਰਮਤਿ ਦਾ ਸੰਚਾਰ ਕਰਨ ਤੋਂ ਰੋਕਣ ਲਈ ਵਿਰੋਧੀਆਂ ਨੇ ਸਾਜ਼ਿਸ਼ਾਂ ਰਚ ਕੇ ਜੰਗਾਂ ਵਿਚ ਉਲਝਾਈ ਰਖਿਆ। ਬਹੁਤੇ ਲੇਖਕ ਉਨ੍ਹਾਂ ਨੂੰ ਗੁਰੂ ਨਾਨਕ ਵਿਚਾਰਧਾਰਾ ਦੀ ਦਸਵੀਂ ਜੋਤ ਸਿੱਧ ਕਰਨ ਦੀ ਥਾਂ ਵੱਡਾ ਫੌਜੀ ਜਰਨੈਲ ਅਤੇ ਸੰਗਠਕ ਪ੍ਰਚਾਰਨ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ। ਉਨ੍ਹਾਂ ਨੂੰ ਤਾਂ ਕੇਵਲ ਦਮਦਮਾ ਸਾਹਿਬ ਵਿਚ ਹੀ ਬਹੁਤ ਥੋੜ੍ਹਾ ਸਮਾਂ ਸ਼ਾਂਤੀ ਨਾਲ ਰਹਿ ਕੇ ਗੁਰਬਾਣੀ ਉਪਦੇਸ਼ ਦਾ ਸੰਚਾਰ ਕਰਨ ਦਾ ਮੌਕਾ ਮਿਲਿਆ ਸੀ। ਉਸ ਥੋੜ੍ਹੇ ਸਮੇਂ ਵਿਚ ਹੀ ਉਨ੍ਹਾਂ ਦਮਦਮੀ ਬੀੜ ਦਾ ਸੰਕਲਨ ਅਤੇ ਉਸ ਦੀ ਬਾਣੀ ਨੂੰ ਸਿੱਖ ਜਗਤ ਦਾ ਸ਼ਬਦ ਗੁਰੂ ਐਲਾਨ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਿੱਖ ਧਰਮ ਦਾ ਸਦੀਵੀ ਰਾਹਨੁਮਾ ਥਾਪ ਦਿੱਤਾ।

ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਬਾਬਾ ਬੰਦਾ ਬਹਾਦਰ ਧਾਰਮਕ ਆਗੂਆਂ ਨਾਲ ਇਕ ਸਾਲ ਤੋਂ ਵੱਧ ਸਮਾਂ ਵਿਚਾਰ-ਵਟਾਂਦਰਾ ਕਰਦਾ ਰਿਹਾ ਸੀ। ਉਸ ਸਮੇਂ ਦੌਰਾਨ ਹੀ ਉਸ ਨੇ ਗੁਰਬਾਣੀ ਉਪਦੇਸ਼ ਅਤੇ ਗੁਰੂ ਸਾਹਿਬ ਦੀ ਨੀਤੀ ਵਿਰੁਧ ਮੁਗਲ ਸ਼ਾਸਨ ਤੋਂ ਬਦਲਾ ਲੈਣ ਲਈ ਹਮਲਾ ਕਰਨ ਦੀ ਵਿਉਂਤ ਬਣਾਈ ਸੀ। ਉਸ ਦੇ ਮੁਗਲ ਰਾਜ 'ਤੇ ਹਮਲੇ ਕਾਰਨ ਗੁਰਮਤਿ ਦੇ ਧਾਰਨੀ ਸਿੱਖ ਸ਼ਰਧਾਲੂ ਸ਼ਹੀਦ ਹੋ ਗਏ ਅਤੇ ਗੁਰੂ ਨਾਨਕ ਵਲੋਂ ਚਲਾਈ ਗੁਰਮਤਿ ਸੰਚਾਰ ਦੀ ਪ੍ਰਥਾ ਸਮਾਪਤ ਹੋ ਗਈ। ਸਾਰੇ ਸਿੱਖ ਧਾਰਮਕ ਕੇਂਦਰਾਂ 'ਤੇ ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀਆਂ ਅਤੇ ਉਨ੍ਹਾਂ ਦੇ ਸਹਿਯੋਗੀ ਉਦਾਸੀ ਤੇ ਨਿਰਮਲੇ ਪੁਜਾਰੀਆਂ ਦੇ ਕਬਜ਼ੇ ਹੋ ਗਏ। ਉਦਾਸੀਆਂ ਨੇ ਆਪਣਾ ਸਨਾਤਨੀ ਪ੍ਰਥਾ 'ਤੇ ਆਧਾਰਤ ਸਿੱਖ ਧਰਮ ਕਾਇਮ ਕਰ ਲਿਆ। ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਹੋ ਗੁਰਮਤਿ ਨਾਲੋਂ ਟੁੱਟਿਆ ਉਦਾਸੀ ਸਿੱਖ ਧਰਮ ਪ੍ਰਚਲਿਤ ਸੀ ਅਤੇ ਸਿੰਘ ਸਭਾਵਾਂ ਵਲੋਂ ਕੁਝ ਸੁਧਾਰ ਉਪਰੰਤ ਅੱਜ ਵੀ ਸਿੱਖ ਧਰਮ ਦੀ ਮੁੱਖ ਧਾਰਾ ਬਣਿਆ ਹੋਇਆ ਹੈ।

ਜਾਗਰੂਕ ਸਿੱਖਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਉਹ ਗੁਰਮਤਿ ਵਿਚਾਰਧਾਰਾ ਦੀ ਸਿੱਖ ਪੁਜਾਰੀਆਂ ਵਲੋਂ ਹੋ ਰਹੇ ਵਿਰੋਧ ਬਾਰੇ ਵਧੇਰੇ ਚੇਤੰਨ ਹੋ ਰਹੇ ਹਨ। ਉਧਰ ਸਿੱਖ ਪੁਜਾਰੀ, ਸ਼ਰਧਾਲੂਆਂ ਨੂੰ ਲੁਭਾਉਣ ਅਤੇ ਪ੍ਰਭਾਵਿਤ ਕਰਨ ਲਈ ਨਵੇਂ ਨਵੇਂ ਵਪਾਰਕ ਢੰਗ ਵਰਤ ਰਹੇ ਹਨ ਤੇ ਧਾਰਮਕ ਆਗੂ ਰਾਜਸੀ ਮਨੋਰਥਾਂ ਦੀ ਪੂਰਤੀ ਲਈ ਸ਼ਰਧਾਲੂਆਂ ਨੂੰ ਗੁਮਰਾਹ ਕਰ ਕੇ ਉਨ੍ਹਾਂ ਦਾ ਸ਼ੋਸ਼ਣ ਕਰਨ ਲੱਗੇ ਹੋਏ ਹਨ।

ਸਿੱਖ ਧਰਮ ਹੁਣ ਸਾਰੀ ਦੁਨੀਆਂ ਵਿਚ ਫੈਲ ਚੁਕਾ ਹੈ ਅਤੇ ਸੰਸਾਰ ਭਰ ਵਿਚ ਇਸ ਦੇ ਸੰਦੇਸ਼ ਤੇ ਸੰਜੀਦਗੀ ਨਾਲ ਵਿਚਾਰ ਹੋਣ ਲੱਗ ਪਈ ਹੈ। ਗੁਰਬਾਣੀ ਦੇ ਮਨੁੱਖੀ ਸੁਤੰਤਰਤਾ ਅਤੇ ਬਰਾਬਰੀ ਦੇ ਮਾਨਵਵਾਦੀ ਉਪਦੇਸ਼ ਦੇ ਸਾਰਥਕ ਪ੍ਰਸਾਰਨ ਵਿਚ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੀ ਕਾਰਗੁਜ਼ਾਰੀ ਤੇ ਪ੍ਰਭਾਵ ਨੂੰ ਭਾਰੀ ਰੁਕਾਵਟ ਮਹਿਸੂਸ ਕੀਤਾ ਜਾਂਦਾ ਹੈ।

ਕਹਾਣੀ

# ਬਸ ਏਨਾ ਹੀ

***ਕਹਾਣੀਕਾਰ ਅਸ਼ੋਕ ਵਾਸਿਸ਼ਠ ਆਪਣੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੀਆਂ ਪੀਡੀਆਂ ਤੰਦਾਂ ਦੀ ਗੱਲ ਇੰਨੇ ਸਹਿਜ ਭਾਅ ਕਰਦੇ ਹਨ ਕਿ ਪਾਠਕ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਕਹਾਣੀ ਦਾ ਸੁਨੇਹਾ ਕਦੋਂ ਉਸ ਦੇ ਅੰਦਰ ਧੁਰ ਤੱਕ ਚਲਾ ਗਿਆ। ਇਸ ਕਹਾਣੀ ਵਿਚ ਬੱਸ ਵਿਚ ਸਵਾਰ ਦੋ ਜਣਿਆਂ ਦੇ ਜ਼ਰੀਏ ਜ਼ਿੰਦਗੀ ਦੇ ਸਫਰ ਦੀ ਗੱਲ ਕੀਤੀ ਹੈ। ਇੰਨੇ ਸਹਿਜ ਭਾਅ ਕਿ ਅੰਦਰੋਂ ਆਵਾਜ਼ ਉਠਦੀ ਹੈ, 'ਏ ਭਾਈ ਜ਼ਰਾ ਦੇਖ ਕੇ ਚਲੋ, ਆਗੇ ਹੀ ਨਹੀਂ ਪੀਛੇ ਭੀ, ਊਪਰ ਹੀ ਨਹੀਂ ਨੀਚੇ ਭੀ, ਦਾਏਂ ਹੀ ਨਹੀਂ ਬਾਏਂ ਭੀ।' ਤੇ ਫਿਰ ਸਫਰ ਦਾ ਸਾਥ ਕਿਸੇ ਪੜਾਅ 'ਤੇ ਆ ਕੇ ਮੁੱਕਦਾ ਹੈ ਤਾਂ ਅਹਿਸਾਸ ਹੁੰਦਾ ਹੈ, "ਬਸ ਏਨਾ ਹੀ...!" -ਸੰਪਾਦਕ***

ਮੋਹਬਤ ਕੀ ਝੂਠੀ ਕਹਾਨੀ ਪੇ ਰੋਏ
ਬਹੁਤ ਚੋਟ ਖਾਈ ਜਵਾਨੀ ਪੇ ਰੋਏ।

ਸ਼ਿਵਾਜੀ ਸਟੇਡੀਅਮ ਤੋਂ ਪੰਜਾਬੀ ਬਾਗ ਵੱਲ ਜਾਂਦੀ ਕਲਸਟਰ ਬਸ ਦੇ ਡਰਾਈਵਰ ਨੇ ਪੁਰਾਣੇ ਗਾਣਿਆਂ ਦਾ ਰਿਕਾਰਡ ਚਾਲੂ ਕੀਤਾ ਤਾਂ ਉਸ ਦਾ ਪਹਿਲਾ ਗੀਤ ਇਹੋ ਸੀ। ਸੀਨੀਅਰ ਸਿਟੀਜ਼ਨ ਵਾਲੀ ਸੀਟ 'ਤੇ ਬੈਠਾ ਜਤਿਨ ਖੁਸ਼ੀ ਵਿਚ ਉਛਲ ਪਿਆ, "ਵਾਹ, ਮਜ਼ਾ ਆ ਗਿਆ, 'ਮੋਹਬਤ ਕੀ ਝੂਠੀ ਕਹਾਨੀ ਪੇ ਰੋਏ...' ਕਿਆ ਬਾਤ ਹੈ। ਗੀਤਕਾਰ ਦੇ ਬੋਲ ਨਹੀਂ ਸਗੋਂ ਉਸ ਦੀ ਰੂਹ ਬੋਲ ਰਹੀ ਹੈ! ਕੀ ਖਿਆਲ ਹੈ, ਤੁਹਾਡਾ..?" ਉਸ ਨੇ ਨਾਲ ਬੈਠੀ ਮਹਿਲਾ ਸਵਾਰੀ ਵੱਲ ਦੇਖ ਕੇ ਪੁਛਿਆ। ਉਹ ਥੋੜ੍ਹਾ ਸ਼ਰਮਾਈ, ਪੁਰਾਣੇ ਜ਼ਮਾਨੇ ਦੀ ਹੁੰਦੀ ਤਾਂ ਖਬਰੇ ਗੱਲ ਈ ਨਾ ਕਰਦੀ। ਉਹ ਨਵੇਂ ਜ਼ਮਾਨੇ ਦੀ ਸੀ, ਪਰ ਬੰਦਾ, ਖਾਸ ਕਰ ਮੁਟਿਆਰ ਭਾਵੇਂ ਕਿੰਨੀ ਵੀ ਖੁਲ੍ਹੇ ਸੁਭਾਅ ਦੀ ਕਿਉਂ ਨਾ ਹੋਵੇ, ਕਿਸੇ ਅਜਨਬੀ ਵਲੋਂ ਇਸ ਤਰ੍ਹਾਂ ਅਚਾਨਕ ਕੁਝ ਪੁੱਛੇ ਜਾਣ 'ਤੇ ਸੰਕੋਚ ਤੋਂ ਕੰਮ ਲੈਂਦਾ ਹੀ ਹੈ। ਮੁਟਿਆਰ ਨੇ ਕੁਝ ਬੋਲਣ ਤੋਂ ਸੰਕੋਚ ਕਰਨਾ ਚਾਹਿਆ ਪਰ ਉਹ ਬਹੁਤੀ ਦੇਰ ਇਸ ਮਨੋ ਸਥਿਤੀ ਵਿਚ ਨਾ ਰਹਿ ਸਕੀ ਤੇ ਛੇਤੀ ਹੀ ਤਬਲੇ ਦੀ ਸੰਗਤ ਕਰਨ ਲਈ ਮੈਦਾਨ ਵਿਚ ਨਿਤਰ ਆਈ।



**ਅਸ਼ੋਕ ਵਾਸਿਸ਼ਠ**
ਫੋਨ: 91-98106-28570

ਉਸ ਦੇ ਰੁਖ ਤੋਂ ਇਹੋ ਪ੍ਰਤੀਤ ਹੁੰਦਾ ਸੀ ਕਿ ਉਸ ਨੂੰ ਆਲੇ-ਦੁਆਲੇ ਦੀ ਬਹੁਤੀ ਪਰਵਾਹ ਨਹੀਂ ਹੈ। ਉਸ ਨੇ ਨਿਧੜਕ ਹੋ ਜਤਿਨ ਨੂੰ ਇਕ ਨਜ਼ਰ ਤੱਕਿਆ, ਖੌਰੇ ਉਸ ਨੂੰ ਕੀ ਚੰਗਾ ਲੱਗਾ, ਉਹਨੇ ਉਸ ਨਾਲ ਖੁਲ੍ਹਣ ਵਿਚ ਦੇਰ ਨਾ ਲਾਈ।

"ਹੋ ਸਕਦਾ ਹੈ, ਉਸ ਨੇ ਮੁਹੱਬਤ ਵਿਚ ਠੋਕਰ ਖਾਧੀ ਹੋਵੇ! ਇਸੇ ਲਈ!"

"ਗੱਲ ਤਾਂ ਤੁਹਾਡੀ ਠੀਕ ਹੈ, ਪਰ ਮੈਡਮ...।" ਮੈਡਮ ਸ਼ਬਦ ਬੋਲਦਿਆਂ ਜਤਿਨ ਰੁਕ ਗਿਆ।

"ਹਾਂ ਹਾਂ, ਰੁਕ ਕਿਉਂ ਗਏ? ਬੋਲੋ ਨਾ!"

"ਜਦ ਸਾਡੇ ਵਿਚਕਾਰ ਏਨਾ ਵਧੀਆ ਵਾਰਤਾਲਾਪ ਚਲ ਹੀ ਪਿਆ ਹੈ ਤਾਂ ਇਕ ਦੂਜੇ ਨਾਲ ਥੋੜ੍ਹੀ ਜਿਹੀ ਜਾਣ-ਪਛਾਣ ਹੋ ਈ ਜਾਣੀ ਚਾਹੀਦੀ ਹੈ। ਇਸ ਨਾਚੀਜ਼ ਨੂੰ ਲੋਕ ਜਤਿਨ ਨਾਂ ਨਾਲ ਬੁਲਾਉਂਦੇ ਨੇ।"

"ਮੈਂ ਜੰਨਤ ਹਾਂ!"

"ਜੰਨਤ? ਕੀ ਤੁਸੀਂ ਸੱਚਮੁਚ ਦੀ ਜੰਨਤ ਹੋ?"

"ਹਾਂ, ਮੈਂ ਸੱਚਮੁਚ ਦੀ ਜੰਨਤ ਹਾਂ। ਕੋਈ ਸ਼ੱਕ?"

"ਥੋੜ੍ਹਾ ਸ਼ੱਕ ਜ਼ਰੂਰ ਹੈ!"

"ਉਹ ਕਿਦਾਂ?"

"ਜੰਨਤ ਭਾਵੇਂ ਜੰਨਤ ਈ ਹੁੰਦੀ ਐ ਪਰ ਉਹ ਏਨੀ...।"

"ਬਸ ਰਹਿਣ ਦਿਓ ਹੁਣ, ਮੈਂ ਜਾਣਦੀ ਹਾਂ, ਤੁਸੀਂ ਕੀ ਕਹਿਣਾ ਚਾਹੁੰਦੇ ਹੋ!"

"ਹੋਣ ਨਾ ਸਹੀ ਪਰ ਇਕ ਗੱਲ ਤਾਂ ਕਹਿ ਹੀ ਸਕਦਾਂ! ਤੁਸੀਂ ਜੰਨਤ ਨੂੰ ਮਾਤ ਪਾਉਣ ਵਾਲੀ ਜੰਨਤ ਹੋ!"

"ਏਸ ਗੱਲ ਨੂੰ ਛੱਡੋ। ਮੈਨੂੰ ਇਹ ਦੱਸੋ, ਇਹੋ ਜਿਹਾ ਸੋਗੀ ਗਾਣਾ ਸੁਣ ਕੇ ਤੁਸੀਂ ਉਛਲ ਕਿਉਂ ਪਏ ਸੀ?" ਜੰਨਤ ਨੇ ਗੱਲ ਹੋਰ ਪਾਸੇ ਪਾਉਣ ਲਈ ਜਤਿਨ 'ਤੇ ਸਵਾਲ ਦਾ ਗੋਲਾ ਦਾਗ ਦਿੱਤਾ।

"ਜਿਨ੍ਹਾਂ ਪਿਆਰ ਵਿਚ ਠੋਕਰ ਖਾਧੀ ਹੁੰਦੀ ਹੈ, ਉਨ੍ਹਾਂ ਦੀ ਹਾਲਤ ਇਹੋ ਜਿਹੀ ਬਣ ਜਾਂਦੀ ਹੈ- ਉਹ ਨਾ ਜਿਉਂਦਿਆਂ ਵਿਚ ਰਹਿੰਦੇ ਹਨ ਤੇ ਨਾ ਮੋਇਆਂ ਵਿਚ। ਗੀਤਕਾਰ ਨੇ ਪਿਆਰ ਵਿਚ ਮੋਏ ਬੰਦਿਆਂ ਦੀ ਮਨੋ ਸਥਿਤੀ ਦਾ ਵਰਣਨ ਬਹੁਤ ਸਿਆਣਪ ਨਾਲ ਕੀਤਾ ਹੈ। ਗੀਤ ਦੇ ਬੋਲ ਦਿਲ ਨੂੰ ਛੂਹੰਦੇ ਹਨ।"

"ਤੁਹਾਡੇ ਵੱਲ ਦੇਖ ਕੇ ਮੈਨੂੰ ਲੱਗਦਾ ਨਹੀਂ ਤੁਸੀਂ ਕਦੇ ਪਿਆਰ ਵਿਚ ਠੋਕਰ ਖਾਧੀ ਹੋਵੇਗੀ।"

"ਤੁਸੀਂ ਠੀਕ ਕਿਹੈ, ਮੈਂ ਪਿਆਰ ਵਿਚ ਠੋਕਰ ਕਦੇ ਨਹੀਂ ਖਾਧੀ, ਇਸ ਦਰਦ ਦੀ ਥਾਹ ਪਾਉਣਾ ਮੇਰੇ ਲਈ ਮੁਸ਼ਕਿਲ ਹੈ। ਗੀਤ ਦੇ ਬੋਲ ਏਨੇ ਦਰਦ ਭਿੰਨੇ ਹਨ ਕਿ ਮੇਰਾ ਮਨ ਬਦੋਬਦੀ ਉਸ ਕਲਪਿਤ ਪ੍ਰੇਮੀ ਲਈ ਕੁਰਲਾ ਉਠਿਆ, ਜਿਸ ਪਿਆਰ ਦੇ ਮਾਮਲੇ ਵਿਚ ਠੋਕਰ ਖਾਧੀ ਹੋਵੇਗੀ।"

"ਦੂਜੇ ਦਾ ਦਰਦ ਦੇਖ-ਸੁਣ ਕੇ ਜਿਨ੍ਹਾਂ ਦੀ ਆਤਮਾ ਕੁਰਲਾ ਉਠਦੀ ਹੈ, ਉਹ ਬੰਦੇ ਸੰਵੇਦਨਸ਼ੀਲ ਹੁੰਦੇ ਨੇ, ਬਿਲਕੁਲ ਤੁਹਾਡੇ ਜਿਹੇ!" ਜੰਨਤ ਨੇ ਪਹਿਲਾਂ ਤਾਂ ਮੋਹ ਦੀ ਵਰਖਾ ਕਰਦੀਆਂ ਨਜ਼ਰਾਂ ਨਾਲ ਜਤਿਨ ਨੂੰ ਤੱਕਿਆ ਤੇ ਫੇਰ ਹੌਲੀ ਜਿਹੇ ਕਿਹਾ।

ਪਹਿਲਾ ਗਾਣਾ ਖਤਮ ਹੋਣ ਮਗਰੋਂ ਰਿਕਾਰਡਰ 'ਤੇ ਦੂਜਾ ਗਾਣਾ ਸ਼ੁਰੂ ਹੋ ਗਿਆ। ਉਸ ਦੇ ਬੋਲ ਸਨ,

"ਤੁਮ ਅਗਰ ਮੁਝ ਕੋ ਨਾ ਚਾਹੋ
ਤੋ ਕੋਈ ਬਾਤ ਨਹੀਂ।
ਤੁਮ ਕਿਸੀ ਔਰ ਕੋ ਚਾਹੋਗੀ
ਤੋ ਮੁਸ਼ਕਿਲ ਹੋਗੀ।"

"ਵਾਹ! ਅਰੇ ਵਾਹ! ਕਿਆ ਬਾਤ ਹੈ!" ਜਤਿਨ ਨੇ ਗੀਤ ਦੇ ਬੋਲਾਂ ਨੂੰ ਖੁੱਲ੍ਹੇ ਦਿਲ ਨਾਲ ਦਾਦ ਦਿੱਤੀ।

"ਹੌਲੀ, ਬਸ ਵਿਚ ਹੋਰ ਲੋਕ ਵੀ ਬੈਠੇ ਨੇ!" ਜੰਨਤ ਨੇ ਤਾੜਿਆ।

"ਸੱਤ ਬਚਨ ਮਹਾਰਾਜ।"

***"ਤੁਮ ਅਗਰ ਮੁਝ ਕੋ ਨਾ ਚਾਹੋ
ਤੋ ਕੋਈ ਬਾਤ ਨਹੀਂ।
ਤੁਮ ਕਿਸੀ ਔਰ ਕੋ ਚਾਹੋਗੀ
ਤੋ ਮੁਸ਼ਕਿਲ ਹੋਗੀ।"***

"ਪਰ ਇਹਦੇ ਵਿਚ ਏਨਾ ਖੁਸ਼ ਹੋਣ ਵਾਲੀ ਕਿਹੜੀ ਗੱਲ ਹੈ?" ਜਤਿਨ ਨੂੰ ਉਛਲਦਿਆਂ ਦੇਖ ਜੰਨਤ ਨੇ ਸ਼ਬਦ ਬਾਣ ਚਲਾਇਆ।

"ਗੱਲ ਭਾਵੇਂ ਕੋਈ ਨਹੀਂ ਪਰ ਗੀਤ ਦੇ ਬੋਲ ਹੀ ਦਿਲ ਨੂੰ ਛੂਹ ਜਾਣ ਵਾਲੇ ਨੇ।" ਜਤਿਨ ਨੇ ਸਫਾਈ ਦਿੱਤੀ।

"ਤੁਸੀਂ ਘਰ ਨਹੀਂ ਬੈਠੇ, ਬੰਦੇ ਨੂੰ ਆਲੇ-ਦੁਆਲੇ ਦਾ ਖਿਆਲ ਰੱਖਣਾ ਚਾਹੀਦੈ।" ਜੰਨਤ ਦੀ ਨਸੀਹਤ ਸੁਣ ਜਤਿਨ ਚੁਪ ਕਰਕੇ ਗੀਤ ਸੁਣਨ ਲੱਗ ਪਿਆ। ਉਹਨੂੰ ਚੁੱਪ ਬੈਠਾ ਦੇਖ ਜੰਨਤ ਨੂੰ ਚੰਗਾ ਨਹੀਂ ਲੱਗਾ। ਉਸ ਨੇ ਕੂਹਣੀ ਮਾਰਦਿਆਂ ਕਿਹਾ, "ਮੈਂ ਤੁਹਾਨੂੰ ਉਛਲਣ ਤੋਂ ਵਰਜਿਐ, ਮੌਨ ਵਰਤ ਰੱਖਣ ਲਈ ਨਹੀਂ ਕਿਹਾ।"

"ਓਅ! ਮੈਂ ਤਾਂ ਡਰ ਈ ਗਿਆ ਸਾਂ।"

"ਅੱਛਾ?"

"ਹੋਰ ਨਹੀਂ ਤਾਂ ਕੀ!"

"ਘਰ ਵੀ ਏਦਾਂ ਕਰਦੇ ਓ?"

"ਘਰ ਕੀ ਤੇ ਬਾਹਰ ਕੀ, ਜਦ ਥਾਣੇਦਾਰ ਘੁਰਕੀ ਮਾਰਦੈ ਤਾਂ ਵੱਡੇ ਵੱਡਿਆਂ ਦੀ ਹਵਾ ਨਿੱਕਲ ਜਾਂਦੀ ਐ।"

"ਪਰ ਤੁਸੀਂ ਏਨੇ ਵੀ ਸ਼ਰੀਫ ਨਹੀਂ ਲੱਗਦੇ!"

"ਸਹੁੰ ਰੱਬ ਦੀ, ਵੈਸੇ ਮੈਂ ਸ਼ਰੀਫ ਆਦਮੀ ਹਾਂ।"

"ਤੁਸੀਂ ਕਹਿੰਦੇ ਹੋ ਤਾਂ ਮੰਨ ਲੈਂਦੇ ਹਾਂ, ਸ੍ਰੀਮਾਨ ਜਤਿਨ ਜੀ!"

"ਸ਼ੁਕਰੀਆ!"

"ਇਸ ਗਾਣੇ ਨੇ ਮੋਹ ਲਿਆ ਬਈ। ਗੀਤਕਾਰ ਨੇ ਮੇਰੇ ਦਿਲ ਦੀ ਗੱਲ ਕਹੀ ਹੈ!"

"ਤੁਹਾਡਾ ਇਸ਼ਾਰਾ ਕਿਧਰ ਹੈ?"

"ਮਰਨੈ ਮੈਂ, ਇਹ ਦੱਸ ਕੇ!"

"ਜੇ ਇਹ ਕਹਿ ਸਕਦੇ ਹੋ ਕਿ ਗੀਤਕਾਰ ਨੇ ਤੁਹਾਡੇ ਦਿਲ ਦੀ ਗੱਲ ਕੀਤੀ ਹੈ ਤਾਂ ਇਹ ਦੱਸਣ ਵਿਚ ਕੀ ਹਰਜ ਹੈ!"

"ਹਰਜ ਹੈ ਮੈਡਮ ਜੀ, ਹਰਜ ਹੈ! ਜੇ ਮੈਂ ਉਸ ਨਾਜ਼ਨੀਨ ਨੂੰ ਇਹ ਦੱਸ ਦੇਵਾਂ...!"

"ਕੀ ਦੱਸ ਦੇਵਾਂ?" ਜਤਿਨ ਨੂੰ ਵਿਚੋਂ ਟੋਕਦਿਆਂ ਜੰਨਤ ਨੇ ਉਸ ਨੂੰ ਟੋਹਿਆ।

"ਛੱਡੋ ਜੀ, ਤੁਸੀਂ ਕੀ ਲੈਣਾ ਇਹ ਜਾਣ ਕੇ, ਤੁਸੀਂ ਬਸ ਗੀਤ ਦਾ ਮਜ਼ਾ ਲਓ!"

"ਜੇ ਬੰਦਾ ਪਹਿਲਾਂ ਹੀ ਕਿਸੇ ਨਾਲ ਬੱਝ ਚੁਕਾ ਹੋਵੇ, ਬਾਲ ਬੱਚਿਆਂ ਵਾਲਾ ਹੋਵੇ, ਫੇਰ?"

"ਇਸ ਨਾਲ ਕੋਈ ਫਰਕ ਨਹੀਂ ਪੈਂਦਾ!"

"ਉਹ ਕਿੱਦਾਂ?"

"ਪਿਆਰ ਦਾ ਜਜ਼ਬਾ ਦੁਨਿਆਵੀ ਸਬੰਧਾਂ ਦਾ ਮੋਹਤਾਜ ਨਹੀਂ, ਪਿਆਰ ਕਰਨ ਦੀ ਚੀਜ਼ ਹੈ, ਪਿਆਰ ਮਾਣਨ ਦੀ ਚੀਜ਼ ਹੈ। ਦੁਨਿਆਵੀ ਰਿਸ਼ਤੇ ਆਪਣੀ ਥਾਂ ਰਹੇ, ਇਹ ਬੜੀ ਉਚੀ ਚੀਜ਼ ਹੈ!"

"ਪਰ ਜੇ ਤੁਹਾਨੂੰ ਪਤਾ ਲੱਗ ਜਾਵੇ ਕਿ ਤੁਸੀਂ ਜਿਸ ਨੂੰ ਚਾਹੁੰਦੇ ਹੋ ਜਾਂ ਚਾਹੁਣ ਲੱਗ ਪਏ ਹੋ, ਉਹ ਕਿਸੇ ਦੀ ਪਤਨੀ ਹੈ, ਕਿਸੇ ਦੀ ਮਾਂ ਹੈ!"

"ਮੈਂ ਕਿਸੇ ਤੋਂ ਉਹਦੀ ਪਤਨੀ, ਬੱਚਿਆਂ ਤੋਂ ਉਨ੍ਹਾਂ ਦੀ ਮਾਂ ਖੋਹਣ ਦੀ ਗੱਲ ਤਾਂ ਨਹੀਂ ਕੀਤੀ।"

"ਤੁਸੀਂ ਕਰ ਵੀ ਨਹੀਂ ਸਕਦੇ!"

"ਮੈਂ ਸੋਚ ਵੀ ਨਹੀਂ ਸਕਦਾ, ਕਰਨਾ ਤਾਂ ਇਕ ਪਾਸੇ ਰਿਹਾ!"

"ਹੁਣ ਕੀ ਕਹਿ ਰਹੇ ਸੀ, ਗਾਣੇ ਦੇ ਬੋਲ ਸੁਣ ਕੇ?"

"ਘੱਟੋ ਘੱਟ ਇਹ ਗੱਲ ਤਾਂ ਮੈਂ ਨਹੀਂ ਕੀਤੀ!"

"ਚਲੋ, ਮੰਨ ਲਿਆ। ਜੇ ਕੋਈ ਤੁਹਾਨੂੰ ਦਿਲ ਦੇ ਬੈਠੇ?"

"ਉਹਨੂੰ ਕੋਈ ਨੁਕਸਾਨ ਨਹੀਂ ਹੋਣ ਲੱਗਾ!"

"ਉਹ ਕਿਵੇਂ?"

"ਅਸੀਂ ਕੋਈ ਗਲਤ ਗੱਲ ਕਰਨੀ ਹੀ ਨਹੀਂ, ਨਾ ਬਈ ਨਾ!" ਉਸ ਕੰਨਾਂ ਨੂੰ ਹੱਥ ਲਾਏ। ਉਹਦੀ ਅਦਾ ਦੇਖ ਜੰਨਤ ਦਾ ਹਾਸਾ ਨਿਕਲ ਗਿਆ।

"ਸ੍ਰੀਮਾਨ ਜਤਿਨ ਜੀ, ਮੈਨੂੰ ਇਕ ਗੱਲ ਦੱਸੋ, ਮੰਨ ਲਓ ਤੁਸੀਂ ਹੁਣ ਵਾਲੀ ਚੜ੍ਹਦੀ ਜਵਾਨੀ ਭਾਵ ਨੌਜਵਾਨੀ ਵਿਚ ਨਹੀਂ ਹੋ, ਜਵਾਨੀ ਦੇ ਅਸਲ ਦਿਨ ਸ਼ੁਰੂ ਹੋ ਚੁਕੇ ਹਨ। ਤੁਹਾਡਾ ਵਿਆਹ ਨਹੀਂ ਹੋਇਆ। ਬਾਲ ਬੱਚਿਆਂ ਦਾ ਸਵਾਲ ਈ ਪੈਦਾ ਨਹੀਂ ਹੁੰਦਾ। ਜੇ ਤੁਸੀਂ ਕਿਸੇ ਨੂੰ ਦਿਲ ਦੇ ਬਹਿੰਦੇ ਹੋ ਪਰ ਉਹ ਕਿਸੇ ਹੋਰ ਨੂੰ ਚਾਹੁੰਦੀ ਹੈ। ਉਸ ਹਾਲਤ ਵਿਚ ਤੁਸੀਂ ਕੀ ਕਰੋਗੇ?"

"ਜੇ ਉਹ ਕਿਸੇ ਹੋਰ ਨੂੰ ਚਾਹੁੰਦੀ ਹੈ ਤਾਂ ਮੈਂ ਕੀ ਕਰਾਂਗਾ? ਪਹਿਲੀ ਗੱਲ ਜੇ ਮੇਰਾ ਪਿਆਰ ਸ਼ੁਰੂ ਨਹੀਂ ਹੋਇਆ ਤਾਂ ਬਿਨਾ ਮਤਲਬ ਦੂਜੇ ਦੇ ਮਾਮਲੇ ਵਿਚ ਟੰਗ ਅੜਾਉਣ ਵਾਲਾ ਮੈਂ ਕੌਣ ਹੁੰਨਾ? ਜੇ ਪਿਆਰ ਪੈ ਜਾਣ ਤੋਂ ਬਾਅਦ ਇਹੋ ਜਿਹਾ ਕੁਝ ਹੋ ਜਾਂਦਾ ਤਾਂ ਥੋੜ੍ਹੀ ਮੁਸ਼ਕਲ ਜ਼ਰੂਰ ਹੋ ਜਾਂਦੀ। ਮੈਂ ਝੂਠ ਨਹੀਂ ਬੋਲਦਾ।" ਜਤਿਨ ਨੇ ਭੋਲੇਪਨ ਵਿਚ ਕਹਿ ਦਿੱਤਾ।

"ਪਰ ਪਿਆਰ ਤਾਂ ਦੋਹੀਂ ਪਾਸੇ ਹੋਣਾ ਚਾਹੀਦਾ ਹੈ?" ਜੰਨਤ ਨੇ ਉਸ ਨੂੰ ਹੋਰ ਟੋਹਣ ਦੇ ਮੰਤਵ ਨਾਲ ਪੁੱਛਿਆ।

"ਤੁਸੀਂ ਠੀਕ ਕਹਿੰਦੇ ਹੋ, ਇਕਪਾਸੜ ਪਿਆਰ ਨਿਰਾ ਧੋਖਾ ਹੁੰਦਾ ਏ। ਆਪਣੇ ਆਪ ਨੂੰ ਧੋਖੇ ਵਿਚ ਰੱਖਣਾ, ਇਹ ਕੋਈ ਚੰਗੀ ਗੱਲ ਤਾਂ ਨਹੀਂ। ਪਰ ਜੇ ਬੰਦੇ ਤੋਂ ਨਾਂਹ ਨਾਂਹ ਕਰਦੇ ਵੀ ਇਹੋ ਜਿਹੀ ਬੇਵਕੂਫੀ ਹੋ ਜਾਂਦੀ ਹੈ ਤਾਂ ਦਿਲ ਨੂੰ ਸਮਝਾਉਣਾ ਚਾਹੀਦਾ ਹੈ!"

"ਮਤਲਬ, ਤੁਸੀਂ ਪਿੱਛੇ ਹਟ ਜਾਂਦੇ?"

"ਕਿਸੇ ਬੰਦੇ ਦੇ ਤੁਹਾਡੇ ਜੀਵਨ ਵਿਚ ਆਉਣ ਜਾਂ ਨਾ ਆਉਣ ਨਾਲ ਜੀਵਨ ਦੀ ਗੱਡੀ ਰੁਕ ਨਹੀਂ ਜਾਂਦੀ, ਇਹ ਚਲਦੀ ਰਹਿੰਦੀ ਹੈ!" ਜਤਿਨ ਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ।

"ਪਰ ਤੁਸੀਂ ਉਸ ਨੂੰ ਆਪਣੇ ਪਿਆਰ ਦੀ ਦੁਹਾਈ ਤਾਂ ਦੇ ਈ ਸਕਦੇ ਹੋ!"

"ਕਾਹਦੇ ਲਈ?"

"ਪਿਆਰ ਲਈ!"

"ਜਿਹੜਾ ਪਿਆਰ ਮੇਰਾ ਨਹੀਂ, ਕਿਸੇ ਹੋਰ ਦਾ ਏ, ਉਸ ਤੋਂ ਲਾਂਭੇ ਹਟ ਜਾਣ ਵਿਚ ਈ ਸਿਆਣਪ ਏ!" ਜਤਿਨ ਨੇ ਦਾਨੀ ਗੱਲ ਕੀਤੀ।

"ਤੁਹਾਡੇ ਉਚੇ-ਸੁੱਚੇ ਵਿਚਾਰ ਸੁਣ ਕੇ ਚੰਗਾ ਲੱਗਾ!"

'ਜੀਵਨ ਕੇ ਦੋ ਪਹਿਲੂ ਹੈਂ
ਹਰਿਆਲੀ ਔਰ ਰਾਸਤਾ।'

"ਲੈ ਗੱਲਾਂ ਵਿਚ ਪਤਾ ਈ ਨਹੀਂ ਲੱਗਾ, ਏਧਰ ਨਵਾਂ ਗਾਣਾ ਸ਼ੁਰੂ ਹੋ ਚੁਕੈ ਤੇ ਅਸੀਂ ਪਹਿਲੇ ਮਗਰ ਈ ਲੱਗੇ ਹੋਏ ਹਾਂ!" ਨਵੇਂ ਗਾਣੇ ਦੇ ਬੋਲ ਕੰਨਾਂ ਵਿਚ ਪਏ ਤਾਂ ਜਤਿਨ ਬੋਲ ਪਿਆ।

"ਗਾਣਾ ਇਹ ਵੀ ਚੰਗੈ!"

"ਓਏ ਹੋਏ ਹੋਏ! 'ਜੀਵਨ ਕੇ ਦੋ ਪਹਿਲੂ ਹੈਂ, ਹਰਿਆਲੀ ਔਰ ਰਾਸਤਾ' ਗੱਲ ਤਾਂ ਠੀਕ ਹੈ। ਮੈਥੋਂ ਚੰਗੀ ਤਰ੍ਹਾਂ ਹੋਰ ਕੌਣ ਜਾਣ ਸਕਦੈ।"

"ਕਿਉਂ ਤੁਸੀਂ ਕੋਈ ਖਾਸ ਹੋ?"

"ਖਾਸ ਕੀ ਹੁੰਦਾ, ਮੈਂ ਨਹੀਂ ਜਾਣਦਾ, ਮੈਂ ਜਿਹੋ ਜਿਹਾ ਹਾਂ ਠੀਕ ਹਾਂ।"

"ਤੁਹਾਡੀ ਗੱਲ ਤੋਂ ਲੱਗਦਾ ਹੈ, ਤੁਸੀਂ ਜੀਵਨ ਵਿਚ ਬਹੁਤੀ ਖੁਸ਼ੀ ਨਹੀਂ ਦੇਖੀ।"

"ਜੱਗੋਂ ਬਾਹਰਾ ਦੁੱਖ ਵੀ ਤਾਂ ਨਹੀਂ ਦੇਖਿਆ। ਸਾਡੇ ਜਿਹੀ ਹੈਸੀਅਤ ਦੇ ਬੰਦੇ ਲਈ ਏਨਾ ਹੀ ਕਾਫੀ ਹੈ!"

"ਫੇਰ ਵੀ ਤੁਸੀਂ ਇਹ ਗਾਣਾ ਸੁਣ ਕੇ ਝੂਮ ਉਠੇ ਹੋ!" ਜੰਨਤ ਨੇ ਚੁਟਕੀ ਲਈ।

"ਕਿਉਂਕਿ ਗੀਤਕਾਰ ਨੇ ਜੀਵਨ ਦੀ ਹਕੀਕਤ ਬਿਆਨ ਕੀਤੀ ਹੈ।"

"ਜ਼ਰਾ ਖੁਲ੍ਹ ਕੇ ਦੱਸੋਗੇ, ਪਲੀਜ਼!"

"ਜੀਵਨ ਦੇ ਇਹੋ ਦੋ ਪਹਿਲੂ ਨੇ ਮੈਡਮ। ਮੈਂ ਭਾਵੇਂ ਬਹੁਤੀ ਹਰਿਆਲੀ ਨਹੀਂ ਦੇਖੀ, ਪਰ ਦੇਖੀ ਤਾਂ ਹੈ। ਰਹੀ ਰਸਤੇ ਦੀ ਗੱਲ, ਸਾਰੇ ਲੋਕ ਰਸਤੇ ਦੇਖਦੇ ਹਨ-ਚੰਗੇ ਵੀ ਤੇ ਮਾੜੇ ਵੀ। ਇਹ ਸਾਡੀ ਸਾਰਿਆਂ ਦੀ ਹੋਣੀ ਹੈ। ਰਸਤੇ ਸਾਨੂੰ ਬਹੁਤ ਕੁਝ ਸਿਖਾ ਦਿੰਦੇ ਹਨ, ਆਦਮੀ ਧੱਕੇ ਖਾ ਕੇ ਈ ਬਣਦੈ, ਇਹ ਇਸ ਦਾ ਚੰਗਾ ਪਹਿਲੂ ਹੈ।"

"ਬਹੁਤ ਖੂਬ! ਗੱਲ ਨੂੰ ਮੋੜ ਚੰਗਾ ਦੇ ਲੈਂਦੇ ਹੋ! ਸਾਫ-ਸਾਫ ਕਿਉਂ ਨਹੀਂ ਕਹਿੰਦੇ ਮੈਂ ਹਰਿਆਲੀ ਨਹੀਂ ਦੇਖੀ, ਸੜਕਾਂ 'ਤੇ ਧੱਕੇ ਖਾਧੇ ਨੇ!"

"ਸੜਕਾਂ 'ਤੇ ਧੱਕੇ ਕੌਣ ਨਹੀਂ ਖਾਂਦਾ? ਦੂਜੀ ਗੱਲ, ਮੈਂ ਤਾਂ ਹੁਣ ਵੀ ਹਰਿਆਲੀ ਮਾਣ ਰਿਹਾਂ!"

ਜਤਿਨ ਕੀ ਕਹਿਣਾ ਚਾਹੁੰਦਾ ਹੈ, ਜੰਨਤ ਸਮਝ ਤਾਂ ਗਈ ਪਰ ਫੇਰ ਵੀ ਉਹਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ, "ਉਹ ਕਿੱਦਾਂ?"

"ਦੇਖੋ, ਏਨੀ ਖੂਬਸੂਰਤ, ਏਨੀ...।"

"ਬਸ ਬਸ ਰਹਿਣ ਦਿਓ, ਚੁੱਪ ਕਰ ਜਾਓ ਹੁਣ ਹੋਰ ਨਹੀਂ ਬੋਲਣਾ। ਇਥੇ ਅਸੀਂ ਇਕੱਲੇ ਕਾਹਤੇ ਨਹੀਂ ਬੈਠੇ!" ਜੰਨਤ ਨੇ ਉਸ ਨੂੰ ਤਾੜ ਦਿੱਤਾ

***"ਜੀਵਨ ਦੇ ਇਹੋ ਦੋ ਪਹਿਲੂ ਨੇ ਮੈਡਮ। ਮੈਂ ਭਾਵੇਂ ਬਹੁਤੀ ਹਰਿਆਲੀ ਨਹੀਂ ਦੇਖੀ, ਪਰ ਦੇਖੀ ਤਾਂ ਹੈ। ਰਹੀ ਰਸਤੇ ਦੀ ਗੱਲ, ਸਾਰੇ ਲੋਕ ਰਸਤੇ ਦੇਖਦੇ ਹਨ-ਚੰਗੇ ਵੀ ਤੇ ਮਾੜੇ ਵੀ। ਇਹ ਸਾਡੀ ਸਾਰਿਆਂ ਦੀ ਹੋਣੀ ਹੈ। ਰਸਤੇ ਸਾਨੂੰ ਬਹੁਤ ਕੁਝ ਸਿਖਾ ਦਿੰਦੇ ਹਨ, ਆਦਮੀ ਧੱਕੇ ਖਾ ਕੇ ਈ ਬਣਦੈ, ਇਹ ਇਸ ਦਾ ਚੰਗਾ ਪਹਿਲੂ ਹੈ।"***

ਪਰ ਉਸ ਦੀ ਗੱਲ ਤੋਂ ਖੁਸ਼ ਹੋਏ ਬਿਨਾ ਨਹੀਂ ਰਹੀ।

"ਜੇ ਕਹੋ ਤਾਂ ਗਾਣੇ ਨੂੰ ਮਾਣ ਲਵਾਂ!" ਜਤਿਨ ਨੇ ਗੱਲ ਦੂਜੇ ਪਾਸੇ ਪਾਉਣ ਦਾ ਯਤਨ ਕੀਤਾ।

"ਜ਼ਰੂਰ, ਅਸੀਂ ਏਨਾ ਚੰਗਾ ਕੰਮ ਕਰਨ ਤੋਂ ਰੋਕ ਕਿਵੇਂ ਸਕਦੇ ਹਾਂ, ਤੁਸੀਂ ਗਾਣਾ ਐਂਜਵਾਏ ਕਰੋ ਪਲੀਜ਼!"

"ਤੇ ਤੁਸੀਂ?"

"ਮੈਂ ਕਿਹੜਾ ਕੰਨ ਬੰਦ ਕੀਤੇ ਨੇ। ਹਾਂ, ਤੁਹਾਡੇ ਵਾਂਗ ਉਛਲ ਨਹੀਂ ਰਹੀ!"

"ਕਿਤੇ ਇਹ ਨਾ ਕਹਿਣਾ ਕਿ ਹਰਿਆਲੀ ਤੁਹਾਡੇ ਜੀਵਨ ਵਿਚ ਵੀ ਨਹੀਂ ਆਈ!" ਜਤਿਨ ਨੇ ਵਿਚੋਂ ਟੋਕਿਆ।

"ਥੋੜ੍ਹੀ ਬਹੁਤ ਹਰਿਆਲੀ ਤਾਂ ਮਾਣੀ ਹੀ ਹੈ!"

"ਕਦੇ ਹਰਿਆਲੀ ਵੀ ਹਰਿਆਲੀ ਨੂੰ ਮਾਣਦੀ ਹੈ?"

"ਫੇਰ ਉਹੋ ਗੱਲ, ਕਿਹਾ ਨਾ ਅਸੀਂ...!"

"ਸਮਝ ਗਿਆ ਮੈਡਮ ਸਮਝ ਗਿਆ, ਅੱਗੇ ਹੋਰ ਕੁਝ ਕਹਿਣ ਦੀ ਲੋੜ ਨਹੀਂ!"

"ਚਲੋ ਸਮਝਦਾਰ ਨੂੰ ਇਸ਼ਾਰਾ ਹੀ ਕਾਫੀ ਹੁੰਦੈ!"

"ਤੁਸੀਂ ਇਸ ਬੰਦੇ ਨੂੰ ਸਮਝਦਾਰ ਮੰਨਿਆ, ਧੰਨਵਾਦੀ ਹਾਂ ਇਸ ਕਿਰਪਾ ਲਈ!"

ਏਨੇ ਨੂੰ ਰਿਕਾਰਡਰ 'ਤੇ ਨਵਾਂ ਗਾਣਾ ਵੱਜਣ ਲੱਗਾ,

ਏ ਭਾਈ ਜ਼ਰਾ ਦੇਖ ਕੇ ਚਲੋ
ਆਗੇ ਹੀ ਨਹੀਂ ਪੀਛੇ ਭੀ
ਊਪਰ ਹੀ ਨਹੀਂ ਨੀਚੇ ਭੀ
ਦਾਏਂ ਹੀ ਨਹੀਂ ਬਾਏਂ ਭੀ।

"ਮੈਂ ਇਹੋ ਕਹਿਣਾ ਸੀ। ਆਪਣੇ ਅੱਗੇ-ਪਿੱਛੇ, ਖੱਬੇ-ਸੱਜੇ ਦੇਖੋ। ਚੰਗੇ ਰਹੋਗੇ।" ਜੰਨਤ ਨੇ ਗਾਣੇ ਦੇ ਬਹਾਨੇ ਸਿਆਣਪ ਦੀ ਗੱਲ ਸਮਝਾਈ।

"ਏਨੀ ਚੰਗੀ ਤੇ ਸਿਆਣੀ ਗੱਲ ਕਰਨ ਲਈ ਧੰਨਵਾਦ!"

"ਉਹਦੀ ਲੋੜ ਨਹੀਂ, ਬਸ ਜੋ ਕਿਹੈ ਉਹਨੂੰ ਜੀਵਨ ਵਿਚ ਉਤਾਰ ਲਵੋ, ਤੁਹਾਡਾ ਕਲਿਆਣ ਹੋਵੇਗਾ!" ਜੰਨਤ ਨੇ ਸਿਆਣਿਆਂ ਵਾਂਗ ਮੱਤ ਦਿੰਦਿਆਂ ਕਿਹਾ।

"ਜੋ ਹੁਕਮ ਮੇਰੇ ਆਕਾ!"

"ਕੌਣ ਆਕਾ ਤੇ ਕਿਸ ਦਾ ਆਕਾ, ਇਥੇ ਤਾਂ ਸਭ ਰੋਟੀਆਂ ਕਾਰਨ ਪੂਰੇ ਤਾਲ ਐ। ਰੋਟੀ ਲਈ ਅੰਨੀ ਦੌੜ, ਬੰਦਾ ਮਾਰਿਆ ਮਾਰਿਆ ਫਿਰ ਰਿਹੈ, ਸਭ ਆਪੋ ਆਪਣੀ ਥਾਂ ਮਜਬੂਰੀਆਂ-ਲਾਚਾਰੀਆਂ ਦੇ ਭੰਨੇ।" ਬੋਲਦਿਆਂ ਜੰਨਤ ਦਾ ਸੁਰ ਥੋੜ੍ਹਾ ਗੰਭੀਰ ਹੋ ਗਿਆ।

"ਛੱਡੋ ਜੀ ਚਿੰਤਾ-ਫਿਕਰਾਂ ਦੀਆਂ ਗੱਲਾਂ ਨੂੰ। ਘਰ ਜਾ ਕੇ ਇਹੋ ਕੁਝ ਦੇਖਣਾ ਸੁਣਨਾ। ਆਹ ਜਿਹੜੀਆਂ ਦੋ ਘੜੀਆਂ ਮਿਲੀਆਂ ਨੇ, ਜਿੰਨਾ ਹੋ ਸਕੇ ਉਨ੍ਹਾਂ ਨੂੰ ਮਾਣ ਲਈਏ ਤਾਂ ਚੰਗਾ ਹੈ।" ਜੰਨਤ ਦੀ ਗੱਲ ਨਾਲ ਸਹਿਮਤ ਹੁੰਦਿਆਂ ਵੀ ਜਤਿਨ ਨੇ ਧਿਆਨ ਦੂਜੇ ਪਾਸੇ ਲਾਉਣ ਦਾ ਯਤਨ ਕੀਤਾ।

"ਮੈਂ ਜਦੋਂ ਇਹ ਗਾਣਾ ਸੁਣਦੀ ਹਾਂ ਤਾਂ ਰਾਜ ਕਪੂਰ ਬਦੋਬਦੀ ਯਾਦ ਆ ਜਾਂਦਾ ਏ। ਉਸ ਜੋਕਰ ਦੀ ਭੂਮਿਕਾ ਵਿਚ ਜਾਨ ਪਾ ਦਿੱਤੀ ਸੀ। ਜੋਕਰ ਦਾ ਉਪਰੋਂ ਉਪਰੋਂ ਹੱਸਣਾ, ਦੂਜਿਆਂ ਨੂੰ ਖੁਸ਼ ਕਰਨਾ ਪਰ ਅੰਦਰੋਂ, ਕੁਝ ਨਾ ਪੁੱਛੋ!"

"ਇਹੋ ਅਸਲ ਜੀਵਨ ਹੈ। ਜੋਕਰ ਦੀ ਮਾਂ ਸਰਕਸ ਵਿਚ ਉਹਨੂੰ ਵੱਡੀ ਛਾਲ ਮਾਰਦਿਆਂ ਦੇਖ ਪੰਡਾਲ ਵਿਚ ਹੀ ਦਮ ਤੋੜ ਦਿੰਦੀ ਹੈ, ਜੋਕਰ ਲਈ ਜੀਵਨ ਦਾ ਸਭ ਤੋਂ ਵੱਡਾ ਦੁੱਖ, ਪਰ ਦੁੱਖ ਦੀ ਏਸ ਔਖੀ ਘੜੀ ਵਿਚ ਵੀ ਉਹ ਆਪਣੇ ਕੰਮ ਤੋਂ ਮੂੰਹ ਨਹੀਂ ਮੋੜ ਸਕਦਾ।"

"ਜੋ ਦਿਸਦਾ ਹੈ, ਉਹ ਹੁੰਦਾ ਨਹੀਂ ਤੇ ਜੋ ਹੁੰਦਾ ਹੈ, ਉਹ ਦਿਸਦਾ ਨਹੀਂ।"

"ਕਈ ਵਾਰ ਤਾਂ ਮੈਨੂੰ ਸ਼ੱਕ ਜਿਹਾ ਹੋਣ ਲਗਦਾ ਕਿ ਸੱਚੀ ਮੁੱਚੀ ਅਸੀਂ ਮਨੁੱਖੀ ਜੂਨ ਭੋਗ ਰਹੇ ਹਾਂ! ਇਹੋ ਜਿਹੇ ਹਮਾਤੜ ਸਾਥ ਬੰਦਿਆਂ ਦੀ ਇਸ ਦੁਨੀਆਂ ਵਿਚ ਕੋਈ ਕਮੀ ਨਹੀਂ ਜਿਹੜੇ ਅਸਲੋਂ ਨਰਕ ਭੋਗਦੇ ਹਨ। ਉਨ੍ਹਾਂ ਦੇ ਅਤੇ ਜਾਨਵਰਾਂ ਦੇ ਜੀਵਨ ਵਿਚ ਬਹੁਤਾ ਅੰਤਰ ਦਿਖਾਈ ਨਹੀਂ ਦਿੰਦਾ।"

"ਮੈਡਮ ਤੁਸੀਂ ਠੀਕ ਕਿਹੈ। ਅੰਤਾਂ ਦੀ ਗਰੀਬੀ ਦੀ ਚੱਕੀ ਵਿਚ ਪਿਸ ਰਿਹਾ ਬੰਦਾ ਦੋਪਾਯਾ ਜਾਨਵਰ ਹੀ ਤਾਂ ਹੁੰਦਾ। ਉਹਨੂੰ ਕੀ ਚੰਗਾ ਲੱਗਦਾ ਹੈ, ਕੀ ਨਹੀਂ, ਇਹ ਜਾਣਨ ਲਈ ਕਿਸੇ ਕੋਲ ਸਮਾਂ ਹੀ ਨਹੀਂ ਤੇ ਜੇ ਥੋੜ੍ਹਾ ਬਹੁਤ ਸਮਾਂ ਹੋਵੇ ਵੀ ਤਾਂ ਉਹ ਇਸ ਪਾਸੇ ਦੇਖਣਾ ਨਹੀਂ ਚਾਹੁੰਦਾ। ਕੂੜੇ ਦੇ ਢੇਰਾਂ 'ਤੇ ਆਪਣੇ 'ਕੰਮ' ਦੀਆਂ ਰੱਦੀ ਵਸਤਾਂ ਇਕੱਠੀਆਂ ਕਰਨ ਵਾਲੇ ਲੋਕਾਂ ਨੂੰ ਹੀ ਦੇਖ ਲਓ, ਮੈਂ ਤਾਂ ਕਈ ਵਾਰ ਇਨ੍ਹਾਂ ਨੂੰ ਦੇਖ ਸੋਚਣ ਲੱਗ ਜਾਂਦਾ ਹਾਂ ਕਿ ਇਹ ਲੋਕ ਵੀ ਮਨੁੱਖ ਹੁੰਦੇ ਹਨ?"

ਜਤਿਨ ਨੂੰ ਗੰਭੀਰ ਹੁੰਦਿਆਂ ਦੇਖ ਜੰਨਤ ਨੇ ਆਪਸ ਵਿਚ ਚੋਹਲ-ਮੋਹਲ ਕਰ ਰਹੇ ਜੋੜੇ ਵੱਲ ਇਸ਼ਾਰਾ ਕਰਦਿਆਂ ਹੌਲੀ ਜਿਹੇ ਕਿਹਾ, "ਇਸੇ ਲਈ ਤਾਂ ਮੈਂ ਕਹਿੰਦੀ ਹਾਂ, ਏ ਭਾਈ ਜ਼ਰਾ ਦੇਖ ਕੇ ਚਲੋ।"

"ਘੱਟੋ ਘੱਟ ਇਹ ਜੀਵਨ ਨੂੰ ਮਾਣ ਤਾਂ ਰਹੇ

(ਬਾਕੀ ਅਗਲੇ ਸਫੇ 'ਤੇ)

# ਦੋਸਤੀ ਦੇ ਦਰਿਆ

## ਜ਼ਿੰਦਗੀ ਦਾ ਨਾਦ

***ਡਾ. ਗੁਰਬਖ਼ਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਉਨ੍ਹਾਂ ਪਿੰਡਾਂ ਵਿਚ ਜੰਮੇ-ਪਲੇ ਪਾਠਕਾਂ ਨੂੰ ਪਿੰਡ ਦੀਆਂ ਨਿਆਮਤਾਂ ਚੇਤੇ ਕਰਵਾਈਆਂ ਸਨ ਕਿ ਖੂਹ ਦੇ ਔਲੂ 'ਚ ਕੋਸੇ ਪਾਣੀਆਂ ਵਿਚ ਲਾਈਆਂ ਡੁਬਕੀਆਂ ਦਾ ਕਿਵੇਂ ਘਰਾਂ ਦੀਆਂ ਟੂਟੀਆਂ 'ਚੋਂ ਟਪਕਦੇ ਪਾਣੀ ਸੰਗ ਇਸ਼ਨਾਨ ਦਾ ਮੁਕਾਬਲਾ ਕਰਦਾ ਹੋਵੇਗਾ? ਡਾ. ਭੰਡਾਲ ਨੇ ਦੱਸਿਆ ਸੀ ਕਿ ਆਸ ਵਿਹੂਣੇ ਮਨੁੱਖ, ਤਿੜਕੀ ਜ਼ਿੰਦਗੀ ਦੇ ਮਨਹੂਸ ਖੰਡਰਾਤ ਹੁੰਦੇ ਨੇ, ਜਿਨ੍ਹਾਂ ਲਈ ਜੀਵਨ, ਸੁੱਕਣੇ ਪਏ ਸਾਹਾਂ ਦੀ ਹਟਕੋਰੇ ਭਰਦੀ ਲੋਅ ਹੁੰਦਾ ਏ। ਪਿਛਲੇ ਲੇਖ ਵਿਚ ਉਨ੍ਹਾਂ ਨਸੀਹਤ ਦਿੱਤੀ ਸੀ ਕਿ ਸੰਦਲੀ ਰੁੱਤ ਦੀ ਦਹਿਲੀਜ਼ 'ਤੇ ਪੈਰ ਧਰਨ ਵਾਲਿਉ, ਇਸ ਰਿਸ਼ਤੇ 'ਚ ਬੱਝਣ ਵੇਲੇ, ਮਖੌਟੇ ਉਤਾਰ ਦੇਵੋ, ਮਨ ਦੀਆਂ ਕਾਲਖੀ ਪਰਤਾਂ ਨੂੰ ਚਾਨਣ ਸੰਗ ਧੋਵੋ, ਇਕ ਦੂਜੇ ਦੇ ਸਾਹਾਂ ਦੀ ਮਹਿਕ ਦਾ ਸਿਰਨਾਵਾਂ ਬਣੋ। ਹਥਲੇ ਲੇਖ ਵਿਚ ਮਿੱਤਰਤਾ ਦੀ ਗੱਲ ਕਰਦਿਆਂ ਕਿਹਾ ਹੈ ਕਿ ਮਿੱਤਰਤਾ 'ਚ ਮੋੜ-ਮੁੜਾਈ ਨਹੀਂ ਹੁੰਦੀ ਅਤੇ ਨਾ ਹੀ ਬਾਣੀਏ ਦੇ ਵਹੀ-ਖਾਤੇ ਵਾਂਗੂੰ ਜੋੜ-ਘਟਾਉ ਵਰਗੀਆਂ ਮਾਨਸਿਕ ਗੁੰਝਲਾਂ 'ਚੋਂ ਗੁਜਰਨ ਦੀ ਲੋੜ ਹੁੰਦੀ ਏ। -ਸੰਪਾਦਕ***

ਦੋਸਤ ਉਹ ਸ਼ਖਸ ਹੁੰਦਾ ਏ, ਜੋ ਤੁਹਾਡੇ ਸਾਹਾਂ 'ਚ ਰਚਿਆ ਸਾਹ ਹੋਵੇ, ਹਨੇਰਿਆਂ 'ਚ ਰਾਹ ਬਣਾਉਂਦੀ ਰੋਸ਼ਨ-ਰਾਹ ਹੋਵੇ, ਤੁਹਾਡੇ ਮੁਖੜੇ 'ਤੇ ਖੇਡਦੀ ਉਸ ਦੀ ਸੁਨਹਿਰੀ ਭਾਅ ਹੋਵੇ ਅਤੇ ਉਸ ਦੇ ਬੋਲਾਂ 'ਚ ਰਚੀ ਤੁਹਾਡੇ ਲਈ ਦੁਆ ਹੋਵੇ।

ਮਿੱਤਰਤਾ ਦੀ ਮਸ਼ਾਲ ਨਾਲ ਸਾਡਾ ਚੁਫੇਰਾ ਜਗਮਗਾਉਂਦਾ ਏ, ਕੋਸੇ-ਕੋਸੇ ਸਾਹਾਂ ਵਰਗੀ ਸਾਂਝ ਦਾ ਅਹਿਸਾਸ ਉਪਜਾਉਂਦਾ ਏ ਅਤੇ ਸਦੀਵੀ ਮੋਹ ਦਾ ਚੌਮੁਖੀਆ ਦੀਵਾ, ਸਾਡੀ ਸਰਦਲ 'ਤੇ ਜਗਾਉਂਦਾ ਏ।

ਦੋਸਤੀ ਦੇ ਦਾਇਰੇ ਸੀਮਤ ਹੁੰਦੇ ਨੇ ਭਾਵੇਂ ਜਾਣ-ਪਛਾਣ ਵਾਲਿਆਂ ਦੀ ਭੀੜ ਤੁਹਾਡੇ ਦੁਆਲੇ ਬਥੇਰੀ ਹੁੰਦੀ ਹੈ।



ਹਰ ਜਾਣੂੰ ਨੂੰ ਦੋਸਤ ਨਹੀਂ ਬਣਾਇਆ ਜਾ ਸਕਦਾ ਅਤੇ ਨਾ ਹੀ ਹਰੇਕ ਵਿਅਕਤੀ ਦੋਸਤ ਬਣਨ ਦੇ ਕਾਬਲ ਹੁੰਦਾ ਏ। ਵਿਚਾਰਾਂ ਦੀ ਸਾਂਝ, ਸਮਾਨੰਤਰ ਪਰਿਵਾਰਕ ਪਿਛੋਕੜ, ਸੁਹਿਰਦਤਾ, ਸਪੱਸ਼ਟਤਾ ਅਤੇ ਸੰਤੁਲਿਤ ਸ਼ਖਸੀਅਤ, ਦੋਸਤੀ ਦੀਆਂ ਨੀਂਹਾਂ ਹੁੰਦੇ ਨੇ, ਜਿਨ੍ਹਾਂ 'ਤੇ ਸਦੀਵੀ ਸਾਂਝ ਦੇ ਧੌਲਰ, ਦੋਸਤ ਵਰਗਾ ਉਤਮ ਦਰਜਾ ਪ੍ਰਾਪਤ ਕਰਨ ਦੇ ਸਮਰੱਥ ਹੁੰਦੇ ਹਾਂ। ਪ੍ਰਚਲਿਤ ਦੋਸਤੀ ਤਾਂ ਨਿਜੀ ਮੁਫਾਦ ਦੀ ਕਰਮਭੂਮੀ 'ਤੇ ਉਸਾਰੀ ਹੋਈ ਖੋਖਲੀ ਦੀਵਾਰ ਹੁੰਦੀ ਏ, ਜਿਹੜੀ ਦੁੱਖ, ਕਸ਼ਟ ਜਾਂ ਔਖਾ ਸਮਾਂ ਆਉਣ 'ਤੇ ਆਪਣੀ ਹੋਂਦ ਤੋਂ ਵੀ ਮੁੱਕਰ ਜਾਂਦੀ ਹੈ।

ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਦੋਸਤੀ ਦੇ ਦਰਵਾਜੇ ਬੜੇ ਬੁਲੰਦ ਹੁੰਦੇ ਨੇ, ਜਿਹੜੇ ਜੀਵਨ ਦੇ ਹਰੇਕ ਰੰਗ ਨੂੰ ਜੀ ਆਇਆਂ ਕਹਿੰਦੇ, ਅਪਣੱਤ ਦਾ ਪਲੰਘ ਵਿਹੜੇ 'ਚ ਡਾਹੁੰਦੇ ਨੇ, ਕਰੂਰ ਹਕੀਕਤਾਂ ਨਾਲ ਸੰਵਾਦ ਰਚਾਉਂਦੇ ਨੇ ਅਤੇ ਆਪਸੀ ਮੋਹ ਦੀਆਂ ਪੀਡੀਆਂ ਗੰਢਾਂ 'ਚ ਬੰਨੇ ਹੋਏ, ਨਰੋਏ ਜੀਵਨ ਜਾਚ ਦੀ ਜਾਚਨਾ ਕਰਦੇ ਨੇ।

ਦੋਸਤੀ ਦੇ ਦਿਸਹੱਦੇ ਬਹੁਤ ਉਚੇਰੇ ਹੁੰਦੇ ਨੇ, ਜਿਨ੍ਹਾਂ 'ਤੇ ਪਹੁੰਚਣ ਲਈ ਬਿਖੜੇ ਪੈਂਡਿਆਂ 'ਤੇ ਆਪਣੀਆਂ ਪੈੜਾਂ ਦੇ ਨਿਸ਼ਾਨ ਉਕਰਨੇ ਪੈਂਦੇ ਨੇ, ਭੁੱਖ ਤੇ ਪਿਆਸ ਦੀ ਕਸਵੱਟੀ 'ਤੇ ਖਰਾ ਉਤਰਨਾ ਪੈਂਦਾ ਏ ਅਤੇ ਉਮਰਾਂ ਵਰਗਾ ਲੰਮੇਰਾ ਸਾਥ ਨਿਭਾਉਣ ਦੀ ਧਾਰਨਾ ਮਨ 'ਚ ਪਾਲਣੀ ਪੈਂਦੀ ਏ।

ਦੋਸਤੀਆਂ ਦੇ ਦਾਈਏ ਬੰਨਣ ਵਾਲੇ ਦਰਅਸਲ ਕਈ ਵਾਰ ਦੋਸਤੀ ਦੇ ਅਰਥਾਂ ਤੋਂ ਅਣਜਾਣ, ਸ਼ਾਬਦਿਕ ਸੋਚ ਤੱਕ ਹੀ ਸੀਮਤ ਰਹਿੰਦੇ ਨੇ। ਦੋਸਤੀ ਤਾਂ ਸਮਾਂ ਆਉਣ 'ਤੇ ਆਪਣੇ ਆਪ ਹੀ ਪਰਖੀ ਜਾਂਦੀ ਏ। ਤੁਹਾਡੀ ਅਣਹੋਂਦ 'ਚ, ਦੋਸਤੀ ਦਾ ਦਮ ਭਰਨ ਵਾਲੇ ਹੀ ਸਹੀ ਮਾਅਨਿਆਂ 'ਚ ਤੁਹਾਡੇ ਦੋਸਤ ਹੁੰਦੇ ਨੇ ਅਤੇ ਦੋਸਤੀ ਦੇ ਨਾਂ 'ਤੇ ਆਪਣਾ ਆਪ ਵੀ ਦਾਅ 'ਤੇ ਲਾਉਣ ਲਈ ਤਤਪਰ ਰਹਿੰਦੇ ਨੇ।

ਪਰਾਇਆ ਧਨ, ਪਰਾਇਆ ਮਨ ਅਤੇ ਪਰਾਇਆ ਤਨ ਦੋਸਤੀ ਦੇ ਅਜਿਹੇ ਦੁਸ਼ਮਣ ਨੇ ਜੋ ਚਿਰਾਂ ਦੀ ਸਾਂਝ ਨੂੰ ਵੀ ਪਲਾਂ 'ਚ ਖਤਮ ਕਰ ਦਿੰਦੇ ਨੇ ਅਤੇ ਦੋਸਤੀ ਦਾ ਤਾਬੂਤ ਜ਼ਿੰਦਗੀ ਦੀ ਬੀਹੀ 'ਚ ਧਰ ਜਾਂਦੇ ਨੇ।

ਬਗਲ ਵਿਚਲੀ ਛੁਰੀ ਵਰਗੇ ਦੋਸਤਾਂ ਤੋਂ ਦੁਸ਼ਮਣ ਕਈ ਗੁਣਾ ਚੰਗੇਰੇ ਹੁੰਦੇ ਨੇ, ਜੋ ਮਰਦਾਂ ਵਾਂਗ ਦੁਸ਼ਮਣੀ ਪਾਲਦੇ ਨੇ। ਸੁੰਗੜਵੀਆਂ ਦੋਸਤੀਆਂ, ਸਾਡੇ ਸਮਾਜ ਦੇ ਨਾਂਵੇਂ ਸੰਤਾਪ, ਸਿਸਕਣਾ ਜਾਂ ਸੁਲਘਣਾ ਵਰਗੇ ਅਰਥ ਕਰਦੀਆਂ ਨੇ, ਜਿਨ੍ਹਾਂ ਨਾਲ ਅਸੀਂ ਉਮਰ ਭਰ ਜੂਝਦੇ, ਆਖਰ ਨੂੰ ਖਾਲੀ ਮਨ, ਖਾਲੀ ਸੋਚ ਅਤੇ ਖਾਲੀ ਹੱਥਾਂ ਨਾਲ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਜਾਂਦੇ ਹਾਂ। ਬਹੁਤੀ ਵਾਰ ਸਾਡੇ ਪਿੱਛੇ ਕੋਈ ਰੋਂਦਾ ਵੀ ਨਹੀਂ ਅਤੇ ਜਿਹੜਾ ਵੀ ਰੋਂਦਾ ਹੈ, ਉਹ ਰੋਣ ਦਾ ਦੰਭ ਕਰਦਾ ਹੈ।

ਜਦੋਂ ਦੋਸਤੀ 'ਟੁੱਟ ਗਈ ਤੜੱਕ ਕਰਕੇ, ਲਾਈ ਬੇਕਦਰਾਂ ਨਾਲ ਯਾਰੀ' ਜਿਹਾ ਸੰਤਾਪ ਹੰਢਾਉਂਦੀ ਏ ਤਾਂ ਸੁੱਕਣੇ ਪਏ ਹੰਝੂਆਂ 'ਤੇ ਵੀ ਤਰਸ ਆਉਂਦਾ ਹੈ ਅਤੇ ਅਸੀਂ ਉਨ੍ਹਾਂ ਪਲਾਂ ਨੂੰ ਕੋਸਦੇ ਹਾਂ, ਜਦੋਂ ਅਸੀਂ ਬੇਕਦਰਿਆਂ ਨੂੰ ਆਪਣਾ ਬਣਾਉਣ ਦਾ ਭਰਮ ਪਾਲਿਆ। 'ਤੂਤ ਦੇ ਮੋਛੇ' ਵਰਗੀ ਦੋਸਤੀ, ਇਮਤਿਹਾਨੀ ਘੜੀਆਂ 'ਚ ਲਿਫ ਤਾਂ ਸਕਦੀ ਹੈ ਪਰ ਟੁੱਟਦੀ ਨਹੀਂ।

ਦੋਸਤਾਂ ਦਰਮਿਆਨ ਕਦੇ ਓਹਲਾ ਨਹੀਂ ਹੁੰਦਾ। ਅਸੀਂ ਇਕ ਖੁੱਲ੍ਹੀ ਕਿਤਾਬ ਵਾਂਗ, ਆਪਣਾ ਆਪਾ ਮਿੱਤਰਾਂ ਸਾਹਵੇਂ ਖੋਲਦੇ ਹਾਂ, ਦੁੱਖਾਂ ਦੀ ਗਠੜੀ ਫਰੋਲਦੇ ਹਾਂ, ਗਮਾਂ ਦੀਆਂ ਲੀਰਾਂ ਦਾ ਜਾਲ ਉਧੇੜਦੇ ਹਾਂ। ਅਸੀਂ ਮਖੌਟਿਆਂ ਤੋਂ ਉਕਤਾਏ, ਮਿੱਤਰਾਂ ਸੰਗ ਹੀ ਦਿਲ ਦੀਆਂ ਗਹਿਰਾਈਆਂ ਨਾਲ, ਨੇੜਤਾ ਨੂੰ ਨਵੇਂ ਅਰਥ ਪ੍ਰਦਾਨ ਕਰਦੇ ਹਾਂ।

ਦੋਸਤੀ ਨੂੰ ਮਨੁੱਖ ਤੇ ਮਨੁੱਖ ਤੀਕ ਦੀ ਦੋਸਤੀ ਤੱਕ ਹੀ ਸੀਮਤ ਨਾ ਕਰੋ। ਦੋਸਤੀ ਦਾ ਘੇਰਾ ਬੜਾ ਵਿਸ਼ਾਲ ਹੁੰਦਾ ਏ। ਦੋਸਤੀ ਕਿਤਾਬਾਂ ਨਾਲ ਵੀ ਹੁੰਦੀ, ਜਿਹੜੀਆਂ ਇਕੱਲ 'ਚ ਸਾਡਾ ਸਾਥ ਨਿਭਾਉਂਦੀਆਂ, ਸੰਘਰਸ਼ਪੂਰਨ ਸਮਿਆਂ 'ਚ ਸੇਧ ਪ੍ਰਦਾਨ ਕਰਦੀਆਂ, ਸਾਨੂੰ ਦੁਨਿਆਵੀ ਝਮੇਲਿਆਂ ਤੋਂ ਦੂਰ ਰੱਖਦੀਆਂ ਨੇ। ਕਿਤਾਬਾਂ ਦਾ ਸੰਗ ਮਾਣਨ ਵਾਲੇ, ਗਿਆਨ ਦੇ ਤੁਰਦੇ ਫਿਰਦੇ ਭੰਡਾਰ ਹੁੰਦੇ ਨੇ, ਜਿਹੜੇ ਗਿਆਨ ਸਰੋਵਰ 'ਚੋਂ ਬੁੱਕੋ ਬੁੱਕ ਗਿਆਨ ਵੰਡਦੇ, ਗਿਆਨ ਦੀ ਜੋਤ ਜਗਾਈ ਰੱਖਣ ਵਿਚ ਯਕੀਨ ਰੱਖਦੇ ਨੇ। ਫੁੱਲਾਂ ਨਾਲ ਖੇਡਦਾ ਬੱਚਾ, ਕੁਦਰਤ ਦੀ ਸੰਗਤ ਮਾਣਦਾ, ਕਲਾਮਈ ਬਿਰਤੀਆਂ ਦਾ ਮਾਲਕ, ਇਕ ਸੰਵੇਦਨਸ਼ੀਲ ਇਨਸਾਨ ਬਣਦਾ ਏ ਜੋ ਮਨੁੱਖ ਦੀ ਸਦੀਵੀ ਹੋਂਦ ਲਈ, ਕੁਦਰਤ ਦੇ ਅਸਾਵੇਂਪਣ ਨੂੰ ਸੁਧਾਰਨ ਦੀ ਲਹਿਰ ਨੂੰ ਸਮਰਪਿਤ, ਇਕ ਸਦੀਵੀ ਸਾਂਝ ਦਾ ਪਰਚਮ ਲਹਿਰਾਉਂਦਾ ਏ ਅਤੇ ਮਨੁੱਖ ਦੇ ਮਸਤਕ 'ਚ ਸਹਿਹੋਂਦ ਦਾ ਦੀਪਕ ਟਿਕਾਉਂਦਾ ਹੈ। ਦਿਲਾਂ ਦੀ ਦੋਸਤੀ 'ਚ ਜਦੋਂ ਸੋਚ ਵੀ ਸ਼ਰੀਕ ਹੁੰਦੀ ਏ ਤਾਂ ਭਾਵਨਾਵਾਂ 'ਚ ਆਇਆ ਨਿਖਾਰ, ਦੋਸਤੀ ਨੂੰ ਇਕ ਹੰਢਣਸਾਰ ਰਿਸ਼ਤੇ 'ਚ ਵਟੀਂਦਾ, ਨਵੇਂ ਦਿਸਹੱਦੇ ਵੀ ਨਿਰਧਾਰਿਤ ਕਰਦਾ ਹੈ।

ਦੋਸਤਾਂ 'ਤੇ ਹੀ ਅਸੀਂ ਇਹ ਦਾਈਏ ਬੰਨ ਸਕਦੇ ਹਾਂ ਕਿ ਉਹ ਸਾਡੀ ਵਿਲਕਦੀ ਆਂਦਰ ਨੂੰ ਸਹਿਲਾਉਣਗੇ, ਉਸ 'ਤੇ ਭਾਵ-ਭਿੰਨੇ ਅਪਣੱਤ ਦੀ ਮਰਹਮ ਲਾਉਣਗੇ ਅਤੇ ਸੱਧਰਾਂ ਦੇ ਨਰੋਏ ਬੀਜ, ਮਨ ਦੇ ਵਿਹੜੇ 'ਚ ਉਗਾਉਣਗੇ।

ਮਿੱਤਰਤਾ 'ਚ ਕਦੇ ਵੀ ਮਹਿਮਾਨ ਨਿਵਾਜੀ ਨਹੀਂ ਹੁੰਦੀ। ਉਹ ਤਾਂ ਸਾਡਾ ਅੰਗ ਹੁੰਦੇ, ਆਪਣੀ ਹੀ ਸਰਦਲ ਦੀ ਛੋਹ ਲਈ ਸਹਿਕਦੇ, ਸਮੇਂ ਦੀਆਂ ਵਿੱਥਾਂ ਉਲੰਘ ਕੇ ਅਪੜਦੇ ਨੇ। ਰਾਜ ਦਰਬਾਰ 'ਚ ਸੁਦਾਮੇ ਵਰਗੇ ਬਚਪਨ ਦੇ ਦੋਸਤ ਨੂੰ ਗਲਵੱਕੜੀ 'ਚ ਲੈਂਦਿਆਂ ਕ੍ਰਿਸ਼ਨ ਮਹਾਰਾਜ ਜਦੋਂ ਉਸ ਦੇ ਲੜ ਨਾਲੋਂ ਖੋਲ੍ਹ ਕੇ ਸੱਤੂਆਂ ਦਾ ਫੱਕਾ ਮਾਰਦੇ ਨੇ ਤਾਂ ਦੋਵੇਂ ਬਚਪਨ ਦੀਆਂ ਯਾਦਾਂ ਦੇ ਵਲਵਲਿਆਂ 'ਚ ਘਿਰੇ, ਸਾਹਾਂ ਵਰਗੀ ਸਾਂਝ ਦਾ ਸਿਰਲੇਖ ਬਣਦੇ ਨੇ। ਮਿੱਤਰਤਾ ਨੂੰ ਮਿੱਠੜੇ ਮੇਵੇ ਲੱਗਦੇ ਨੇ।



*ਭਗਵਾਨ ਕ੍ਰਿਸ਼ਨ ਤੇ ਸੁਦਾਮੇ ਦੀ ਦੋਸਤੀ*

ਬਾਬੇ ਨਾਨਕ ਦੀਆਂ ਉਦਾਸੀਆਂ ਦੌਰਾਨ ਉਮਰ ਭਰ ਰਬਾਬ ਨਾਲ ਫਿਜ਼ਾ 'ਚ ਰਸ ਘੋਲਣ ਵਾਲਾ ਮਰਦਾਨਾ ਆਪਣੀ ਮੋਹ ਅਤੇ ਨੇੜਤਾ ਦਾ ਅਜਿਹਾ ਮੁਜੱਸਮਾ ਸੀ ਜੋ ਆਖਰੀ ਸਾਹਾਂ ਤੀਕ ਦੋਸਤੀ ਦਾ ਦਮ ਭਰਦਾ ਰਿਹਾ। ਗੁਰੂ ਅਰਜਨ ਦੇਵ ਨੂੰ ਦਿਤੇ ਜਾ ਰਹੇ ਤਸੀਹਿਆਂ ਦੌਰਾਨ ਸਾਈਂ ਮੀਆਂ ਮੀਰ ਦੇ ਦਿਲ 'ਚ ਉਠੀ ਬਦਲੇ ਦੀ ਭਾਵਨਾ, ਇਕ ਨਿਰਸੁਆਰਥ, ਰੱਬੀ ਨੂਰ ਦੀ ਸਾਂਝ ਦਾ ਪ੍ਰਤੱਖ ਪ੍ਰਮਾਣ ਏ। ਭਾਰਤ ਤੇ ਰੂਸ ਵਿਚਲੇ ਦੋਸਤਾਨਾ-ਸਬੰਧਾਂ ਦਾ ਹੀ ਪ੍ਰਭਾਵ ਸੀ ਕਿ ਚੀਨ ਵੀ ਸ਼ਰਾਰਤ ਕਰਨ ਤੋਂ ਝਿਜਕਦਾ ਰਿਹਾ ਅਤੇ ਦੋਹਾਂ ਦੇਸ਼ਾਂ ਨੇ ਉਨਤੀ ਦੀਆਂ ਪੁਲਾਘਾਂ ਪੁੱਟਦਿਆਂ ਨਵੇਂ ਦਿਸਹੱਦੇ ਛੋਹੇ।

ਦੋਸਤ ਤੁਹਾਨੂੰ ਟੋਕ ਸਕਦਾ ਏ, ਰਸਾਤਲ ਵੱਲ ਜਾਂਦੇ ਰਸਤਿਆਂ 'ਤੇ ਜਾਣ ਤੋਂ ਰੋਕ ਸਕਦਾ ਏ। ਤੁਹਾਡੀਆਂ ਗਲਤੀਆਂ 'ਤੇ ਉਂਗਲ ਧਰਨ ਦਾ ਹੱਕ ਅਤੇ ਉਨ੍ਹਾਂ ਨੂੰ ਸੁਧਾਰਨ ਦਾ ਸਰਫ, ਸਿਰਫ ਮਿੱਤਰਾਂ ਨੂੰ ਹੀ ਹਾਸਲ ਹੁੰਦਾ ਏ।

ਦੋਸਤ, ਤੁਹਾਡੇ ਦਰਦ ਲਈ ਦਰਦ ਨਿਵਾਰਕ ਦਵਾਈਆਂ ਵਰਗੇ ਹੁੰਦੇ ਨੇ, ਜਿਹੜੇ ਪੀੜਾਂ ਨੂੰ ਘਟਾਉਂਦੇ, ਚੜ੍ਹਦੀ ਕਲਾ ਦਾ ਅਹਿਸਾਸ ਮਨ 'ਚ ਜਗਾਉਂਦੇ, ਤੁਹਾਡੇ ਲਈ ਰਾਂਗਲੀ ਰੁੱਤ ਦੀ ਕਾਮਨਾ ਕਰਦੇ ਨੇ। ਸਮਾਜਕ ਜਵਾਰਭਾਟੇ ਦੌਰਾਨ ਉਠੀਆਂ ਮਾਰੂ ਛੱਲਾਂ, ਜਦੋਂ ਤੁਹਾਡੇ ਜੀਵਨ ਦੀ ਬੇੜੀ ਨੂੰ ਡਗਮਗਾਉਂਦੀਆਂ ਨੇ, ਸਾਹਾਂ ਨੂੰ ਸੁੱਕਣੇ ਪਾਉਂਦੀਆਂ ਨੇ, ਤੁਹਾਡੀ ਹੋਂਦ 'ਤੇ ਹੀ ਪ੍ਰਸ਼ਨ ਚਿੰਨ੍ਹ ਲਾਉਂਦੀਆਂ ਨੇ ਤਾਂ ਦੋਸਤ ਤੁਹਾਡੇ ਸੁੱਖ-ਸ਼ਾਂਤੀ ਅਤੇ ਸਦੀਵਤਾ ਲਈ ਚੀਨ ਦੀ ਦੀਵਾਰ ਵਾਂਗਰ ਡਟ ਜਾਂਦੇ ਨੇ।

ਸਿਰ-ਧੜ ਦੀ ਬਾਜ਼ੀ ਲਾ ਕੇ ਪਾਲੀਆਂ ਅਨਮੋਲ ਦੋਸਤੀਆਂ, ਪਵਿੱਤਰ ਈਦਗਾਹ ਦਾ ਰੁਤਬਾ ਪ੍ਰਾਪਤ ਕਰਦੀਆਂ, ਸਿਜਦਾ ਕਰਨ ਲਈ ਸਾਡਾ ਸੁਭਾਗ ਬਣਦੀਆਂ ਨੇ। '47 ਦੀ ਵੱਢ-ਟੁਕ ਜਾਂ '84 ਦੇ ਦੰਗਿਆਂ 'ਚ ਬਚ ਗਈਆਂ ਕੀਮਤੀ ਜਿੰਦਾਂ, ਉਨ੍ਹਾਂ ਦੋਸਤੀਆਂ ਦਾ ਹੀ ਹਾਸਲ ਨੇ, ਜਿਨ੍ਹਾਂ ਨੇ ਫਿਰਕੂ ਹਨੇਰੀਆਂ 'ਚ ਧਰਮ ਤੋਂ ਉਪਰ ਉਠ ਕੇ ਦੋਸਤੀ ਦਾ ਧਰਮ ਪਾਲਿਆ।

ਦੋਸਤਾਂ ਲਈ ਤਲੀ 'ਤੇ ਰੱਖਿਆ ਸਿਰ, ਦਰਅਸਲ ਦੋਸਤੀ ਦੀ ਦਖਸ਼ਣਾ ਹੁੰਦਾ ਏ ਜੋ ਅਸੀਂ ਆਪਣੇ ਆਪ ਸਾਹਵੇਂ ਅਰਪਦੇ, ਆਪਣਿਆਂ ਲਈ ਰਹਿਮਤ ਦੀ ਦੁਆ ਮੰਗਦੇ ਹਾਂ ਅਤੇ ਆਪਣੇ ਆਪ ਨੂੰ ਮਿੱਤਰਾਂ ਦੇ ਰੰਗ 'ਚ ਰੰਗਦੇ ਹਾਂ।

ਦੋਸਤ ਉਸ ਬੁੱਕਲ ਵਰਗਾ ਹੁੰਦਾ ਏ, ਜਿਸ ਦੀ ਗਲਵੱਕੜੀ 'ਚ ਅਸੀਂ ਆਪਣੀ ਵੇਦਨਾ ਦਾ ਵਿਰਲਾਪ ਕਰਦੇ, ਮਾਨਸਿਕ ਬੋਝ ਤੋਂ ਰਾਹਤ ਮਹਿਸੂਸ ਕਰਦੇ ਹਾਂ। 'ਕੇਰਾਂ ਸਥਾਪਤੀ ਦੇ ਮੁੱਢਲੇ ਸੰਕਟਮਈ ਦੌਰ 'ਚ ਉਚੇ ਮਰਤਬੇ ਦਾ ਮਾਣ ਬਣੇ ਮਿੱਤਰ ਦੀ ਸੰਗਤ 'ਚ ਜਦੋਂ ਮੈਂ ਜੀਅ ਭਰ ਕੇ ਰੋਇਆ ਤਾਂ ਉਸ ਨੇ ਹੰਝੂ ਪੂੰਝਦਿਆਂ ਅਪਣੱਤ ਨਾਲ ਪਲੋਸਿਆ, "ਇਨ੍ਹਾਂ ਹੰਝੂਆਂ ਨੂੰ ਵਿਅਰਥ ਵਹਾ ਕੇ ਦਿਲ ਕਿਉਂ ਛੋਟਾ ਕਰਦਾ ਏਂ। ਮੈਂ ਇਨ੍ਹਾਂ ਕੀਮਤੀ ਅੱਥਰੂਆਂ ਦੀ ਕੀਮਤ ਪਾਉਣ ਦੀ ਕੋਸ਼ਿਸ਼ ਕਰਾਂਗਾ।" ਉਸ ਦੇ ਪੁਗਾਏ ਬੋਲਾਂ ਨੇ ਸਿੱਧ ਕਰ ਦਿਤਾ ਕਿ ਪੈਸੇ ਦੀ ਨੀਂਹ 'ਤੇ ਉਸਰਦੀਆਂ ਸਾਂਝਾਂ ਦੇ ਦੌਰ 'ਚ, ਕਿਤੇ-ਕਿਤੇ ਅਪਣੱਤ ਦੇ ਰਿਸ਼ਤਿਆਂ ਨੂੰ ਨਿਰਸੁਆਰਥ ਮੋਹ ਦੇ ਸੂਹੇ ਫੁੱਲ ਲੱਗਦੇ ਨੇ।

ਮਿੱਤਰਾਂ ਵਿਚਲਾ ਰੋਸਾ ਕੁਝ ਹੀ ਪਲਾਂ ਬਾਅਦ ਗਲਵੱਕੜੀ ਵਿਚ ਵਟ ਜਾਂਦਾ ਏ ਅਤੇ ਜੀਵਨ ਦਾ ਅਹਿਸਾਸ ਹਿਰਦੇ ਨੂੰ ਪਹੁੰਚਾਉਂਦਾ ਹੈ।

ਮਿੱਤਰਤਾ 'ਚ ਮੋੜ-ਮੁੜਾਈ ਨਹੀਂ ਹੁੰਦੀ ਅਤੇ ਨਾ ਹੀ ਬਾਣੀਏ ਦੇ ਵਹੀ-ਖਾਤੇ ਵਾਂਗੂੰ ਜੋੜ-ਘਟਾਉ ਵਰਗੀਆਂ ਮਾਨਸਿਕ ਗੁੰਝਲਾਂ 'ਚੋਂ ਗੁਜਰਨ ਦੀ ਲੋੜ ਹੁੰਦੀ ਏ।

ਦੋਸਤੀ ਉਸ ਦਰਿਆ-ਦਿਲੀ ਦਾ ਨਾਮ ਏ, ਜਿਸ ਵਿਚ ਕੰਜੂਸੀ ਦਾ ਕੋਈ ਆਧਾਰ ਅਤੇ ਗੁੰਜਾਇਸ਼ ਨਹੀਂ ਹੁੰਦੀ। ਆਪਾ ਗਵਾ ਕੇ ਹੀ ਅਸੀਂ ਕੁਝ ਪ੍ਰਾਪਤੀ ਵਰਗਾ ਸਕੂਨ ਮਨ 'ਚ ਪਾਲਦੇ ਹਾਂ ਅਤੇ ਮਿੱਤਰਾਂ ਦੇ ਮੋਹ ਦਾ ਦੀਵਾ ਮਸਤਕ 'ਚ ਬਾਲਦੇ ਹਾਂ।

ਦੋਸਤੀ ਦੇ ਦੀਵੇ ਜਗਦੇ ਰਹਿਣ, ਸੁੱਚੀ ਸੋਚ ਦਾ ਘਿਉ ਇਸ 'ਚ ਪਾਉਂਦੇ ਰਹੀਏ ਤੇ ਨਿਰਸੁਆਰਥ ਆਸ ਦੀ ਬੱਤੀ ਵੱਟਦੇ ਰਹੀਏ। ਬਲਦੇ ਦੀਵੇ, ਰੋਸ਼ਨ ਰਾਹਾਂ ਦੀ ਤਫਸੀਲ ਮਨੁੱਖਤਾ ਦੇ ਨਾਂਵੇਂ ਕਰਦੇ ਰਹਿਣ; ਮੋਹ, ਚਾਅ ਤੇ ਪਿਆਰ ਦੇ ਪਰਿੰਦੇ ਢੁੱਕ-ਢੁੱਕ ਕੇ ਕੋਲ ਬਹਿਣ ਅਤੇ ਅਪਣੱਤ ਦੀ ਚੂਰੀ ਖਾ ਕੇ ਚਹਿਚਹਾਉਣ।

---

# ਬਸ ਏਨਾ ਹੀ

***(ਪਿਛਲੇ ਸਫੇ ਦੀ ਬਾਕੀ)***

ਨੇ।"

"ਜੀਵਨ ਉਹ ਲੋਕ ਵੀ ਮਾਣਦੇ ਨੇ ਜਿਨ੍ਹਾਂ ਦੀ ਗੱਲ ਤੁਸੀਂ ਕਰਦੇ ਹੋ!"

"ਉਹ ਕਿੱਦਾਂ?"

"ਇਨ੍ਹਾਂ ਲੋਕਾਂ ਦੀ ਇੱਜਤ ਦਾ ਮਾਨਦੰਡ ਉਹ ਨਹੀਂ ਹੁੰਦਾ ਜਿਸ ਨਾਲ ਅਸੀਂ ਸੋ ਕਾਲਡ ਇੱਜਤਦਾਰ ਲੋਕ ਚੰਬੜੇ ਹੋਏ ਹਾਂ। ਇਨ੍ਹਾਂ ਦਾ ਜਿਹੜਾ ਮਾਨਦੰਡ ਹੁੰਦੈ, ਉਸ ਅਨੁਸਾਰ ਉਹ ਜੀਵਨ ਨੂੰ ਮਾਣਦੇ ਹਨ!"

"ਜੀਣਾ ਤਾਂ ਹੋਇਆ ਈ ਨਾ, ਇਨ੍ਹਾਂ ਲੋਕਾਂ ਨੇ ਵੀ!" ਜੰਨਤ ਦੀ ਗੱਲ ਸੁਣ ਜਤਿਨ ਨੇ ਇਨ੍ਹਾਂ ਸ਼ਬਦਾਂ ਵਿਚ ਆਪਣੀ ਸਹਿਮਤੀ ਜਤਾਈ,

ਇਬਤਦਾਏ ਇਸ਼ਕ ਹੈ
ਸਾਰੀ ਰਾਤ ਜਾਗੇ
ਅੱਲਾ ਜਾਨੇ ਕਯਾ ਹੋਗਾ
ਮੌਲਾ ਜਾਨੇ ਕਯਾ ਹੋਗਾ।

ਇਸ ਗਾਣੇ ਦੇ ਬੋਲ ਸੁਣ ਦੋਹਾਂ ਦੀਆਂ ਗਹਿਰ ਗੰਭੀਰ ਗੱਲਾਂ ਨੂੰ ਬਰੇਕ ਲੱਗ ਗਈ।

"ਪੁਰਾਣੇ ਗਾਣਿਆਂ ਦਾ ਕੋਈ ਜਵਾਬ ਨਹੀਂ। ਅਸੀਂ ਬਚਪਨ ਵਿਚ ਇਹ ਗਾਣਾ ਸੁਣਦੇ ਹੁੰਦੇ ਸਾਂ, ਬਹੁਤ ਚੰਗਾ ਲੱਗਦਾ ਸੀ। ਅੱਜ ਵੀ ਇਹ ਗਾਣਾ ਸੁਣ ਕੇ ਤਨ-ਮਨ ਹਰਾ ਹੋ ਜਾਂਦਾ!" ਜਤਿਨ ਝੂਮ ਉਠਿਆ ਤੇ ਜੰਨਤ ਦੇ ਚਿਹਰੇ ਨੂੰ ਦੇਖਣ 'ਤੇ ਲਗਦਾ ਸੀ ਕਿ ਉਹ ਵੀ ਖੁਸ਼ ਹੋ ਰਹੀ ਹੈ।

"ਗੀਤਕਾਰ ਦੇ ਮਨ ਦੀ ਉਡਾਰੀ ਹੈ, ਉਹ ਗਾਣੇ ਰਾਹੀਂ ਜੋ ਚਾਹੇ ਕਹਿ ਸਕਦਾ।"

"ਉਡਾਰੀ ਜਿਹੀ ਉਡਾਰੀ, ਜ਼ਰਾ ਦੇਖੋ ਤਾਂ ਸਹੀ, 'ਇਬਤਦਾਏ ਇਸ਼ਕ ਹੈ...।"

"ਪਰ ਇਧਰ ਅਜਿਹਾ ਕੁਝ ਨਹੀਂ, ਐਵੇਂ ਨਾ ਖੁਸ਼ ਹੋਈ ਜਾਓ!"

"ਖੋਤਾ ਈ ਖੂਹ 'ਚ ਪਾ ਦਿੱਤਾ, ਤੁਸੀਂ ਗਾਣਾ ਐਂਜਵਾਏ ਕਰੋ, ਇਧਰ ਕੀ ਤੇ ਉਧਰ ਕੀ ਹੈ, ਅਸਾਂ ਇਸ ਤੋਂ ਕੀ ਲੈਣਾ! ਉਂਜ ਜੋ ਤੁਸੀਂ ਕਿਹੈ, ਖਿਆਲ ਇਹ ਵੀ ਮਾੜਾ ਨਹੀਂ!" ਜਤਿਨ ਨੇ ਅੱਖਾਂ ਮਟਕਾਉਂਦਿਆਂ ਜੰਨਤ ਦੇ ਕੰਨ ਵਿਚ ਕਿਹਾ।

"ਹਾਂ ਹਾਂ ਠੀਕ ਹੈ, ਜ਼ਰਾ ਪਰ੍ਹੇ ਹੋ ਕੇ ਬੈਠੋ!" ਆਪਣੇ ਨਾਲ ਸਟ ਰਹੇ ਜਤਿਨ ਨੂੰ ਦੂਜੇ ਪਾਸੇ ਧੱਕਦਿਆਂ ਜੰਨਤ ਬੋਲੀ। ਜਤਿਨ ਥੋੜ੍ਹਾ ਹਟ ਕੇ ਬੈਠ ਗਿਆ। ਗਾਣੇ ਦੇ ਬੋਲਾਂ ਨਾਲ ਉਹ ਮਸਤੀ ਵਿਚ ਝੂਮ ਉਠਿਆ। ਜੰਨਤ ਨੇ ਉਸ ਦੀਆਂ ਗੱਲਾਂ ਤੇ ਅਦਾਵਾਂ ਉਪਰ ਕੋਈ ਟੀਕਾ-ਟਿੱਪਣੀ ਨਹੀਂ ਕੀਤੀ। ਉਹ ਚੁੱਪ ਕੀਤੀ ਬੈਠੀ ਰਹੀ। ਪਰ ਉਹ ਵੀ ਕਿੰਨੀ ਦੇਰ ਚੁੱਪ ਰਹਿ ਸਕਦੀ ਸੀ। ਉਸ ਬਾਹਰ ਦੇਖਿਆ, ਸੜਕ 'ਤੇ ਲੱਗੇ ਜਾਮ ਨੂੰ ਦੇਖ ਕਹਿਣ ਲੱਗੀ, "ਬੜਾ ਜਾਮ ਲੱਗਿਆ, ਜਾਪਦਾ ਅੱਜ ਵੀ ਘਰ ਦੇਰ ਨਾਲ ਪੁੱਜਾਂਗੇ!"

"ਤੁਸੀਂ ਛੱਡੋ ਜੀ ਇਸ ਗੱਲ ਨੂੰ, ਜਾਮ ਸਾਨੂੰ ਕੀ ਕਹਿੰਦੈ, ਇਹ ਡਰਾਈਵਰ ਦੀ ਪ੍ਰਾਬਲਮ ਐ, ਉਹ ਇਸ ਨਾਲ ਸਿੱਝ ਰਿਹੈ, ਤੁਸੀਂ ਚੁਪ ਕਰਕੇ ਗਾਣਾ ਐਂਜਵਾਏ ਕਰੋ।" ਏਨਾ ਕਹਿ ਉਹ ਇਕ ਵਾਰ ਫਿਰ ਰੁਮਾਨੀ ਸੰਸਾਰ ਵਿਚ ਗੁੰਮ ਹੋ ਗਿਆ। ਜੰਨਤ ਨੇ ਇਸ ਗਾਣੇ ਦੇ ਮਾਮਲੇ ਵਿਚ ਉਸ ਨਾਲ ਤਬਲੇ ਦੀ ਸੰਗਤ ਭਾਵੇਂ ਨਹੀਂ ਕੀਤੀ ਪਰ ਉਹਦੀ ਮੁਖ ਮੁਦਰਾ ਬਿਆਨ ਕਰਦੀ ਸੀ ਕਿ ਉਹ ਵੀ ਗਾਣੇ ਨੂੰ ਉਸੇ ਤਰ੍ਹਾਂ ਈ ਮਾਣ ਰਹੀ ਹੈ।

ਬਸ ਕਰਮਪੁਰੇ ਦੇ ਸਟਾਪ ਤੋਂ ਅੱਗੇ ਵਧੀ। ਜਤਿਨ ਹੁਣ ਗੰਭੀਰ ਹੋ ਗਿਆ ਤੇ ਘੜੀ ਮੁੜੀ ਸੜਕ ਵੱਲ ਦੇਖਣ ਲੱਗਾ। ਅਗਲਾ ਸਟਾਪ ਆਉਣ ਤੋਂ ਪਹਿਲਾਂ ਉਸ ਇਕ ਭਰਵੀਂ ਨਜ਼ਰ ਨਾਲ ਜੰਨਤ ਨੂੰ ਦੇਖਿਆ ਤੇ ਹੌਲੀ ਜਿਹੇ ਕਿਹਾ, "ਬਸ ਏਨਾ ਹੀ...!" ਉਹ ਬਸ ਤੋਂ ਹੇਠਾਂ ਉਤਰ ਗਿਆ।

**ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ-3**

# ਖੁਦ ਹੀ ਨਸ਼ਰ ਹੋਏ ਬੰਬ ਧਮਾਕੇ


***ਆਰ.ਐਸ.ਐਸ. ਵਲੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਅਦਾਲਤਾਂ ਉਪਰ ਸਿਆਸੀ ਦਬਾਓ ਪਾ ਕੇ ਹਿੰਦੂਤਵੀ ਅਤਿਵਾਦੀ ਸਰਗਨਿਆਂ ਨੂੰ ਕਲੀਨ ਚਿਟਾਂ ਦਿਵਾਈਆਂ ਜਾ ਰਹੀਆਂ ਹਨ। ਮਹਾਰਾਸ਼ਟਰ ਦੇ ਸਾਬਕਾ ਪੁਲਿਸ ਅਫਸਰ ਐਸ.ਐਮ. ਮੁਸ਼ਰਿਫ ਨੇ ਆਰ.ਐਸ.ਐਸ. ਦਾ ਪਰਦਾਪਾਸ਼ ਕਰਦਿਆਂ ਕਿਤਾਬਚਾ 'ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ' ਲਿਖਿਆ ਹੈ। ਇਸ ਕਿਤਾਬਚੇ ਤੋਂ ਆਰ.ਐਸ.ਐਸ. ਦੇ ਇਰਾਦਿਆਂ ਨੂੰ ਸਮਝਿਆ ਜਾ ਸਕਦਾ ਹੈ। ਅਸੀਂ ਆਪਣੇ ਪਾਠਕਾਂ ਲਈ ਇਹ ਅਹਿਮ ਕਿਤਾਬਚੇ ਲੜੀਵਾਰ ਛਾਪ ਰਹੇ ਹਾਂ ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

## ਅਧਿਆਏ 5

### 1) ਨਾਂਦੇੜ ਬੰਬ ਧਮਾਕਾ

ਪੰਜ ਅਪਰੈਲ 2006 ਦੀ ਰਾਤ ਨਾਂਦੇੜ ਦੇ ਪੀ.ਡਬਲਯੂ.ਡੀ. ਦੇ ਸੇਵਾਮੁਕਤ ਕਾਰਜਕਾਰੀ ਇੰਜੀਨੀਅਰ ਲਕਸ਼ਮਣ ਰਾਜਕੋਂਡਵਾਰ ਦੇ ਘਰ ਵਿਚ ਆਰ.ਐਸ. ਐਸ. ਅਤੇ ਬਜਰੰਗ ਦਲ ਦੇ ਕੁਝ ਦਹਿਸ਼ਤਗਰਦ ਆਰ.ਡੀ.ਐਕਸ. ਦਾ ਬੰਬ ਬਣਾਉਣ ਵਿਚ ਜੁਟੇ ਹੋਏ ਸਨ, ਉਸ ਦੌਰਾਨ ਧਮਾਕਾ ਹੋਇਆ ਅਤੇ ਇਸ ਹਾਦਸੇ ਵਿਚ ਲਕਸ਼ਮਣ ਰਾਜਕੋਂਡਵਾਰ ਦਾ ਲੜਕਾ ਨਰੇਸ਼ ਰਾਜਕੋਂਡਵਾਰ ਅਤੇ ਹਿਮਾਂਸ਼ੂ ਪਾਨਸੇ ਦੀ ਮੌਤ ਹੋ ਗਈ। ਨਾਲ ਹੀ ਯੋਗੇਸ਼ ਦੇਸ਼ਪਾਂਡੇ, ਰਾਹੁਲ ਪਾਂਡੇ, ਮਾਰੂਤੀ ਬਾਘ ਅਤੇ ਯੁਵਰਾਜ ਤੁਪਤੇਵਾਰ ਜ਼ਖ਼ਮੀ ਹੋ ਗਏ। ਇਹ ਸਾਰੇ ਆਰ.ਐਸ.ਐਸ. ਤੇ ਬਜਰੰਗ ਦਲ ਦੇ ਮੈਂਬਰ ਸਨ ਅਤੇ ਅਭਿਨਵ ਭਾਰਤ ਦੇ ਸੰਪਰਕ ਵਿਚ ਸਨ।

ਜ਼ਖ਼ਮੀਆਂ ਵਿਚੋਂ ਰਾਹੁਲ ਪਾਂਡੇ ਅਤੇ ਇਕ ਹੋਰ ਮੁਲਜ਼ਮ ਸੰਜੇ ਚੌਧਰੀ ਦਾ ਨਾਰਕੋ ਟੈਸਟ ਕੀਤਾ ਗਿਆ ਅਤੇ ਉਸ ਦੇ ਬਿਆਨ ਦਰਜ ਕੀਤੇ ਗਏ। ਇਨ੍ਹਾਂ ਦੋਵਾਂ ਮੁਲਜ਼ਮਾਂ ਨੇ ਆਪਣੇ ਬਿਆਨ ਵਿਚ ਦੱਸਿਆ ਕਿ ਉਹ ਦੋਵੇਂ ਆਰ.ਐਸ.ਐਸ. ਅਤੇ ਬਜਰੰਗ ਦਲ ਦੇ ਮੈਂਬਰ ਹਨ। ਦੋਵਾਂ ਨੇ ਮੰਨਿਆ ਕਿ ਪਰਭਣੀ (2003), ਜਾਲਨਾ (2004), ਪੂਰਣਾ (2004) ਦੀਆਂ ਮਸਜਿਦਾਂ ਉਪਰ ਇਨ੍ਹਾਂ ਦੇ ਟੋਲੇ ਨੇ ਹੀ ਬੰਬ ਸੁੱਟੇ ਸਨ ਅਤੇ ਜਿਸ ਬੰਬ ਨੂੰ ਬਣਾਉਂਦੇ ਵਕਤ ਹੀ ਧਮਾਕਾ ਹੋ ਗਿਆ ਸੀ, ਉਹ ਸ਼ਕਤੀਸ਼ਾਲੀ ਬੰਬ ਉਨ੍ਹਾਂ ਈਦ ਦੇ ਦਿਨ ਔਰੰਗਾਬਾਦ ਦੀ ਸਭ ਤੋਂ ਵੱਡੀ ਮਸਜਿਦ ਉਪਰ ਸੁੱਟਣਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਪੁਣੇ ਅਤੇ ਹੋਰ ਥਾਂਵਾਂ ਉਪਰ ਆਰ.ਐਸ.ਐਸ. ਅਤੇ ਅਭਿਨਵ ਭਾਰਤ ਦੁਆਰਾ ਜਥੇਬੰਦ ਕੀਤੇ ਸਿਖਲਾਈ ਕੈਂਪਾਂ ਵਿਚ ਸ਼ਾਮਲ ਰਹੇ ਸਨ।



**ਐਸ.ਐਮ. ਮੁਸ਼ਰਿਫ**

ਇਨ੍ਹਾਂ ਗੱਲਾਂ ਦੇ ਆਧਾਰ 'ਤੇ ਪੁਲਿਸ ਨੇ ਜਾਂਚ ਮੁਕੰਮਲ ਕੀਤੀ ਅਤੇ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ: ਰਾਹੁਲ ਪਾਂਡੇ, ਡਾ. ਉਮੇਸ਼ ਦੇਸ਼ਪਾਂਡੇ, ਸੰਜੇ ਚੌਧਰੀ, ਹਿਮਾਂਸ਼ੂ ਪਾਨਸੇ (ਮਰ ਚੁੱਕਾ ਹੈ), ਲਕਸ਼ਮਣ ਰਾਜਕੋਂਡਵਾਰ, ਰਾਮਦਾਸ ਮੁਲਾਂਗੇ, ਨਰੇਸ਼ ਰਾਜਕੋਂਡਵਾਰ (ਮਰ ਚੁੱਕਾ ਹੈ), ਮਾਰੂਤੀ ਬਾਘ, ਯੁਵਰਾਜ ਤੁਪਤੇਵਾਰ ਅਤੇ ਮਿਲਿੰਦ ਏਕਦਾਤੇ।

ਇਨ੍ਹਾਂ ਤੋਂ ਇਲਾਵਾ ਵੀ ਹੋਰ ਵਿਅਕਤੀਆਂ ਅਤੇ ਸੰਸਥਾਵਾਂ ਦੇ ਖ਼ਿਲਾਫ਼ ਸਬੂਤ ਸਨ, ਲੇਕਿਨ ਉਨ੍ਹਾਂ ਉਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਮੁੱਖ ਮੁਲਜ਼ਿਮ ਹਿਮਾਂਸ਼ੂ ਪਾਨਸੇ ਜਿਨ੍ਹਾਂ ਦੇ ਜ਼ਾਹਰਾ ਸੰਪਰਕ ਵਿਚ ਸੀ, ਉਹ ਮੁੰਬਈ ਦੇ ਬਾਲਾਜੀ ਪਾਖਰੇ ਤੇ ਪੁਣੇ ਦੇ ਆਕਾਂਕਸ਼ਾ ਰਿਜ਼ਾਰਟ ਵਿਚ ਲਾਏ ਕੈਂਪ ਵਿਚ ਬੰਬ ਬਣਾਉਣ ਦੀ ਸਿਖਲਾਈ ਦੇਣ ਵਾਲੇ ਪੁਣੇ ਦੇ ਦੋ ਪ੍ਰੋਫੈਸਰਾਂ ਸ਼ਰਦ ਕੁੰਟੇ ਅਤੇ ਪ੍ਰਾ. ਦੇਵ, ਅਤੇ ਨਾਗਪੁਰ ਵਿਚਲੇ ਕੈਂਪ ਵਿਚ ਨਿਸ਼ਾਨੇਬਾਜ਼ੀ ਦੀ ਸਿਖਲਾਈ ਦੇਣ ਵਾਲੇ ਆਈ.ਬੀ. (ਇੰਟੈਲੀਜੈਂਸ ਬਿਊਰੋ) ਦੇ ਸਾਬਕਾ ਆਹਲਾ ਅਧਿਕਾਰੀ (ਮਹਾਰਾਸ਼ਟਰ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀ) ਸਨ।

ਨਾਲ ਹੀ ਸਿਖਲਾਈ ਕੈਂਪ ਲਾ ਕੇ ਦਹਿਸ਼ਤਗਰਦਾਂ ਨੂੰ ਹਥਿਆਰਬੰਦ ਅਤੇ ਬੰਬ ਧਮਾਕਿਆਂ ਦੀ ਸਿਖਲਾਈ ਦੇਣ ਵਾਲੀ ਸੰਸਥਾ ਨਾਗਪੁਰ ਸਥਿਤ ਭੌਂਸਲੇ ਮਿਲਟਰੀ ਸਕੂਲ ਉਪਰ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ; ਬਲਕਿ ਅੱਜ ਵੀ ਇਹ ਸੰਸਥਾ ਨੌਜਵਾਨਾਂ ਦੇ ਜਿਸਮਾਨੀ, ਮਾਨਸਿਕ ਅਤੇ ਸੰਸਕ੍ਰਿਤਿਕ ਵਗੈਰਾ ਵਿਕਾਸ ਦੇ ਨਾਂ ਹੇਠ ਕੈਂਪ ਲਾ ਰਹੀ ਹੈ ਅਤੇ ਇਸ ਦੀ ਲਈ ਵੈੱਬਸਾਈਟ ਉਪਰ ਵੀ ਇਸ਼ਤਿਹਾਰ ਵੀ ਦੇ ਰਹੀ ਹੈ। ਕਿਹਾ ਜਾਂਦਾ ਹੈ ਕਿ ਐਸੇ ਕੈਂਪਾਂ ਵਿਚ 'ਯੋਗ' ਨੌਜਵਾਨਾਂ ਨੂੰ ਚੁਣਿਆ ਜਾਂਦਾ ਹੈ। ਦਹਿਸ਼ਤਗਰਦਾਂ ਨੂੰ ਸਿਖਲਾਈ ਦੇਣ ਵਾਲੀਆਂ ਇਨ੍ਹਾਂ ਸੰਸਥਾਵਾਂ ਨੂੰ ਹਮੇਸ਼ਾ ਲਈ ਬੰਦ ਕਰਨਾ ਜ਼ਰੂਰੀ ਹੈ।

2) ਪਰਭਣੀ (ਨਵੰਬਰ 2003) ਬੰਬ ਧਮਾਕਾ।

3) ਜਾਲਨਾ (ਅਗਸਤ 2004) ਬੰਬ ਧਮਾਕਾ।

4) ਪੂਰਣਾ (ਅਗਸਤ 2004) ਬੰਬ ਧਮਾਕਾ।

5) ਕਾਨਪੁਰ (ਯੂ.ਪੀ.) ਅਗਸਤ 2008 ਬੰਬ ਧਮਾਕਾ।

24 ਅਗਸਤ 2008 ਨੂੰ ਕਾਨਪੁਰ (ਯੂ.ਪੀ.) ਵਿਚ ਬਜਰੰਗ ਦਲ ਦੇ ਰਾਜੀਵ ਮਿਸ਼ਰਾ ਅਤੇ ਭੁਪਿੰਦਰ ਸਿੰਘ, ਇਹ ਦੋਵੇਂ ਦਹਿਸ਼ਤਗਰਦ ਬੰਬ ਬਣਾ ਰਹੇ ਸਨ, ਉਸ ਦੌਰਾਨ ਧਮਾਕਾ ਹੋਇਆ ਜਿਸ ਵਿਚ ਇਹ ਦੋਵੇਂ ਮਾਰੇ ਗਏ। ਜਾਂਚ ਵਿਚ ਸਾਹਮਣੇ ਆਇਆ ਕਿ ਦੋਵੇਂ ਮਾਰੇ ਗਏ ਮੁਲਜ਼ਮਾਂ ਨੇ ਕਿਸੇ ਵੱਡੇ ਕਾਂਡ ਨੂੰ ਅੰਜਾਮ ਦੇਣਾ ਸੀ। ਕਾਨਪੁਰ ਵਿਭਾਗ ਦੇ ਆਈ.ਜੀ. ਨੇ ਦੱਸਿਆ ਕਿ ਰਾਜੀਵ ਮਿਸ਼ਰਾ ਦੇ ਘਰੋਂ ਵੱਡੇ ਪੈਮਾਨੇ 'ਤੇ ਧਮਾਕਾਖੇਜ਼ ਸਮੱਗਰੀ ਜ਼ਬਤ ਕੀਤੀ ਗਈ, ਜਿਸ ਵਿਚ ਗੁਜਰਾਤ ਅਤੇ ਬੰਗਲੌਰ ਵਰਗਾ ਵੱਡਾ ਕਾਂਡ ਕਰਨ ਦੀ ਸਮਰੱਥਾ ਸੀ। ਪੁਲਿਸ ਨੂੰ ਵਿਸਫੋਟਕ ਸਮੱਗਰੀ ਦੇ ਨਾਲ-ਨਾਲ ਇਕ ਡਾਇਰੀ ਅਤੇ ਫ਼ੈਜ਼ਾਬਾਦ ਦੀ ਮੁਸਲਿਮ ਬਸਤੀ ਦਾ ਨਕਸ਼ਾ ਵੀ ਮਿਲਿਆ।



2008 ਵਿਚ ਕਾਨਪੁਰ ਤੋਂ ਬਰਾਮਦ ਬੰਬ ਜੋ ਨਕਾਰਾ ਕਰ ਦਿੱਤੇ ਗਏ।

***24 ਅਗਸਤ 2008 ਨੂੰ ਕਾਨਪੁਰ (ਯੂ.ਪੀ.) ਵਿਚ ਬਜਰੰਗ ਦਲ ਦੇ ਰਾਜੀਵ ਮਿਸ਼ਰਾ ਅਤੇ ਭੁਪਿੰਦਰ ਸਿੰਘ, ਇਹ ਦੋਵੇਂ ਦਹਿਸ਼ਤਗਰਦ ਬੰਬ ਬਣਾ ਰਹੇ ਸਨ, ਉਸ ਦੌਰਾਨ ਧਮਾਕਾ ਹੋਇਆ ਜਿਸ ਵਿਚ ਇਹ ਦੋਵੇਂ ਮਾਰੇ ਗਏ। ਜਾਂਚ ਵਿਚ ਸਾਹਮਣੇ ਆਇਆ ਕਿ ਦੋਵੇਂ ਮਾਰੇ ਗਏ ਮੁਲਜ਼ਮਾਂ ਨੇ ਕਿਸੇ ਵੱਡੇ ਕਾਂਡ ਨੂੰ ਅੰਜਾਮ ਦੇਣਾ ਸੀ। ਕਾਨਪੁਰ ਵਿਭਾਗ ਦੇ ਆਈ.ਜੀ. ਨੇ ਦੱਸਿਆ ਕਿ ਰਾਜੀਵ ਮਿਸ਼ਰਾ ਦੇ ਘਰੋਂ ਵੱਡੇ ਪੈਮਾਨੇ 'ਤੇ ਧਮਾਕਾਖੇਜ਼ ਸਮੱਗਰੀ ਜ਼ਬਤ ਕੀਤੀ ਗਈ, ਜਿਸ ਵਿਚ ਗੁਜਰਾਤ ਅਤੇ ਬੰਗਲੌਰ ਵਰਗਾ ਵੱਡਾ ਕਾਂਡ ਕਰਨ ਦੀ ਸਮਰੱਥਾ ਸੀ।***

ਇਸ ਮਾਮਲੇ ਦੀ ਜਾਂਚ ਕਰ ਰਹੀ ਉਤਰ ਪ੍ਰਦੇਸ਼ ਦੇ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨੂੰ ਮਾਰੇ ਗਏ ਦਹਿਸ਼ਤਗਰਦਾਂ ਦੇ ਸੈੱਲਫ਼ੋਨ ਮਿਲੇ। ਇਨ੍ਹਾਂ ਸੈੱਲਫ਼ੋਨ ਤੋਂ ਹਮਲਾ ਹੋਣ ਤੋਂ ਪਹਿਲੇ ਦੋ ਮਹੀਨਿਆਂ ਵਿਚ ਕਈ ਵਾਰ ਮੁੰਬਈ ਦੇ ਦੋ ਸੈੱਲ ਫ਼ੋਨਾਂ ਉਪਰ ਸੰਪਰਕ ਕੀਤਾ ਗਿਆ ਸੀ। ਜਾਂਚ ਵਿਚ ਖ਼ੁਲਾਸਾ ਹੋਇਆ ਕਿ ਮੁੰਬਈ ਦੇ ਦੋ ਸੈੱਲਫ਼ੋਨਾਂ ਦੇ ਲਈ ਫਰਜ਼ੀ ਨਾਂਵਾਂ ਉਪਰ ਸਿਮ ਕਾਰਡ ਲਏ ਗਏ ਸਨ। ਇਨ੍ਹਾਂ ਦੋਵਾਂ ਸੈੱਲਫ਼ੋਨਾਂ ਦੇ ਕਾਲ ਰਿਕਾਰਡ ਦੀ ਪੂਰੀ ਜਾਂਚ ਕਰਨ ਤੋਂ ਬਾਅਦ ਪਤਾ ਲੱਗ ਸਕਦਾ ਸੀ ਕਿ ਮੁੰਬਈ ਦੇ ਉਹ ਦੋ ਮੁਖੀ ਕੌਣ ਸਨ ਜਿਨ੍ਹਾਂ ਨਾਲ ਕਾਨਪੁਰ ਦੇ ਦੋਵਾਂ ਦਹਿਸ਼ਤਗਰਦਾਂ ਦੀ ਗੱਲਬਾਤ ਹੋਈ ਸੀ; ਲੇਕਿਨ ਜਾਣ-ਬੁਝ ਕੇ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਨਹੀਂ ਕੀਤੀ ਗਈ।

6) ਕੁਨੂਰ (ਕੇਰਲਾ) ਨਵੰਬਰ 2008 ਬੰਬ ਧਮਾਕਾ।

ਦਸ ਨਵੰਬਰ 2008 ਨੂੰ ਕੇਰਲਾ ਸੂਬੇ ਦੇ ਕੁਨੂਰ ਜ਼ਿਲ੍ਹੇ ਵਿਚ ਬੰਬ ਤਿਆਰ ਕਰਦੇ ਵਕਤ ਧਮਾਕਾ ਹੋਇਆ ਅਤੇ ਉਸ ਵਿਚ ਆਰ.ਐਸ.ਐਸ. ਦੇ ਦੋ ਦਹਿਸ਼ਤਗਰਦਾਂ ਦੀ ਮੌਤ ਹੋ ਗਈ। ਦੂਜੇ ਦਿਨ ਜਦੋਂ ਇਮਾਰਤ ਦੀ ਜਾਂਚ ਕੀਤੀ ਗਈ ਤਾਂ ਵਾਰਦਾਤ ਵਾਲੀ ਥਾਂ ਤੋਂ 200 ਮੀਟਰ ਦੇ ਫ਼ਾਸਲੇ ਉਪਰ ਭਾਜਪਾ ਦੇ ਆਗੂ ਸ੍ਰੀ ਪ੍ਰਕਾਸ਼ਨ ਦੇ ਘਰ ਵਿਚ 18 ਦੇਸੀ ਬੰਬ ਬਰਾਮਦ ਕੀਤੇ ਗਏ। ਪੁਲਿਸ ਨੇ ਇਸ ਉਪਰ ਚਾਰਜਸ਼ੀਟ ਤਿਆਰ ਕਰ ਕੇ ਅਦਾਲਤ ਵਿਚ ਭੇਜ ਦਿੱਤੀ।

7) ਮੜਗਾਓਂ (ਗੋਆ) ਅਕਤੂਬਰ 2009 ਬੰਬ ਧਮਾਕਾ।

16 ਅਕਤੂਬਰ 2009 ਨੂੰ ਦੀਵਾਲੀ ਦੀ ਪੂਰਵ ਸੰਧਿਆ ਉਪਰ ਗੋਆ ਦੇ ਮੜਗਾਓਂ ਜਿਥੇ ਦੀਵਾਲੀ ਮਨਾਉਣ ਲਈ ਹਿੰਦੂ ਵੱਡੀ ਤਾਦਾਦ ਵਿਚ ਜੁੜਦੇ ਹਨ, ਵਿਚਸਨਾਤਨ ਸੰਸਥਾ ਦੇ ਦਹਿਸ਼ਤਗਰਦਾਂ ਨੇ ਬੰਬ ਧਮਾਕਾ ਕਰਨ ਦੀ ਕੋਸ਼ਿਸ਼ ਕੀਤੀ; ਲੇਕਿਨ ਮੁਲਕ ਦੀ ਖੁਸ਼ਕਿਸਮਤੀ ਇਹ ਰਹੀ ਕਿ ਜਦੋਂ ਬੰਬ ਰੱਖਿਆ ਜਾ ਰਿਹਾ ਸੀ, ਉਸ ਵਕਤ ਧਮਾਕਾ ਹੋਇਆ ਅਤੇ ਉਸ ਵਿਚ ਮਲਗੌਂਡਾ ਪਾਟਿਲ ਤੇ ਯੋਗੇਸ਼ ਨਾਇਕ, ਸਨਾਤਨ ਸੰਸਥਾ ਦੇ ਇਨ੍ਹਾਂ ਦੋ ਦਹਿਸ਼ਤਗਰਦਾਂ ਦੀ ਮੌਤ ਹੋ ਗਈ। ਵਾਰਦਾਤ ਤੋਂ ਬਾਅਦ ਪੁਲਿਸ ਨੇ ਦੋ ਬੰਬ ਨਕਾਰਾ ਕਰ ਦਿੱਤੇ।

ਦਹਿਸ਼ਤਗਰਦਾਂ ਦੀ ਮਨਸ਼ਾ ਸੀ ਕਿ ਯੋਜਨਾ ਕਾਮਯਾਬ ਹੋਣ 'ਤੇ ਉਸ ਦਾ ਇਲਜ਼ਾਮ ਮੁਸਲਮਾਨਾਂ ਉਪਰ ਲੱਗੇ। ਵਕੂਆ-ਏ-ਵਾਰਦਾਤ ਉਪਰ ਇਕ ਸ਼ਾਪਿੰਗ ਬੈਗ ਮਿਲਿਆ, ਉਸ ਉਪਰ ਉਰਦੂ ਵਿਚ 'ਖ਼ਾਨ ਮਾਰਕੀਟ' ਲਿਖਿਆ ਹੋਇਆ ਸੀ। ਨਾਲ ਹੀ ਬੈਗ ਵਿਚ ਮੁਸਲਿਮ ਜਿਸ ਤਰ੍ਹਾਂ ਦੇ ਇਤਰ ਇਸਤੇਮਾਲ ਕਰਦੇ ਹਨ, ਉਸ ਤਰ੍ਹਾਂ ਦੇ ਇਤਰ ਦੀ ਸ਼ੀਸ਼ੀ ਵੀ ਸੀ। ਜੇ ਬੰਬ ਰੱਖਦੇ ਵਕਤ ਧਮਾਕੇ ਨਾ ਹੋ ਕੇ ਸਾਜ਼ਿਸ਼ੀਆਂ ਵਲੋਂ ਤੈਅ ਕੀਤੇ ਵਕਤ ਅਨੁਸਾਰ ਧਮਾਕਾ ਹੋਇਆ ਹੁੰਦਾ ਤਾਂ ਆਈ.ਬੀ. ਅਤੇ ਬ੍ਰਾਹਮਣਵਾਦੀ ਗ਼ਲਬੇ ਵਾਲੇ ਮੀਡੀਆ ਨੇ ਮੁਸਲਮਾਨਾਂ ਦੀ ਤਰਫ਼ ਉਂਗਲ ਕਰਨੀ ਸ਼ੁਰੂ ਕਰ ਦੇਣੀ ਸੀ।

ਇਸ ਮਾਮਲੇ ਦੀ ਜਾਂਚ ਗੋਆ ਪੁਲਿਸ ਨੇ ਕੀਤੀ ਜਿਸ ਵਿਚ ਸਨਾਤਨ ਸੰਸਥਾ ਅਤੇ ਅਭਿਨਵ ਭਾਰਤ ਦੇ ਦਹਿਸ਼ਤਗਰਦ ਲੈਫਟੀਨੈਂਟ ਕਰਨਲ ਪੁਰੋਹਿਤ ਤੇ ਪ੍ਰੱਗਿਆ ਸਿੰਘ ਠਾਕੁਰ ਦਰਮਿਆਨ ਸਬੰਧ ਹੋਣ ਦੀ ਗੱਲ ਸਾਹਮਣੇ ਆਈ।

ਇਸ ਮਾਮਲੇ ਦੀ ਜਾਂਚ ਤੋਂ ਬਾਅਦ ਪੁਲਿਸ ਨੇ ਹੇਠ ਦਿੱਤੇ 11 ਮੁਲਜ਼ਮਾਂ ਦੇ ਖ਼ਿਲਾਫ਼ ਚਾਰਜਸ਼ੀਟ ਦਰਜ ਕੀਤੀ: ਮਲਗੌਂਡਾ (ਬੰਬ ਲਿਜਾਂਦੇ ਵਕਤ ਮਾਰਿਆ ਗਿਆ), ਯੋਗੇਸ਼ ਨਾਇਕ (ਬੰਬ ਲਿਜਾਂਦੇ ਵਕਤ ਮਾਰਿਆ ਗਿਆ), ਵਿਨੈ ਤਲੇਕਰ, ਵਿਨਾਇਕ ਪਾਟਿਲ; ਧਨੰਜੇ ਕੇਸ਼ਵ ਅਸ਼ਟੇਕਰ, ਦਿਲੀਪ ਮਡਗਾਂਵਕਰ, ਪ੍ਰਸ਼ਾਂਤ ਅਸ਼ਟੇਕਰ, ਸਾਰੰਗ ਕੁਲਕਰਣੀ (ਫ਼ਰਾਰ), ਜੈਪ੍ਰਕਾਸ਼/ਅੰਨਾ (ਫ਼ਰਾਰ), ਰੁਦਰ ਪਾਟਿਲ (ਫ਼ਰਾਰ) ਅਤੇ ਪ੍ਰਸ਼ਾਂਤ ਜੁਵੇਕਰ।

ਧਨੰਜੇ ਅਸ਼ਟੇਕਰ ਨੇ ਪੁਣੇ ਵਿਚ 12 ਬੰਬ ਬਣਾਏ ਸਨ, ਉਨ੍ਹਾਂ ਵਿਚੋਂ ਪੰਜ ਮੜਗਾਓਂ ਵਿਚ ਇਸਤੇਮਾਲ ਕੀਤੇ ਗਏ ਸਨ। ਬਾਕੀ ਬੰਬ ਕਿਥੇ ਇਸਤੇਮਾਲ ਕੀਤੇ ਗਏ, ਇਸ ਦੀ ਜਾਂਚ ਨਹੀਂ ਕੀਤੀ ਗਈ।



2006 ਵਿਚ ਨਾਂਦੇੜ ਬੰਬ ਧਮਾਕੇ ਦੀ ਜਾਂਚ ਕਰ ਰਹੇ ਅਫਸਰ।

#

## ਅਧਿਆਏ 6
## ਹੋਰ ਬੰਬ/ਬੰਬ ਧਮਾਕੇ

### 1) ਲਾਂਬਾ ਖੇਰਾ (ਭੋਪਾਲ, ਮੱਧ ਪ੍ਰਦੇਸ਼)

ਦਸੰਬਰ 2003 'ਚ ਭੋਪਾਲ ਦੇ ਲਾਂਬਾ ਖੇਰਾ ਕੰਪਲੈਕਸ ਵਿਚ ਪੁਲਿਸ ਨੇ ਦੋ ਸ਼ਕਤੀਸ਼ਾਲੀ ਬੰਬ ਬਰਾਮਦ ਕੀਤੇ। ਜਾਂਚ ਤੋਂ ਪਤਾ ਲੱਗਿਆ ਕਿ 'ਤਬਲੀਗੀ ਜਮਾਤ' (ਮੁਸਲਮਾਨਾਂ ਦੀ ਧਾਰਮਿਕ ਜਥੇਬੰਦੀ) ਦੇ ਇਜਿਤਸਾ (ਸੰਮੇਲਨ) ਜਿਸ ਵਿਚ ਪੰਜ ਲੱਖ ਤੋਂ ਵੱਧ ਮੁਸਲਿਮ ਇਕੱਠੇ ਹੋਣ ਜਾ ਰਹੇ ਸਨ, ਉਸ ਉਪਰ ਹਮਲਾ ਕਰਨ ਲਈ ਇਨ੍ਹਾਂ ਦੋ ਬੰਬਾਂ ਦਾ ਇਸਤੇਮਾਲ ਕਰਨ ਦੀ ਯੋਜਨਾ ਸੀ। ਇਸ ਯੋਜਨਾ ਦੇ ਮੁੱਖ ਸਾਜ਼ਿਸ਼ਘਾੜੇ ਰਾਮਨਰਾਇਣ ਕਾਲਸੰਗਰਾ ਅਤੇ ਸੁਨੀਲ ਜੋਸ਼ੀ ਸਨ। ਇਹ ਦੋਵੇਂ ਆਰ.ਐਸ.ਐਸ. ਅਤੇ ਅਭਿਨਵ ਭਾਰਤ ਨਾਲ ਸਬੰਧਤ ਸਨ। ਬਾਅਦ ਵਿਚ ਸੁਨੀਲ ਜੋਸ਼ੀ ਦੀ ਹੱਤਿਆ ਹੋ ਗਈ ਅਤੇ ਰਾਮਨਰਾਇਣ ਕਾਲਸੰਗਰਾ ਫ਼ਰਾਰ ਹੋ ਗਿਆ। ਜਾਂਚ ਵਿਚ ਆਰ.ਐਸ.ਐਸ., ਅਭਿਨਵ ਭਾਰਤ ਅਤੇ ਬਜਰੰਗ ਦਲ ਨਾਲ ਸਬੰਧਤ ਹੋਰ ਵਿਅਕਤੀਆਂ ਤੋਂ ਵੀ ਪੁੱਛਗਿੱਛ ਕੀਤੀ ਗਈ; ਲੇਕਿਨ ਫਿਰ ਇਸ ਮਾਮਲੇ ਦਾ ਕੀ ਬਣਿਆ, ਇਸ ਦਾ ਅਜੇ ਤਕ ਕੋਈ ਪਤਾ ਨਹੀਂ ਲੱਗਿਆ ਹੈ।

### 2) ਤੇਨਕਾਸ਼ੀ (ਤਾਮਿਲਨਾਡੂ)

24 ਜਨਵਰੀ 2008 ਨੂੰ ਤਾਮਿਲਨਾਡੂ ਦੇ ਤਿਰੂਨੇਲਵੇਦੀ ਜ਼ਿਲ੍ਹੇ ਦੇ ਤੇਨਕਾਸ਼ੀ (ਦਕਸ਼ਿਣ ਕਾਸ਼ੀ) ਦੇ ਆਰ.ਐਸ.ਐਸ. ਦਫ਼ਤਰ ਵਿਚ ਬੰਬ ਧਮਾਕਾ ਹੋਇਆ ਸੀ। ਸ਼ੁਰੂ ਵਿਚ ਮੁਸਲਿਮ ਜਥੇਬੰਦੀ ਉਪਰ ਸ਼ੱਕ ਕੀਤਾ ਗਿਆ ਸੀ; ਲੇਕਿਨ ਬਾਅਦ ਵਿਚ ਤਾਮਿਲਨਾਡੂ ਪੁਲਿਸ ਨੇ ਬਾਰੀਕੀ ਵਿਚ ਜਾਂਚ ਕੀਤੀ ਅਤੇ ਇਸ ਮਾਮਲੇ ਵਿਚ ਸੰਘ ਨਾਲ ਜੁੜੇ 8 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਾਂਚ ਵਿਚ ਪਤਾ ਲੱਗਿਆ ਕਿ ਵਾਰਦਾਤ ਦੀ ਸਾਜ਼ਿਸ਼ ਜੁਲਾਈ 2007 ਤੋਂ ਹੀ ਚੱਲ ਰਹੀ ਸੀ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਦੇ 8 ਬੰਬ ਬਣਾਏ ਸਨ। ਪੁਲਿਸ ਨੇ ਬੰਬ ਤਿਆਰ ਬਣਾਉਣ ਦੀ ਸਮੱਗਰੀ ਅਤੇ ਕੁਝ ਬੰਬ ਜ਼ਬਤ ਕੀਤੇ। ਮੁਲਜ਼ਮਾਂ ਨੇ ਮੰਨਿਆ ਕਿ ਜਾਤੀ ਭੇਦਭਾਵ ਫੈਲਾਉਣ ਦੀ ਦ੍ਰਿਸ਼ਟੀ ਨਾਲ ਉਨ੍ਹਾਂ ਨੇ ਇਹ ਵਾਰਦਾਤ ਕਰਵਾਈ ਸੀ। ਪੁਲਿਸ ਨੇ ਜਾਂਚ ਪੂਰੀ ਕਰ ਕੇ ਅਦਾਲਤ ਵਿਚ ਭੇਜ ਦਿੱਤੀ।

### 3) ਪਨਵੇਲ

20 ਫਰਵਰੀ 2008 ਨੂੰ ਮੁੰਬਈ ਤੋਂ 50 ਕਿਲੋਮੀਟਰ ਦੀ ਦੂਰੀ ਉਪਰ ਸਥਿਤ ਪਨਵੇਲ ਦੇ ਸਿਨੇਰਾਜ ਟਾਕੀਜ਼ ਵਿਚ 'ਜੋਧਾ ਅਕਬਰ' ਫਿਲਮ ਲੱਗੀ ਹੋਈ ਸੀ। ਉਸੇ ਵਕਤ ਬੰਬ ਧਮਾਕਾ ਹੋਇਆ। ਹੇਮੰਤ ਕਰਕਰੇ ਦੀ ਅਗਵਾਈ ਵਿਚ ਮਹਾਰਾਸ਼ਟਰ ਏ.ਟੀ.ਐਸ. ਨੇ ਵਾਰਦਾਤ ਦੀ ਜਾਂਚ ਕੀਤੀ। ਇਸ ਤੋਂ ਪਤਾ ਲੱਗਿਆ ਕਿ ਟਾਕੀਜ਼ ਵਿਚ ਬੰਬ ਸਨਾਤਨ ਸੰਸਥਾ ਦੇ ਦਹਿਸ਼ਤਗਰਦਾਂ ਨੇ ਰੱਖੇ ਸਨ। ਇਸ ਨਾਲ ਸਬੰਧਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਚਾਰਜਸ਼ੀਟ ਅਦਾਲਤ ਵਿਚ ਭੇਜੀ ਗਈ।

4) 31 ਮਈ 2008 ਵਿਚ ਵਾਸ਼ੀ, ਨਵੀ ਮੁੰਬਈ ਸਥਿਤ ਸਿਨੇਮਾਘਰ ਵਿਚ ਪਲਾਸਟਿਕ ਦੇ ਬੈਗ ਵਿਚ ਕੁਝ ਬੰਬ ਮਿਲੇ ਸਨ। ਵਕਤ ਸਿਰ ਪਤਾ ਲੱਗਣ ਨਾਲ ਬੰਬ ਡਿਟੈਕਸ਼ਨ ਅਤੇ ਡਿਸਪੋਜ਼ਲ ਸੁਕਐਡ ਦੀ ਮਦਦ ਨਾਲ ਪੁਲਿਸ ਬੰਬ ਨਕਾਰਾ ਕਰਨ ਵਿਚ ਕਾਮਯਾਬ ਹੋ ਗਈ। ਜਾਂਚ ਤੋਂ ਪਤਾ ਲੱਗਿਆ ਕਿ ਬੰਬ ਸਨਾਤਨ ਸੰਸਥਾ ਦੇ ਦਹਿਸ਼ਤਗਰਦਾਂ ਨੇ ਰੱਖੇ ਸਨ। ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਫ਼ਾਈਲ ਅਦਾਲਤ ਵਿਚ ਭੇਜੀ ਗਈ। ਇਸ ਮਾਮਲੇ ਵਿਚ ਵਿਕਰਮ ਭਾਵੇ ਅਤੇ ਰਮੇਸ਼ ਗਡਕਰੀ ਨਾਂ ਦੇ ਸਨਾਤਨ ਸੰਸਥਾ ਦੇ ਦੋ ਦਹਿਸ਼ਤਗਰਦਾਂ ਨੂੰ 10-10 ਸਾਲ ਦੀ ਸਜ਼ਾ ਸੁਣਾਈ ਗਈ।

### 5) ਠਾਣੇ

4 ਜੂਨ 2008 ਨੂੰ ਠਾਣੇ ਦੇ 'ਗਡਕਰੀ ਰੰਗਾਯਤਨ' ਥੀਏਟਰ ਵਿਚ 'ਆਮਹੀ ਪਾਚਪੂਤੇ' ਮਰਾਠੀ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਬੰਬ ਧਮਾਕਾ ਹੋਇਆ। ਇਸ ਵਿਚ 7 ਲੋਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਏ.ਟੀ.ਐਸ. ਨੇ ਵਕੂਆ-ਏ-ਵਾਰਦਾਤ ਦੀ ਜਾਂਚ ਕੀਤੀ। ਇਸ ਦੌਰਾਨ ਸਪਸ਼ਟ ਹੋਇਆ ਕਿ ਵਾਰਦਾਤ ਦੇ ਪਿੱਛੇ ਸਨਾਤਨ ਸੰਸਥਾ, ਹਿੰਦੂ ਜਾਗਰਨ ਸਮਿਤੀ ਆਦਿ ਬ੍ਰਾਹਮਣਵਾਦੀ ਜਥੇਬੰਦੀਆਂ ਦਾ ਹੱਥ ਸੀ। ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਕੁਝ ਮੁਲਜ਼ਮਾਂ ਦੇ ਬਿਆਨਾਂ ਉਪਰ ਪੇਣ ਅਤੇ ਸਤਾਰਾ ਤੋਂ ਭਾਰੀ ਮਾਤਰਾ ਵਿਚ ਧਮਾਕਾਖੇਜ਼ ਸਮੱਗਰੀ ਜ਼ਬਤ ਕੀਤੀ ਗਈ। ਪੁਲਿਸ ਨੇ ਜਾਂਚ ਤੋਂ ਬਾਅਦ ਚਾਰਜਸ਼ੀਟ ਅਦਾਲਤ ਵਿਚ ਭੇਜੀ। ਅਦਾਲਤ ਨੇ ਇਸ ਮਾਮਲੇ ਵਿਚ ਵਿਕਰਮ ਭਾਵੇ ਅਤੇ ਰਮੇਸ਼ ਗਡਕਰੀ ਇਨ੍ਹਾਂ ਦੋਵਾਂ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਹਰ ਨੂੰ 10 ਸਾਲ ਦੀ ਸਜ਼ਾ ਸੁਣਾਈ।

*(ਚਲਦਾ)*

# Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*

*Divorce *Annulment
*International Custody

**INCORPORATIONS** *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

Transportation Funding Group, Inc.
Minneapolis , MN 55426



# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
**1-800-RAJ-SYAN**
*(with 17 years Experienced)*

**Call:734-261-0936**
**734-890-1767**

e-mail: raj@syanvideo.com
visit at: www.syanvideo.com



# TRUCK STOP 40

SAYRE, OK 73662

## ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

# ਅਭੈ ਦਿਓਲ ਨੂੰ ਸ਼ਾਬਾਸ਼

## ਗੋਰੇ ਰੰਗ ਵਾਲੀਆਂ ਕਰੀਮਾਂ ਖਿਲਾਫ ਚਲਾਈ ਮੁਹਿੰਮ



ਵੱਖ-ਵੱਖ ਮੁੱਦਿਆਂ 'ਤੇ ਜ਼ਬਰਦਸਤ ਢੰਗ ਨਾਲ ਆਵਾਜ਼ ਉਠਾਉਣ ਵਾਲਾ ਅਦਾਕਾਰ ਅਭੈ ਦਿਓਲ ਇਕ ਵਾਰ ਫਿਰ ਹਾਜ਼ਰ ਹੋਇਆ। ਇਸ ਵਾਰ ਉਸ ਨੇ ਰੰਗ ਗੋਰਾ ਕਰਨ ਵਾਲੀਆਂ ਕਰੀਮਾਂ ਦੇ ਇਸ਼ਤਿਹਾਰ ਕਰਨ ਵਾਲੇ ਅਦਾਕਾਰਾਂ 'ਤੇ ਵਿਅੰਗ ਦੇ ਬਾਣ ਚਲਾਏ ਹਨ ਅਤੇ ਇਸ ਨੂੰ ਨਸਲਪ੍ਰਸਤੀ ਨਾਲ ਜੋੜਿਆ ਹੈ। ਸੋਸ਼ਲ ਮੀਡੀਆ 'ਤੇ ਫਿਲਮ ਅਦਾਕਾਰ ਜੌਹਨ ਅਬਰਾਹਮ, ਸ਼ਾਹਰੁਖ ਖਾਨ, ਸੋਨਮ ਕਪੂਰ, ਵਿਦਿਆ ਬਾਲਨ, ਸ਼ਾਹਿਦ ਕਪੂਰ, ਦੀਪਿਕਾ ਪਾਦੂਕੋਨ, ਸਿਧਾਰਥ ਮਲਹੋਤਰਾ ਅਤੇ ਇਲੀਆਨਾ ਡੀਕਰੂਜ਼ ਉਤੇ ਤਨਜ਼ ਕੱਸਦਿਆਂ ਉਸ ਨੇ ਕਿਹਾ ਹੈ ਕਿ ਇਨ੍ਹਾਂ ਵੱਲੋਂ ਕਰੀਮਾਂ ਦੀ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਨਸਲਪ੍ਰਸਤੀ ਹੀ ਤਾਂ ਹੈ। ਆਪਣੀ ਪੋਸਟ ਦੇ ਅਖੀਰ ਵਿਚ ਉਸ ਨੇ ਸਉਲੀ ਅਦਾਕਾਰਾ ਤੇ ਫਿਲਮਸਾਜ਼ ਨੰਦਿਤਾ ਦਾਸ ਬਾਰੇ ਵੀ ਜ਼ਿਕਰ ਕੀਤਾ ਹੈ ਜੋ 'ਬਲੈਕ ਇਜ਼ ਬਿਊਟੀ' ਦਾ ਅਕਸਰ ਪ੍ਰਚਾਰ ਕਰਦੀ ਹੈ ਅਤੇ ਕਹਿੰਦੀ ਹੈ ਕਿ ਮਸਲਾ ਗੋਰੇ ਰੰਗ ਵਾਲੀ ਸੋਹਣੀ ਸੂਰਤ ਦਾ ਨਹੀਂ, ਬਲਕਿ ਹਮਦਰਦ ਦਿਲ ਵਾਲੀ ਸੀਰਤ ਦਾ ਹੁੰਦਾ ਹੈ। ਅਭੈ ਦਿਓਲ ਦੇ ਇਸ ਵਿਅੰਗ ਬਾਣ ਦਾ ਦਰਦ ਸਭ ਅਦਾਕਾਰਾਂ ਨੇ ਸਹਾਰ ਲਿਆ, ਪਰ ਸੋਨਮ ਕਪੂਰ ਟਵੀਟ ਕਰਨ ਤੋਂ ਨਾ ਰਹਿ ਸਕੀ। ਉਸ ਨੇ ਅਭੈ ਦਾ ਧੰਨਵਾਦ ਤਾਂ ਕੀਤਾ ਕਿ ਉਸ ਨੂੰ ਅਣਜਾਣਪੁਣੇ ਵਿਚ ਕੀਤੀ ਗ਼ਲਤੀ ਅਹਿਸਾਸ ਕਰਵਾਇਆ ਹੈ, ਪਰ ਨਾਲ ਹੀ ਇਹ ਵੀ ਟਵੀਟ ਕਰ ਦਿੱਤਾ ਕਿ ਉਸ ਦੀ ਚਚੇਰੀ ਭੈਣ ਈਸ਼ਾ ਦਿਓਲ ਨੇ ਵੀ ਤਾਂ ਅਜਿਹਾ ਇਸ਼ਤਿਹਾਰ ਕੀਤਾ ਸੀ। ਇਸ 'ਤੇ ਅਭੈ ਦਿਓਲ ਨੇ ਤੁਰੰਤ ਜਵਾਬ ਦਿੱਤਾ ਕਿ ਈਸ਼ਾ ਵੀ ਇਸ ਮਾਮਲੇ ਵਿਚ ਗਲਤ ਹੀ ਹੈ! ਉਸ ਨੇ ਸੋਨਮ ਕਪੂਰ ਨੂੰ ਉਸ ਦੀ ਪੋਸਟ ਦੁਬਾਰਾ ਧਿਆਨ ਨਾਲ ਪੜ੍ਹਨ ਦੀ ਤਾਕੀਦ ਵੀ ਕੀਤੀ। ਇਸ ਤੋਂ ਬਾਅਦ ਸੋਨਮ ਨੇ ਆਪਣੇ ਸਾਰੇ ਟਵੀਟ ਉਡਾ ਦਿੱਤੇ। ਅਭੈ ਦਿਓਲ ਵੱਲੋਂ ਗੋਰੇ ਰੰਗ ਵਾਲਿਆਂ ਕਰੀਮਾਂ ਖਿਲਾਫ਼ ਵਿੱਢੀ ਇਸ ਮੁਹਿੰਮ ਲਈ ਉਸ ਨੂੰ ਹਰ ਪਾਸਿਓਂ ਸ਼ਾਬਾਸ਼ ਮਿਲ ਰਹੀ ਹੈ। ਦਰਅਸਲ, ਇਹ ਮਸਲਾ ਭਾਜਪਾ ਦੇ ਆਗੂ ਤਰੁਣ ਵਿਜੇ ਦੀ ਟਿੱਪਣੀ ਤੋਂ ਸ਼ੁਰੂ ਹੋਇਆ ਸੀ। ਨੋਇਡਾ ਵਿਚ ਨਾਇਜੀਰੀਅਨ ਵਿਦਿਆਰਥੀ ਦੀ ਕੁੱਟਮਾਰ ਦਾ ਮਸਲਾ ਬਹੁਤ ਭਖ ਗਿਆ ਸੀ ਅਤੇ ਇਸ ਨੂੰ ਨਸਲੀ ਵਿਤਕਰਾ ਹੀ ਮੰਨਿਆ ਗਿਆ, ਕਿਹਾ ਗਿਆ ਕਿ ਭਾਰਤੀਆਂ ਦੀ ਵੱਡੀ ਗਿਣਤੀ ਰੰਗ ਅਤੇ ਇਲਾਕੇ ਦੇ ਆਧਾਰ 'ਤੇ ਅਕਸਰ ਵਿਤਕਰਾ ਕਰਦੀ ਹੈ। ਇਸ 'ਤੇ ਤਰੁਣ ਵਿਜੇ ਨੇ ਕਿਹਾ ਸੀ ਕਿ ਭਾਰਤ ਦੇ ਦੱਖਣ ਵਿਚ ਕਾਲੇ ਲੋਕ ਹੀ ਰਹਿੰਦੇ ਹਨ ਅਤੇ ਅਸੀਂ ਉਨ੍ਹਾਂ ਨਾਲ ਵੀ ਤਾਂ ਰਹਿੰਦੇ ਹੀ ਹਾਂ! ਇਸ 'ਤੇ ਸਿਆਸੀ ਘਮਸਾਣ ਸ਼ੁਰੂ ਹੋ ਗਿਆ ਅਤੇ ਅਭੈ ਦਿਓਲ ਨੇ ਤਰੁਣ ਵਿਜੇ ਦੇ ਨਾਲ ਨਾਲ ਆਪਣੇ ਸਾਥੀ ਕਲਾਕਾਰਾਂ ਨੂੰ ਵੀ ਨਿਸ਼ਾਨੇ 'ਤੇ ਲੈ ਆਂਦਾ।

*-ਗੁਰਜੰਟ ਸਿੰਘ*

# 'ਹਿੰਦੀ ਮੀਡੀਅਮ' ਰਾਹੀਂ ਦਸਤਕ



ਸਬਾ ਕਮਰ

ਪਿਛਲੇ ਸਾਲ ਪਾਕਿਸਤਾਨੀ ਕਲਾਕਾਰਾਂ ਖਿਲਾਫ਼ ਉਠਿਆ ਤੂਫ਼ਾਨ ਭਾਰਤੀ ਫਿਲਮ ਜਗਤ ਵਿਚ ਹੁਣ ਕੁਝ ਕੁ ਮੱਠਾ ਪੈ ਗਿਆ ਹੈ ਅਤੇ ਪਹਿਲਾਂ ਸਾਈਨ ਕੀਤੀਆਂ ਫਿਲਮਾਂ ਹੌਲੀ-ਹੌਲੀ ਰਿਲੀਜ਼ ਹੋ ਰਹੀਆਂ ਹਨ। ਪਿਛੇ ਜਿਹੇ ਮਹੀਰਾ ਖਾਨ ਦੀ ਫਿਲਮ 'ਰਈਸ' ਰਿਲੀਜ਼ ਹੋਈ ਅਤੇ ਹੁਣ ਮਸ਼ਹੂਰ ਪਾਕਿਸਤਾਨੀ ਅਦਾਕਾਰਾ ਸਬਾ ਕਮਰ ਦੀ ਫਿਲਮ 'ਹਿੰਦੀ ਮੀਡੀਅਮ' 12 ਮਈ ਨੂੰ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਵਿਚ ਸਬਾ ਕਮਰ ਅਤੇ ਇਰਾਫ਼ਨ ਖਾਨ ਨੇ ਮੱਧ ਵਰਗੀ ਮਾਪਿਆਂ ਦਾ ਕਿਰਦਾਰ ਨਿਭਾਇਆ ਹੈ ਜੋ ਆਪਣੀ ਬੱਚੀ ਨੂੰ ਉਚ ਵਰਗ ਵਿਚ ਸ਼ਾਮਲ ਕਰਵਾਉਣ ਹਿੱਤ ਅੰਗਰੇਜ਼ੀ ਮੀਡੀਅਮ ਸਕੂਲ ਵਿਚ ਪੜ੍ਹਾਉਣ ਲਈ ਦਿਨ-ਰਾਤ ਇਕ ਕਰ ਦਿੰਦੇ ਹਨ। ਸਬਾ ਇਸ ਫਿਲਮ ਨਾਲ ਪਹਿਲੀ ਵਾਰ ਹਿੰਦੀ ਫਿਲਮ ਜਗਤ ਵਿਚ ਦਾਖ਼ਲ ਹੋ ਰਹੀ ਹੈ। ਉਸ ਦਾ ਕਹਿਣਾ ਹੈ ਕਿ ਇਹ ਫਿਲਮ ਹਰ ਘਰ ਪਰਿਵਾਰ ਨਾਲ ਜੁੜੀ ਹੋਈ ਹੈ। ਇਹ ਪਰਿਵਾਰ ਹੁਣ ਆਪਣੀ ਬੋਲੀ ਕਰ ਕੇ ਸ਼ਰਮਸਾਰ ਮਹਿਸੂਸ ਕਰਨ ਲੱਗ ਪਏ ਹਨ। ਮਸਲਾ ਇਹ ਹੈ ਕਿ ਅੰਗਰੇਜ਼ੀ ਭਾਸ਼ਾ 'ਸਟੇਟਸ ਸਿੰਬਲ' ਬਣ ਗਈ ਹੈ। ਹਿੰਦੀ ਹੋਵੇ ਜਾਂ ਪੰਜਾਬੀ ਜਾਂ ਉਰਦੂ, ਹਰ ਕੋਈ ਇਨ੍ਹਾਂ ਦੀ ਥਾਂ ਅੰਗਰੇਜ਼ੀ ਨੂੰ ਪਹਿਲ ਦੇ ਰਿਹਾ ਹੈ। ਸਬਾ ਪਾਕਿਸਤਾਨੀ ਫਿਲਮਾਂ ਅਤੇ ਟੈਲੀਵਿਜ਼ਨ ਲੜੀਵਾਰਾਂ ਵਿਚ ਵਾਹਵਾ ਜਸ ਖੱਟ ਚੁੱਕੀ ਹੈ। 'ਧੂਪ ਮੇਂ ਅੰਧੇਰਾ ਹੈ' ਲੜੀਵਾਰ ਰਾਹੀਂ ਉਸ ਨੇ ਵੱਖਰੀ ਪਛਾਣ ਬਣਾਈ ਸੀ।



ਸਬਾ ਕਮਰ ਅਤੇ ਇਰਫਾਨ ਖਾਨ

*-ਹਰਕੀਰਤ ਕੌਰ*

# ਬੀ.ਆਰ. ਚੋਪੜਾ ਦੀਆਂ ਮੁਢਲੀਆਂ ਫਿਲਮਾਂ

1980 ਤੱਕ ਆਉਂਦਿਆਂ ਭਾਰਤੀ ਸਮਨਾਂਤਰ ਸਿਨੇਮਾ ਦੀ ਧਾਰਾ ਮੱਠੀ ਪੈ ਚੁੱਕੀ ਸੀ। ਇਸ ਦੌਰ ਵਿਚ ਭਾਰਤੀ ਅਰਥ ਵਿਵਸਥਾ ਅਤੇ ਸਿਆਸੀ ਪ੍ਰਣਾਲੀ ਦੇ ਹੁਣ ਤੱਕ ਚਲੇ ਆ ਰਹੇ ਮਾਡਲਾਂ ਅਤੇ ਨੀਤੀਆਂ ਉਤੇ ਲਗਾਤਾਰ ਸਵਾਲ ਉਠਣੇ ਸ਼ੁਰੂ ਹੋ ਗਏ ਸਨ। ਇਹ ਆਲਮੀਕਰਨ ਦੇ ਦੂਜੇ ਦੌਰ ਤੋਂ ਪਹਿਲਾ ਦਾ ਸਮਾਂ ਸੀ ਤੇ ਮੁਲਕ ਵਿਚ ਅਨਿਸ਼ਚਤਤਾ ਦਾ ਮਾਹੌਲ ਸੀ। ਭਾਰਤੀ ਸਿਨੇਮਾ ਵਿਚ ਹਰ ਤਰ੍ਹਾਂ ਦੀ ਫਿਲਮ ਬਣ ਰਹੀ ਸੀ। ਇਕ ਪਾਸੇ ਤਾਂ ਗੋਬਿੰਦ ਨਿਹਲਾਨੀ ਵਰਗੇ ਹੰਢੇ ਹੋਏ ਫਿਲਮਸਾਜ਼ 'ਆਕ੍ਰੋਸ਼' ਵਰਗੀ ਫਿਲਮ ਬਣਾ ਰਹੇ ਸਨ, ਦੂਜੇ ਪਾਸੇ 'ਆਪ ਤੋ ਐਸੇ ਨਾ ਥੇ' ਅਤੇ 'ਆਪ ਕੇ ਦੀਵਾਨੇ' ਵਰਗੀਆਂ ਫਿਲਮਾਂ ਵੀ ਧੜਾਧੜ ਬਣ ਰਹੀਆਂ ਸਨ ਤੇ ਲਗਾਤਾਰ ਹਿੱਟ ਹੋ ਰਹੀਆਂ ਸਨ। 1980 ਵਿਚ ਬਣੀਆਂ ਫਿਲਮਾਂ ਵਿਚੋਂ ਮਣੀ ਕੌਲ ਦੁਆਰਾ ਨਿਰਦੇਸ਼ਤ ਫਿਲਮ 'ਸਤਹ ਸੇ ਉਠਤਾ ਆਦਮੀ' ਆਪਣੀ ਵੱਖਰੀ ਪਟਕਥਾ ਅਤੇ ਦ੍ਰਿਸ਼ ਪੇਸ਼ਕਾਰੀ ਨਾਲ ਧਿਆਨ ਖਿੱਚਦੀ ਹੈ। ਦੂਜੇ ਪਾਸੇ ਰਾਮਸੇ ਭਰਾਵਾਂ ਦੀ ਨਿਰਦੇਸ਼ਤ ਕੀਤੀ ਫਿਲਮ 'ਅੰਧੇਰਾ' ਆਪਣੀ ਮਾੜੀ ਤਕਨੀਕ ਅਤੇ ਗਰੀਬੜੇ ਭੂਤਾਂ ਦੀ ਮੌਜੂਦਗੀ ਨਾਲ ਆਪਣੇ ਪੈਸੇ ਵਸੂਲ ਕਰਨ ਵਿਚ ਕਾਮਯਾਬ ਰਹਿੰਦੀ ਹੈ। ਤੀਜੇ ਪਾਸੇ ਅਜਿਹੀਆਂ ਫਿਲਮਾਂ ਵੀ ਲਗਾਤਾਰ ਬਣ ਰਹੀਆਂ ਸਨ ਜਿਨ੍ਹਾਂ ਵਿਚ ਡਾਕੂਆਂ ਤੇ ਠੱਗਾਂ ਦੀਆਂ ਫਾਰਮੂਲਾ ਆਧਾਰਤ ਕਹਾਣੀਆਂ ਨੂੰ ਗੀਤ-ਸੰਗੀਤ ਦਾ ਤੜਕਾ ਲਾ ਕੇ ਪਰੋਸਿਆ ਜਾਂਦਾ ਸੀ। ਅਜਿਹੀ ਹੀ ਇਕ ਫਿਲਮ ਸੀ 'ਚੰਬਲ ਕੀ ਕਸਮ'। ਇਹ ਫਿਲਮ ਰਾਮ ਮਹੇਸ਼ਵਰੀ ਨੇ ਨਿਰਦੇਸ਼ਤ ਕੀਤੀ ਸੀ ਤੇ ਫਿਲਮ ਵਿਚ ਸਰਪਟ ਭੱਜਦੇ ਘੋੜਿਆਂ ਅਤੇ ਡਾਕੂਆਂ ਤੇ ਪੁਲਿਸ ਦੀ ਲੁਕਣ-ਮੀਚੀ ਤੋਂ ਬਿਨਾਂ ਕੁਝ ਵੀ ਨਹੀਂ ਸੀ, ਪਰ ਇਹ ਫਿਲਮ ਵੀ ਆਪਣੇ ਪੈਸੇ ਵਸੂਲਣ ਵਿਚ ਕਾਮਯਾਬ ਰਹੀ। 'ਧਮਾਕਾ', 'ਧਨ ਦੌਲਤ' ਅਤੇ 'ਚੋਰੋਂ ਕੀ ਬਰਾਤ' ਵਰਗੀਆਂ ਸ਼ੁਧ ਮਨੋਰੰਜਕ ਫਿਲਮਾਂ ਸਨ ਜਿਨ੍ਹਾਂ ਵਿਚ ਸਸਤੇ ਬਜ਼ਾਰੂ ਸਾਹਿਤ 'ਤੇ ਆਧਾਰਤ ਪਟਕਥਾਵਾਂ ਨੂੰ ਮਸਾਲਾ ਲਾ ਕੇ ਪੇਸ਼ ਕਰਨ ਦਾ ਰੁਝਾਨ ਭਾਰੂ ਸੀ।


1982 ਵਿਚ ਆਈ ਫਿਲਮ 'ਇਨਸਾਫ ਕਾ ਤਰਾਜੂ' ਨੂੰ ਇਸ ਸਾਲ ਦਾ ਹਾਸਲ ਮੰਨਿਆ ਜਾ ਸਕਦਾ ਹੈ। ਇਸ ਫਿਲਮ ਨੂੰ ਸਮਾਜਿਕ ਸੁਨੇਹਾ ਦੇਣ ਵਾਲੀਆਂ ਉਨ੍ਹਾਂ ਚੰਦ ਫਿਲਮਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਬਾਲੀਵੁਡ ਵਾਲਾ ਪੂਰਾ ਮਿਰਚ-ਮਸਾਲਾ ਹੋਣ ਦੇ ਬਾਵਜੂਦ ਇਹ ਕਿਸੇ ਸਮਾਜਿਕ ਮੁੱਦੇ ਪ੍ਰਤੀ ਸਟੇਟ ਅਤੇ ਸਮਾਜ ਦੇ ਨਜ਼ਰੀਏ 'ਤੇ ਗੰਭੀਰ ਸਵਾਲ ਉਠਾਉਂਦੀਆਂ ਸਨ। ਇਸ ਫਿਲਮ ਨੇ ਭਾਰਤੀ ਸਿਨੇਮਾ ਨੂੰ ਕਈ ਤਰ੍ਹਾਂ ਨਾਲ ਬਦਲਿਆ। ਬਲਾਤਕਾਰ ਹੋਣ ਤੋਂ ਪਹਿਲਾਂ ਅਤੇ ਬਾਅਦ ਔਰਤ ਦੀ ਕਿਰਦਾਰਕੁਸ਼ੀ ਨਾਲ ਜੁੜੇ ਸਵਾਲਾਂ ਨਾਲ ਜੁੜੀ ਇਸ ਫਿਲਮ ਦੀ ਇਸ ਪੱਖੋਂ ਸਖਤ ਆਲੋਚਨਾ ਕੀਤੀ ਗਈ ਕਿ ਇਸ ਵਿਚ ਬਲਾਤਕਾਰ ਦਾ ਦ੍ਰਿ ਲੰਮਾ ਖਿੱਚਿਆ ਗਿਆ ਸੀ ਅਤੇ ਇਸ ਵਿਚ ਜ਼ੀਨਤ ਅਮਾਨ ਦੇ ਜਿਸਮ ਨੂੰ ਕੈਮਰੇ ਦੀ ਅੱਖ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਮੁੱਦੇ ਨਾਲ ਜੁੜੀ ਸੰਵੇਦਨਾ ਅਤੇ ਸੰਵੇਦਨਸ਼ੀਲਤਾ ਨੂੰ ਗਹਿਰੀ ਸੱਟ ਵੱਜੀ। ਦੂਜੇ ਪਾਸੇ ਇਸ ਨੂੰ ਫਿਲਮ ਦੇ ਨਿਰਦੇਸ਼ਕ ਬੀ.ਆਰ. ਚੋਪੜਾ ਦੀ ਸਮਝ ਨਾਲ ਜੋੜ ਕੇ ਦੇਖਿਆ ਗਿਆ ਜਿਨ੍ਹਾਂ ਦੀਆਂ ਫਿਲਮਾਂ ਆਪਣੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਕਾਰਨ




ਕੁਲਦੀਪ ਕੌਰ
ਫੋਨ: +91-98554-04330

ਦਰਸ਼ਕਾਂ ਵਿਚ ਖਾਸੀਆਂ ਮਕਬੂਲ ਸਨ। ਬੀ.ਆਰ. ਚੋਪੜਾ ਮੁਲਕ ਦੀ ਵੰਡ ਤੋਂ ਬਾਅਦ ਸ਼ਰਨਾਰਥੀ ਵਜੋਂ ਭਾਰਤ ਪਹੁੰਚੇ ਸਨ ਤੇ ਉਨ੍ਹਾਂ ਨੇ ਅਤਿ ਦੀ ਗਰੀਬੀ ਭੋਗੀ ਸੀ। ਜੇ ਮੁਲਕ ਦੀ ਵੰਡ ਨਾ ਹੁੰਦੀ ਤਾਂ ਹੋ ਸਕਦਾ ਸੀ ਕਿ ਉਹ ਸਾਰੀ ਉਮਰ ਲਾਹੌਰ ਦੇ ਅਖਬਾਰ 'ਸਿਨੇ ਹਾਰਲ਼ਡ' ਵਿਚ ਪੱਤਰਕਾਰੀ ਕਰਦੇ ਰਹਿੰਦੇ। ਉਨ੍ਹਾਂ ਅੰਗਰੇਜ਼ੀ ਵਿਚ ਐਮ.ਏ. ਕੀਤੀ ਹੋਈ ਸੀ ਅਤੇ ਆਪਣੀ ਬੇਬਾਕ ਲੇਖਣੀ ਲਈ ਲਾਹੌਰ ਦੇ ਵੱਖ-ਵੱਖ ਹਲਕਿਆਂ ਵਿਚ ਕਾਫੀ ਮਕਬੂਲ ਸਨ। ਉਨ੍ਹਾਂ ਨੇ ਆਪਣੀ ਪਹਿਲੀ ਫਿਲਮ 'ਅਫਸਾਨਾ' ਬਣਾ ਕੇ ਹੀ ਉਸ ਸਮੇਂ ਫਿਲਮਾਂ ਦੇ ਚੱਲ ਰਹੇ ਰੁਝਾਨ ਵਿਚ ਘੁਸਪੈਠ ਕਰ ਲਈ। ਫਿਲਮ ਸੁਪਰ ਹਿਟ ਰਹੀ ਅਤੇ ਬੀ.ਆਰ. ਚੋਪੜਾ ਖਬਰਾਂ ਵਿਚ ਆ ਗਏ। ਇਸ ਤੋਂ ਬਾਅਦ ਆਈ ਉਨ੍ਹਾਂ ਦੀ ਇਕ ਹੋਰ ਸੁਪਰ ਹਿਟ ਫਿਲਮ 'ਏਕ ਹੀ ਰਾਸਤਾ' ਸੀ ਜਿਸ ਵਿਚ ਉਨ੍ਹਾਂ ਵਿਧਵਾ-ਵਿਆਹ ਦੀ ਪੁਰਜ਼ੋਰ ਵਕਾਲਤ ਕੀਤੀ। ਉਨ੍ਹਾਂ ਦੀ ਫਿਲਮ 'ਸਾਧਨਾ' ਵੇਸਵਾ ਦੇ ਕਿੱਤੇ ਨਾਲ ਜੁੜੀਆਂ ਕੁੜੀਆਂ ਦੇ ਪੁਨਰ-ਨਿਵਾਸ ਦਾ ਸੁਨੇਹਾ ਦਿੰਦੀ ਹੈ।








ਫਿਲਮਸਾਜ਼ ਬੀ.ਆਰ. ਚੋਪੜਾ (ਐਨ ਸੱਜੇ) ਦੀ ਫਿਲਮ 'ਇਨਸਾਫ ਕਾ ਤਰਾਜੂ' ਦੀ ਨਾਇਕਾ ਜ਼ੀਨਤ ਅਮਾਨ ਤੇ ਪੋਸਟਰ ਅਤੇ ਪਹਿਲੀ ਫਿਲਮ 'ਅਫਸਾਨਾ' ਦਾ ਪੋਸਟਰ।

# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 S. Graham Road, Greenwood, IN 46143

# ਮਹਾਨ ਗੁਰਮਤਿ ਸਮਾਗਮ

## 19 ਮਈ ਤੋਂ 21 ਮਈ 2017 ਤੱਕ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਿਖੇ ਤਿੰਨ ਰੋਜ਼ਾ ਮਹਾਨ ਗੁਰਮਤਿ ਸਮਾਗਮ 19 ਮਈ ਤੋਂ 21 ਮਈ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।



## ਪ੍ਰੋਗਰਾਮ ਦਾ ਵੇਰਵਾ

**19 ਮਈ 2017 (ਸ਼ੁੱਕਰਵਾਰ)**
ਸ਼ਾਮ 5 ਤੋਂ ਰਾਤ 9 ਵਜੇ ਤੱਕ
ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਕਵੀਸ਼ਰ ਦਰਬਾਰ

**20 ਮਈ 2017 (ਸਨਿਚਰਵਾਰ)**
ਸਵੇਰੇ 6 ਵਜੇ ਤੋਂ 9 ਵਜੇ ਤੱਕ
ਆਸਾ ਦੀ ਵਾਰ: ਜਥਾ ਭਾਈ ਬਲਦੇਵ ਸਿੰਘ ਵਡਾਲਾ
ਸ਼ਾਮ 5 ਵਜੇ ਤੋਂ ਰਾਤ 9 ਵਜੇ ਤੱਕ
ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਕਵੀਸ਼ਰ ਦਰਬਾਰ

**21 ਮਈ 2017 (ਐਤਵਾਰ)**
ਸਵੇਰੇ 6 ਵਜੇ ਤੋਂ 9 ਵਜੇ ਤੱਕ
ਆਸਾ ਦੀ ਵਾਰ: ਜਥਾ ਭਾਈ ਨਿਰਮਲ ਸਿੰਘ ਖਾਲਸਾ
ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ
ਕੀਰਤਨ, ਕਥਾ ਵਿਆਖਿਆ, ਕਵੀਸ਼ਰ ਦਰਬਾਰ


**ਪਹੁੰਚ ਰਹੇ ਜਥੇ:**
ਭਾਈ ਨਿਰਮਲ ਸਿੰਘ ਖਾਲਸਾ
ਭਾਈ ਸੁੱਖਾ ਸਿੰਘ ਯੂ.ਕੇ.
ਭਾਈ ਬਲਦੇਵ ਸਿੰਘ ਵਡਾਲਾ
ਭਾਈ ਬਲਜੀਤ ਸਿੰਘ ਕੈਨੇਡਾ
ਭਾਈ ਮਹਿਲ ਸਿੰਘ ਚੰਡੀਗੜ੍ਹ

## ਹੋਰ ਜਾਣਕਾਰੀ ਲਈ ਸੰਪਰਕ ਕਰੋ:

ਭਾਈ ਜਸਦੀਪ ਸਿੰਘ
ਫੋਨ: 317-560-0019

ਭਾਈ ਸਤਨਾਮ ਸਿੰਘ
ਫੋਨ: 317-403-8344

ਭਾਈ ਗੁਰਪ੍ਰੀਤ ਸਿੰਘ
ਫੋਨ: 317-476-4038


LET THE
OBSESSION BEGIN
vivo
IPL
ON WILLOW HD
1-888-554-6754 SLING.COM/CRICKET
WORLD CRICKET
$10 A MONTH
EASY TO USE ON THE GO
sling TELEVISION
Promotional Offers: Available to new customers upon account activation. One per customer and cannot be combined. Must provide email address and credit card. Billing: Monthly Pack - Your credit card will be charged monthly for applicable subscription until you cancel your service. 6 Months Pack - You will be charged once for the 6 months period of your service. After the expiration of your 6 months period, you will be moved to the respective month-to-month service for your 6 months package. Annual Pack: You will be charged once for the 12 month period of your service. After the expiration of your 12 month period, you will be moved to the respective month-to-month service for your annual package. Cancellation: Cancel by calling 1(877) 811-4788. Programming fees are charged monthly in advance and no credits or refunds will be issued for partial or prepaid months after cancellation. Equipment Requirements: Requires Internet-connected compatible device. Compatible devices include: PC or Mac, Roku, iOS 7.0and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional International streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice. Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.